Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
# ਪੰਜਾਬ ਮੇਲ
ਯੂ. ਐੱਸ. ਏ.
Wishes You A Happy New Year
Chief Editor: Gurjatinder Singh Randhawa
Punjab Mail USA

Vol. 19, Issue- 835, 02 to 08 Jan., 2025, Ph: 916-320-9444
E-mail: punjabmailusa@yahoo.com, Web: punjabmailusa.com

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

RE/MAX
Gurjatinder S. Randhawa
REALTOR CA DRE licence # 01490567
916-320-9444

## ਸੁਪਰੀਮ ਕੋਰਟ ਵੱਲੋਂ ਡੱਲੇਵਾਲ ਨੂੰ ਹਸਪਤਾਲ ਤਬਦੀਲ ਕਰਨ ਲਈ ਪੰਜਾਬ ਸਰਕਾਰ ਨੂੰ ਦੋ ਦਿਨਾਂ ਦੀ ਮੋਹਲਤ

**ਨਵੀਂ ਦਿੱਲੀ, (ਪੰਜਾਬ ਮੇਲ)**-ਸੁਪਰੀਮ ਕੋਰਟ ਨੇ ਮਰਨ ਵਰਤ ’ਤੇ ਬੈਠੇ ਕਿਸਾਨ ਆਗੂ ਜਗਜੀਤ ਡੱਲੇਵਾਲ ਨੂੰ ਹਸਪਤਾਲ ਤਬਦੀਲ ਕਰਨ ਸਬੰਧੀ ਅਦਾਲਤੀ ਫ਼ੈਸਲਾ ਲਾਗੂ ਕਰਵਾਉਣ ਲਈ ਪੰਜਾਬ ਸਰਕਾਰ ਨੂੰ ਦੋ ਹੋਰ ਦਿਨਾਂ ਦੀ ਮੋਹਲਤ ਦਿੱਤੀ ਹੈ। ਦੂਜੇ ਪਾਸੇ ਪੰਜਾਬ ਸਰਕਾਰ ਵੱਲੋਂ ਪੇਸ਼ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਅਦਾਲਤ ਨੂੰ ਦੱਸਿਆ ਕਿ ਮਰਨ ਵਰਤ ’ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਮੈਡੀਕਲ ਸਹਾਇਤਾ ਲੈਣ ਲਈ ਤਿਆਰ ਹਨ, ਜੇਕਰ ਕੇਂਦਰ ਸਰਕਾਰ ਉਨ੍ਹਾਂ ਦੀ ਗੱਲਬਾਤ ਕਰਨ ਦੀ ਤਜਵੀਜ਼ ਮੰਨ ਲੈਂਦੀ ਹੈ।

**■ ਕੇਂਦਰ ਵੱਲੋਂ ਗੱਲਬਾਤ ਲਈ ਪੇਸ਼ਕਸ਼ ਮਿਲਣ ’ਤੇ ਡੱਲੇਵਾਲ ਲੈ ਸਕਦੇ ਨੇ ਮੈਡੀਕਲ ਸਹਾਇਤਾ**



ਜਾਣਕਾਰੀ ਮੁਤਾਬਕ ਜਸਟਿਸ ਸੂਰਿਆ ਕਾਂਤ ਤੇ ਜਸਟਿਸ ਸੁਧਾਂਸ਼ੂ ਧੂਲੀਆ ਦੇ ਵਕੇਸ਼ਨ ਬੈਂਚ ਨੇ ਕਿਹਾ, ‘ਸਾਰੇ ਹਾਲਾਤ ਅਤੇ ਕਾਨੂੰਨੀ ਹਿੱਤਾਂ ਦੇ ਮੱਦੇਨਜ਼ਰ ਅਸੀਂ ਅਦਾਲਤ ਵੱਲੋਂ ਜਾਰੀ ਹੁਕਮਾਂ ਨੂੰ ਲਾਗੂ ਕਰਵਾਉਣ ਲਈ ਕੁਝ ਹੋਰ ਸਮਾਂ ਦੇਣ ਦੀ ਗੁਜ਼ਾਰਿਸ਼ ਮਨਜ਼ੂਰ ਕਰਦੇ ਹਾਂ। ਇਹ ਫ਼ੈਸਲਾ ਪੰਜਾਬ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਵੱਲੋਂ ਅਦਾਲਤ ਨੂੰ ਇਹ ਦੱਸਣ ਮਗਰੋਂ ਆਇਆ ਹੈ ਕਿ ਦੋਵਾਂ ਧਿਰਾਂ ਵਿਚ ਗੱਲਬਾਤ ਕਰਨ ਵਾਲਿਆਂ ਵੱਲੋਂ ਧਰਨੇ ਵਾਲੀ ਥਾਂ ਦਾ ਦੌਰਾ ਕੀਤਾ ਗਿਆ ਸੀ ਤੇ ਅਦਾਲਤੀ ਹੁਕਮ ਲਾਗੂ ਕਰਨ ਲਈ 7,000 ਮੁਲਾਜ਼ਮ ਤਾਇਨਾਤ ਕਰ ਕੇ ਯਤਨ ਕੀਤੇ ਗਏ ਸਨ। ਇਸ ਦੌਰਾਨ ਕਿਸਾਨ ਜਥੇਬੰਦੀਆਂ ਵੱਲੋਂ ਸੋਮਵਾਰ ਨੂੰ ਦਿੱਤੇ ਗਏ ‘ਪੰਜਾਬ ਬੰਦ’ ਦੇ ਸੱਦੇ ਕਾਰਨ ਆਵਾਜਾਈ ਬੰਦ ਰਹੀ।

■ ਬਾਕੀ ਖਬਰ ਸਫਾ 27 ’ਤੇ

## ਪਾਕਿਸਤਾਨ ਨੇ ਲਾਹੌਰ ਦੇ ਪੁੰਛ ਹਾਊਸ ’ਚ ਸ਼ਹੀਦ ਭਗਤ ਸਿੰਘ ਗੈਲਰੀ ਸੈਲਾਨੀਆਂ ਲਈ ਖੋਲ੍ਹੀ

**ਲਾਹੌਰ, (ਪੰਜਾਬ ਮੇਲ)**- ਲਹਿੰਦੇ ਪੰਜਾਬ ਸਰਕਾਰ ਨੇ ਇੱਥੇ ਇਤਿਹਾਸਕ ਪੁੰਛ ਹਾਊਸ ਵਿਖੇ ਭਗਤ ਸਿੰਘ ਗੈਲਰੀ ਸੈਲਾਨੀਆਂ ਲਈ ਖੋਲ੍ਹ ਦਿੱਤੀ ਹੈ, ਜਿੱਥੇ ਕਰੀਬ 93 ਸਾਲ ਪਹਿਲਾਂ ਸ਼ਹੀਦ-ਏ-ਆਜ਼ਮ ਆਜ਼ਾਦੀ ਘੁਲਾਟੀਏ ਉਤੇ ਮੁਕੱਦਮਾ ਚਲਾਇਆ ਗਿਆ ਸੀ। ਗੈਲਰੀ ਵਿਚ ਇਤਿਹਾਸਕ ਦਸਤਾਵੇਜ਼ ਰੱਖੇ ਗਏ ਹਨ, ਜਿਨ੍ਹਾਂ ਵਿਚ ਤਸਵੀਰਾਂ, ਪੱਤਰ, ਅਖ਼ਬਾਰ, ਮੁਕੱਦਮੇ ਦੇ ਵੇਰਵੇ ਅਤੇ ਉਨ੍ਹਾਂ ਦੇ ਜੀਵਨ ਤੇ ਆਜ਼ਾਦੀ ਸੰਘਰਸ਼ ਨਾਲ ਸਬੰਧਤ ਹੋਰ ਯਾਦਗਾਰੀ ਲੇਖ ਸ਼ਾਮਲ ਹਨ।

ਪੰਜਾਬ ਹਕੂਮਤ ਦੇ ਮੁੱਖ ਸਕੱਤਰ ਜ਼ਾਹਿਦ ਅਖਤਰ ਜ਼ਮਾਨ ਨੇ ਸੋਮਵਾਰ ਨੂੰ ਗੈਲਰੀ ਦਾ ਉਦਘਾਟਨ ਕੀਤਾ।




**ਲਾਹੌਰ ਸਥਿਤ ਇਤਿਹਾਸਕ ਪੁੰਛ ਹਾਊਸ ਦਾ ਬਾਹਰੀ ਦ੍ਰਿਸ਼।**

ਜ਼ਮਾਨ ਨੇ ਕਿਹਾ, “ਸੈਲਾਨੀਆਂ ਨੂੰ ਇਸ ਸਬੰਧੀ ਪੰਜਾਬ ਸਰਕਾਰ ਦੇ ਉਦਯੋਗ, ਵਣਜ ਅਤੇ ਸੈਰ-ਸਪਾਟਾ ਮਹਿਕਮਿਆਂ ਵਿਚਕਾਰ ਹੋਏ ਇਕਰਾਰਨਾਮੇ ਤਹਿਤ ਗੈਲਰੀ ਤੱਕ ਪਹੁੰਚ ਹਾਸਲ ਹੋਵੇਗੀ। ਉਨ੍ਹਾਂ ਕਿਹਾ ਕਿ ਪੁੰਛ ਹਾਊਸ ਦੀ ਇਤਿਹਾਸਕ ਇਮਾਰਤ ਨੂੰ ਇਸ ਦੇ ਅਸਲ ਰੂਪ ਵਿਚ ਬਹਾਲ ਕਰ ਦਿੱਤਾ ਗਿਆ ਹੈ।

■ ਬਾਕੀ ਖਬਰ ਸਫਾ 27 ’ਤੇ

## ਲੋਕ ਸਭਾ ਚੋਣਾਂ ’ਚ ਵਿਦੇਸ਼ੀ ਭਾਰਤੀ ਵੋਟਰਾਂ ਦਾ ਮਾੜਾ ਪ੍ਰਦਰਸ਼ਨ

**ਨਵੀਂ ਦਿੱਲੀ, (ਪੰਜਾਬ ਮੇਲ)**- ਰਜਿਸਟ੍ਰੇਸ਼ਨ ਵਿਚ ਇੱਕ ਮਹੱਤਵਪੂਰਨ ਵਾਧੇ ਦੇ ਬਾਵਜੂਦ, 2024 ਦੀਆਂ ਲੋਕ ਸਭਾ ਚੋਣਾਂ ਲਈ ਗੈਰ-ਨਿਵਾਸੀ ਭਾਰਤੀਆਂ (ਐੱਨ.ਆਰ.ਆਈਜ਼) ਵਿਚ ਵੋਟਰਾਂ ਦੀ ਗਿਣਤੀ ਬਹੁਤ ਘੱਟ ਰਹੀ। ਭਾਰਤੀ ਚੋਣ ਕਮਿਸ਼ਨ ਦੁਆਰਾ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ, ਕੁੱਲ 1,19,374 ਵਿਦੇਸ਼ੀ ਵੋਟਰਾਂ ਨੇ ਵੋਟ ਪਾਉਣ ਲਈ ਰਜਿਸਟਰ ਕੀਤਾ, ਜੋ ਕਿ 2019 ਦੀਆਂ ਚੋਣਾਂ ਵਿਚ 99,844 ਦੇ ਮੁਕਾਬਲੇ 19,500 ਰਜਿਸਟ੍ਰੇਸ਼ਨਾਂ ਵਿਚ ਵਾਧਾ ਦਰਸਾਉਂਦਾ ਹੈ। ਹਾਲਾਂਕਿ, ਮਤਦਾਨ ਨਿਰਾਸ਼ਾਜਨਕ ਬਣਿਆ ਹੋਇਆ ਹੈ, ਨਾਮਜ਼ਦ ਕੀਤੇ ਗਏ ਲੋਕਾਂ ਦੇ ਸਿਰਫ ਇੱਕ ਛੋਟੇ ਹਿੱਸੇ ਨੇ ਹੀ ਆਪਣੀ ਵੋਟ ਪਾਈ।



ਇਹ ਡਾਟਾ ਰਾਜਾਂ ਵਿਚ ਵੋਟਰਾਂ ਦੀ ਸ਼ਮੂਲੀਅਤ ਵਿਚ ਬਹੁਤ ਜ਼ਿਆਦਾ ਭਿੰਨਤਾਵਾਂ ਨੂੰ ਉਜਾਗਰ ਕਰਦਾ ਹੈ, ਕੁਝ ਰਾਜਾਂ ਵਿਚ ਘੱਟੋ-ਘੱਟ ਭਾਗੀਦਾਰੀ ਦਿਖਾਈ ਜਾਂਦੀ ਹੈ, ਜਦੋਂ ਕਿ ਦੂਜਿਆਂ ਵਿਚ ਥੋੜ੍ਹਾ ਵੱਧ ਮਤਦਾਨ ਹੁੰਦਾ ਹੈ।

ਆਂਧਰਾ ਪ੍ਰਦੇਸ਼ ਵਿਚ, ਕੁੱਲ 7,927 ਵਿਦੇਸ਼ੀ ਵੋਟਰ ਰਜਿਸਟਰਡ ਸਨ, ਜਿਨ੍ਹਾਂ ਵਿਚ ਸਿਰਫ਼ 195 ਵੋਟਰਾਂ ਨੇ ਆਪਣੀ ਵੋਟ ਪਾਈ-154 ਮਰਦ ਅਤੇ 41 ਔਰਤਾਂ। ਇਹ ਸਿਰਫ 2.5 ਫੀਸਦੀ ਵੋਟਿੰਗ ਨੂੰ ਦਰਸਾਉਂਦਾ ਹੈ।

ਦੂਜੇ ਪਾਸੇ ਅਰੁਣਾਚਲ ਪ੍ਰਦੇਸ਼ ਵਿਚ ਕੋਈ ਵਿਦੇਸ਼ੀ ਵੋਟਰ ਨਹੀਂ ਦੇਖਿਆ ਗਿਆ, ਜੋ ਕਿ ਭਾਗੀਦਾਰੀ ਦੀ ਪੂਰੀ ਘਾਟ ਨੂੰ ਦਰਸਾਉਂਦਾ ਹੈ।

## ਮਸਕ ਵੱਲੋਂ ਐੱਚ-1ਬੀ ਵੀਜ਼ਾ ਪ੍ਰੋਗਰਾਮ ’ਤੇ ‘ਵੱਡੇ ਸੁਧਾਰਾਂ’ ਦੀ ਮੰਗ

**ਵਾਸ਼ਿੰਗਟਨ (ਪੰਜਾਬ ਮੇਲ)**- ਐੱਚ-1ਬੀ ਵੀਜ਼ਾ ਪ੍ਰੋਗਰਾਮ ਦੇ ਬਚਾਅ ’ਚ ‘ਕਿਸੇ ਵੀ ਹੱਦ ਤੱਕ ਜਾਣ’ ਦਾ ਸੰਕਲਪ ਲੈਣ ਵਾਲੇ ਟੈਕਨਾਲੋਜੀ ਅਰਬਪਤੀ ਐਲੋਨ ਮਸਕ ਨੇ ਇਸ ਮੁੱਦੇ ’ਤੇ ਆਪਣਾ ਰੁਖ ਨਰਮ ਕਰਦੇ ਹੋਏ ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਅਮਰੀਕਾ ਲਿਆਉਣ ਲਈ ਇਸਤੇਮਾਲ ਕੀਤੀ ਜਾਣ ਵਾਲੀ ਨੁਕਸਦਾਰ ਪ੍ਰਣਾਲੀ ਵਿਚ ਸੁਧਾਰ ਦੀ ਮੰਗ ਕੀਤੀ ਹੈ। ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮਸਕ ਅਤੇ ਭਾਰਤੀ-ਅਮਰੀਕੀ ਤਕਨਾਲੋਜੀ ਉਦਯੋਗਪਤੀ ਵਿਵੇਕ ਰਾਮਾਸਵਾਮੀ ਨੂੰ ਆਪਣੇ ਡਿਪਾਰਟਮੈਂਟ ਆਫ ਗਵਰਨਮੈਂਟ ਐਫੀਸ਼ੈਂਸੀ (DOGE) ਦੀ ਅਗਵਾਈ ਕਰਨ ਲਈ ਚੁਣਿਆ ਹੈ। ਪਿਛਲੇ ਹਫ਼ਤੇ ਮਸਕ ਨੇ ਦਲੀਲ ਦਿੱਤੀ ਸੀ ਕਿ ਸਪੇਸਐਕਸ ਅਤੇ ਟੇਸਲਾ ਵਰਗੀਆਂ ਤਕਨੀਕੀ ਕੰਪਨੀਆਂ ਨੂੰ ਵਿਦੇਸ਼ੀ ਕਰਮਚਾਰੀਆਂ ਦੀ ਲੋੜ ਹੈ।



ਮਸਕ ਨੇ ਪਿਛਲੇ ਹਫਤੇ ਐਕਸ ’ਤੇ ਲਿਖਿਆ ਸੀ, ‘ਮੈਂ ਉਨ੍ਹਾਂ ਬਹੁਤ ਸਾਰੇ ਮਹੱਤਵਪੂਰਨ ਲੋਕਾਂ ਨਾਲ ਅਮਰੀਕਾ ਵਿਚ ਹਾਂ, ਜਿਨ੍ਹਾਂ ਨੇ ਅਮਰੀਕਾ ਨੂੰ ਮਜ਼ਬੂਤ ਬਣਾਉਣ ਵਾਲੀ ਸਪੇਸਐਕਸ, ਟੇਸਲਾ ਅਤੇ ਸੈਂਕੜੇ ਹੋਰ ਕੰਪਨੀਆਂ ਜਾ ਨਿਰਮਾਣ ਕੀਤਾ ਹੈ, ਇਸ ਦਾ ਕਾਰਨ ਐੱਚ-1ਬੀ ਹੈ।’ ਮਸਕ ਨੇ ਇਕ ‘ਐਕਸ’ ਯੂਜ਼ਰ ਦੀ ਪੋਸਟ ਦੇ ਜਵਾਬ ਵਿਚ ਆਪਣੇ ਪਹਿਲੇ ਬਿਆਨ ਨੂੰ ਵਾਪਸ ਲੈ ਲਿਆ, ਜਿਸ ਵਿਚ ਕਿਹਾ ਗਿਆ ਸੀ ਕਿ ਅਮਰੀਕਾ ਨੂੰ ਦੁਨੀਆਂ ਦੀ “ਸਰਬੋਤਮ ਪ੍ਰਤਿਭਾ” ਲਈ ਇੱਕ ਮੰਜ਼ਿਲ ਬਣਨਾ ਚਾਹੀਦਾ ਹੈ, ਪਰ ਦਲੀਲ ਦਿੱਤੀ ਕਿ ਮੌਜੂਦਾ ਐੱਚ-1ਬੀ ਪ੍ਰਣਾਲੀ ਇਸ ਦਾ ਹੱਲ ਨਹੀਂ ਹੈ। ਮਸਕ ਨੇ ਐਤਵਾਰ ਨੂੰ ਐਕਸ ’ਤੇ ਇਕ ਪੋਸਟ ਵਿਚ ਕਿਹਾ, ‘ਇਹ ਘੱਟੋ-ਘੱਟ ਉਜਰਤ ਵਿਚ ਮਹੱਤਵਪੂਰਨ ਵਾਧਾ ਕਰਕੇ ਅਤੇ ਐੱਚ-1ਬੀ ਨੂੰ ਬਣਾਈ ਰੱਖਣ ਲਈ ਸਾਲਾਨਾ ਲਾਗਤ ਜੋੜ ਕੇ ਇਸ ਨੂੰ ਆਸਾਨੀ ਨਾਲ ਠੀਕ ਕੀਤਾ ਜਾ ਸਕਦਾ ਹੈ, ਜਿਸ ਨਾਲ ਘਰੇਲੂ ਪੱਧਰ ਦੀ ਤੁਲਨਾ ’ਚ ਵਿਦੇਸ਼ਾਂ ਵਿਚ ਭਰਤੀ ਕਰਨਾ ਜ਼ਿਆਦਾ ਮਹਿੰਗਾ ਹੋ ਜਾਵੇਗਾ। ਮੈਂ ਇਸ ਗੱਲ ’ਤੇ ਬਹੁਤ ਸਪੱਸ਼ਟ ਹਾਂ ਕਿ ਇਹ

■ ਬਾਕੀ ਖਬਰ ਸਫਾ 27 ’ਤੇ

## ਅਮਰੀਕਾ ’ਚ 4 ਭਾਰਤੀ ਨੌਜਵਾਨ ਕਤਲ ਦੇ ਦੋਸ਼ ’ਚ ਗ੍ਰਿਫਤਾਰ



**ਨਿਊਜਰਸੀ, (ਰਾਜ ਗੋਗਨਾ/ਪੰਜਾਬ ਮੇਲ)**- ਅਮਰੀਕੀ ਸਟੇਟ ਨਿਊਜਰਸੀ ਵਿਚ ਇੱਕ 35 ਸਾਲਾ ਭਾਰਤੀ ਵਿਅਕਤੀ ਦੀ ਮੌਤ ਦੇ ਸਬੰਧ ਵਿਚ ਗ੍ਰੀਨਵੁੱਡ ਇੰਡੀਆਨਾ ਰਾਜ ਦੇ ਰਹਿਣ ਵਾਲੇ 4 ਭਾਰਤੀ ਨੌਜਵਾਨਾਂ ’ਤੇ ਕਤਲ ਦਾ ਦੋਸ਼ ਲਗਾਇਆ ਗਿਆ ਹੈ। 35 ਸਾਲਾ ਕੁਲਦੀਪ ਕੁਮਾਰ ਦੀ ਮੌਤ ਦੇ ਸਬੰਧ ਵਿਚ ਸੌਰਵ ਕੁਮਾਰ (23), ਗੌਰਵ ਸਿੰਘ (27), ਨਿਰਮਲ ਸਿੰਘ (30) ਅਤੇ ਗੁਰਦੀਪ ਸਿੰਘ (22) ’ਤੇ ਕਤਲ ਅਤੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਲੱਗੇ ਹਨ। ਓਸ਼ੀਅਨ

**■ ਭਾਰਤੀ ਵਿਅਕਤੀ ਨੂੰ ਕਤਲ ਕਰਨ ਦੇ ਲੱਗੇ ਦੋਸ਼**

ਕਾਊਂਟੀ, ਨਿਊਜਰਸੀ ਦੇ ਪ੍ਰੌਸੀਕਿਊਟਰ ਅਨੁਸਾਰ ਲੰਘੀ 14 ਦਸੰਬਰ ਨੂੰ ਮੈਨਚੈਸਟਰ ਟਾਊਨਸ਼ਿਪ, ਨਿਊ ਜਰਸੀ ਵਿਚ ਗ੍ਰੀਨਵੁੱਡ ਵਾਈਲਡਲਾਈਫ ਮੈਨੇਜਮੈਂਟ ਖੇਤਰ ’ਚੋਂ ਗਲੀ ਸੜੀ ਹਾਲਤ ਵਿਚ ਇਕ ਵਿਅਕਤੀ ਦੀ ਲਾਸ਼ ਮਿਲਣ ਸਬੰਧੀ ਸੂਚਨਾ ਮਿਲੀ ਸੀ। ਕਾਉਂਟੀ ਦੇ ਮੈਡੀਕਲ ਜਾਂਚਕਰਤਾ ਦੇ ਦਫ਼ਤਰ ਨੇ

■ ਬਾਕੀ ਖਬਰ ਸਫਾ 27 ’ਤੇ

## ਅਮਰੀਕਾ ’ਚ ਬਾਇਡਨ ਪ੍ਰਸ਼ਾਸਨ ਦੇ ਯਤਨਾਂ ਦੇ ਬਾਵਜੂਦ ਬੇਘਰੇ ਲੋਕਾਂ ਦੀ ਗਿਣਤੀ ਵਧੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਬਾਇਡਨ ਪ੍ਰਸ਼ਾਸਨ ਵੱਲੋਂ ਬੇਘਰਿਆਂ ਲਈ ਘਰ ਬਣਾਉਣ ਦੇ ਯਤਨਾਂ ਦੇ ਬਾਵਜੂਦ ਅਮਰੀਕਾ ਵਿਚ ਬੇਘਰੇ ਲੋਕਾਂ ਦੀ ਗਿਣਤੀ ਵਧੀ ਹੈ। 2023 ਦੀ ਤੁਲਨਾ ’ਚ 2024 ਦੌਰਾਨ ਵਧ ਲੋਕ ਨੀਲੇ ਅਸਮਾਨ ਹੇਠਾਂ ਪਾਰਕਾਂ ਵਿਚ ਜਾਂ ਸੜਕਾਂ ਦੇ ਕੰਢਿਆਂ ਉਪਰ ਸੌਣ ਲਈ ਮਜਬੂਰ ਹੋਏ ਹਨ। ਇਹ ਐਲਾਨ ਸੰਘੀ ਅਧਿਕਾਰੀਆਂ ਨੇ ਕੀਤਾ ਹੈ। ਪੂਰੇ ਅਮਰੀਕਾ ਵਿਚ ਜਨਵਰੀ 2024 ਵਿਚ ਇਕ ਰਾਤ ਨੂੰ ਇਕੋ ਵੇਲੇ ਸ਼ਰਨਗਾਹਾਂ, ਪਾਰਕਾਂ ਤੇ ਸੜਕਾਂ ਉਪਰ ਸੌਣ ਵਾਲੇ ਲੋਕਾਂ ਦੀ ਕੀਤੀ ਗਈ ਗਿਣਤੀ ਅਨੁਸਾਰ 7,71,800 ਤੋਂ ਵਧ



ਨਿਊ ਫਿਲਾਡੈਲਫੀਆ, ਓਹਾਈਓ ਵਿਚ ਪੁਲਿਸ ਦੁਆਰਾ ਨਿੱਜੀ ਮਾਲਕੀ ਵਾਲੀ ਜਗ੍ਹਾ ਖਾਲੀ ਕਰਵਾਉਣ ਤੋਂ ਬਾਅਦ ਇਕ ਬੇਘਰਾ ਪਰਿਵਾਰ ਹੋਰ ਕਿਤੇ ਜਾਂਦਾ ਹੋਇਆ।

ਲੋਕ ਬੇਘਰੇ ਸਨ। ਇਹ ਗਿਣਤੀ 2023 ਨਾਲੋਂ 18.1% ਵਧ ਹੈ, ਜਦੋਂ ਬੇਘਰੇ ਲੋਕਾਂ ਦੀ ਗਿਣਤੀ 6,50,000 ਸੀ। 2022 ਵਿਚ ਬੇਘਰੇ ਲੋਕਾਂ ਦੀ ਗਿਣਤੀ 5,80,000 ਸੀ। ਘਰਾਂ ਦੀ ਸਮੱਸਿਆ ਨੂੰ ਖਤਮ ਕਰਨ ਲਈ

■ ਬਾਕੀ ਖਬਰ ਸਫਾ 27 ’ਤੇ

## ਅਦਾਲਤ ਵੱਲੋਂ ਜਿਨਸੀ ਸ਼ੋਸ਼ਣ ਮਾਮਲੇ ’ਚ ਟਰੰਪ ਨੂੰ ਰਾਹਤ ਦੇਣ ਤੋਂ ਇਨਕਾਰ

**ਨਿਊਯਾਰਕ, (ਪੰਜਾਬ ਮੇਲ)**- ਅਮਰੀਕਾ ਦੀ ਇਕ ਅਪੀਲ ਅਦਾਲਤ ਨੇ ਜਿਨਸੀ ਸ਼ੋਸ਼ਣ ਮਾਮਲੇ ਵਿੱਚ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਅਦਾਲਤ ਨੇ ਸੋਮਵਾਰ ਨੂੰ ਟਰੰਪ ਦੀ ਅਪੀਲ ਨੂੰ ਰੱਦ ਕਰ ਦਿੱਤਾ ਅਤੇ ਉਸ ਫੈਸਲੇ ਨੂੰ ਬਰਕਰਾਰ ਰੱਖਿਆ, ਜਿਸ ਵਿਚ ਉਨ੍ਹਾਂ ਨੂੰ ਜਿਨਸੀ ਸ਼ੋਸ਼ਣ ਅਤੇ ਮਾਣਹਾਨੀ ਲਈ ਲੇਖਕ ਈ. ਜੀਨ ਕੈਰੋਲ ਨੂੰ 50 ਲੱਖ ਅਮਰੀਕੀ ਡਾਲਰ ਦਾ ਭੁਗਤਾਨ ਕਰਨ ਦਾ ਹੁਕਮ ਦਿੱਤਾ ਗਿਆ ਸੀ। ਇੱਕ ਜਿਊਰੀ ਨੇ ਪਿਛਲੇ ਸਾਲ ਨੌਂ ਦਿਨਾਂ ਤੱਕ ਚੱਲੇ ਸਿਵਲ ਮੁਕੱਦਮੇ ਤੋਂ ਬਾਅਦ ਟਰੰਪ ਨੂੰ ਦੋਸ਼ੀ ਪਾਏ ਜਾਣ ਤੋਂ ਬਾਅਦ



**■ 50 ਲੱਖ ਡਾਲਰ ਜੁਰਮਾਨੇ ਦਾ ਹੁਕਮ ਰੱਖਿਆ ਬਰਕਰਾਰ**

ਇਹ ਹੁਕਮ ਦਿੱਤਾ ਸੀ। ਟਰੰਪ ਨੇ ਇਸ ਵਿਰੁੱਧ ਅਪੀਲ ਕੀਤੀ ਸੀ ਪਰ ਹੁਣ ਉਨ੍ਹਾਂ ਦੀ ਅਰਜ਼ੀ ਰੱਦ ਕਰ ਦਿੱਤੀ ਗਈ ਹੈ। ਟਰੰਪ ਦੇ ਖਿਲਾਫ ਇਹ ਫੈਸਲਾ ਅਜਿਹੇ ਸਮੇਂ ’ਚ ਆਇਆ ਹੈ, ਜਦੋਂ ਉਹ ਦੂਜੀ ਵਾਰ ਅਮਰੀਕਾ ਦੇ ਰਾਸ਼ਟਰਪਤੀ ਦੇ ਰੂਪ ’ਚ ਸਹੁੰ ਚੁੱਕਣ ਦੀ ਤਿਆਰੀ ਕਰ ਰਹੇ ਹਨ। ਯੂ.ਐੱਸ. ਸਰਕਟ ਅਪੀਲ ਕੋਰਟ ਨੇ ਫੈਸਲੇ ਵਿਚ ਕਾਲਮਨਵੀਸ ਈ. ਜੀਨ ਕੈਰੋਲ ਦੇ ਮਾਣਹਾਨੀ ਅਤੇ ਜਿਨਸੀ ਸ਼ੋਸ਼ਣ ਲਈ ਮੈਨਹਟਨ ਜਿਊਰੀ ਵੱਲੋਂ ਟਰੰਪ ’ਤੇ ਲਗਾਏ ਗਏ 50 ਲੱਖ ਅਮਰੀਕੀ ਡਾਲਰ ਦੇ ਹਰਜਾਨੇ ਨੂੰ ਬਰਕਰਾਰ ਰੱਖਿਆ ਹੈ।

■ ਬਾਕੀ ਖਬਰ ਸਫਾ 27 ’ਤੇ

HAPPY NEW YEAR 2025

ਨਵੇਂ ਵਰ੍ਹੇ 2025 ਦੀਆਂ ਸਮੂਹ ਜਗਤ ਨੂੰ ਲੱਖ-ਲੱਖ ਵਧਾਈਆਂ

ਨਵਾਂ ਵਰ੍ਹਾ ਸਭਨਾਂ ਲਈ ਖੁਸ਼ੀਆਂ, ਖੇੜੇ ਅਤੇ ਖੁਸ਼ਹਾਲੀ ਲੈ ਕੇ ਆਵੇ

RE/MAX

RE/MAX Outstanding Agents Outstanding Results®

DRE Lic. # 01215931 (Broker)

# Gurjatinder S. Randhawa

REALTOR CA DRE licence # 01490567



Gurjatinder S. Randhawa

REALTOR CA DRE licence # 01490567

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa

916-320-9444

web: www.RealtorRandhawa.com

garysingh123@yahoo.com


Wish You A Happy New Year
2025
PUNJAB MAIL USA
TV Channel, Newspaper, Radio
ਦੇਸ਼-ਵਿਦੇਸ਼ 'ਚ ਬੈਠੇ ਪੰਜਾਬ ਮੇਲ ਦੇ ਪਾਠਕਾਂ ਅਤੇ ਦਰਸ਼ਕਾਂ ਨੂੰ
ਨਵੇਂ ਵਰ੍ਹੇ 2025 ਦੀਆਂ ਲੱਖ-ਲੱਖ ਵਧਾਈਆਂ
Punjab Mail USA
ਪੰਜਾਬ ਮੇਲ ਯੂ.ਐੱਸ.ਏ
TV Channel, Newspaper, Radio
All over America, Canada, Australia & Europe
Gold # 2867, Gem # 375, TV Zon # 6888, Glow TV # 1828, Tashan # 131, Real TV etc.
24 Hours 7 Days
For any Information & Advertisement Call at
+1-916-320-9444
E-mail: punjabmailtv@gmail.com
Iphone/Andriod App : Punjab Mail USA
Web: punjabmailusa.com
Facebook Page : Punjab Mail USA
Gurjatinder S. Randhawa
CEO & Chief Editor
Punjab Mail USA TV Channel & Newspaper


2025
Happy New Year
ਨਵੇਂ ਸਾਲ 2025 ਦੀਆਂ ਲੱਖ-ਲੱਖ ਵਧਾਈਆਂ
Mr. & Mrs. Jagdish S. Dhillon
Designed By Punjab Mail USA
THE BARN
Bus. Tel : 661-393-6454,
Fax : 661-399-3625
DHILLON & SONS INC.
35301-7th Standard Rd. Bakersfield, California 93308

# 2025

## HAPPY NEW YEAR

## ਨਵੇਂ ਵਰ੍ਹੇ 2025 ਦੀਆਂ ਸਮੂਹ ਜਗਤ ਨੂੰ ਲੱਖ-ਲੱਖ ਵਧਾਈਆਂ



JASSI SHERGILL



PARAMJIT S. KHAIRA



SAM BATH



PALWINDER SHERGILL

## ਜਸਵਿੰਦਰ ਜੱਸੀ ਸ਼ੇਰਗਿੱਲ, ਪਰਮਜੀਤ ਸਿੰਘ ਖਹਿਰਾ, ਸੈਮ ਬਾਠ, ਪਲਵਿੰਦਰ ਸ਼ੇਰਗਿੱਲ

ਵਾਹਿਗੁਰੂ ਅੱਗੇ ਅਰਦਾਸ ਹੈ ਕਿ ਨਵਾਂ ਵਰ੍ਹਾ ਸਭਨਾਂ ਲਈ ਖੁਸ਼ੀਆਂ, ਖੇੜੇ ਅਤੇ ਖੁਸ਼ਹਾਲੀ ਲੈ ਕੇ ਆਵੇ

Designed By Punjab Mail USA

ਪੰਜਾਬੀ ਭਰਾਵਾਂ ਦਾ ਸੈਕਰਾਮੈਂਟੋ ਵਿਚ ਆਪਣੇ ਟਰੱਕ ਸਟਾਪ

**SAC VALLEY VELLERO**

7891, Stockton Blvd, Sacramento, CA 95823

ਟਰੱਕਾਂ ਵਾਲੇ ਭਰਾਵਾਂ ਲਈ ਹਰ ਸਹੂਲਤਾਂ ਨਾਲ ਲੈਸ ਟਰੱਕ ਸਟਾਪ

**WEST SAC AM PM TRUCK STOP**

4790, West Captial Avenue, West Sacramento, CA 95691






ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਵੱਲੋਂ

# ਸਮੂਹ ਜਗਤ ਨੂੰ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ

## ਧੀਰਾ ਨਿੱਝਰ

(ਖੇਡ ਪ੍ਰੋਮੋਟਰ)

ਵਾਹਿਗੁਰੂ ਅੱਗੇ ਅਰਦਾਸ ਹੈ ਕਿ ਨਵਾਂ ਵਰ੍ਹਾ ਸਭਨਾਂ ਲਈ ਖੁਸ਼ੀਆਂ, ਖੇੜੇ ਅਤੇ ਖੁਸ਼ਹਾਲੀ ਲੈ ਕੇ ਆਵੇ










**Randhir Singh Nijjar**

**Lakhy Singh | Sajjad Anwar**

**CAMP LOGISTICS**

**TRANSPORATATION & BROKERAGE INC**


9365, Miko Circle, Elk Grove, CA 95624

Designed By Punjab Mail USA

# HAPPY NEW YEAR





## ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ



Amolak Singh Gakhal



Iqbal Singh Gakhal



Palwinder Singh Gakhal

Designed By Punjab Mail USA



Gurvinder Singh Gakhal




Paramvir Singh Gakhal



Jaskaran Singh Gakhal



Karamvir Singh Gakhal



Amarvir Singh Gakhal

## ਅਮੋਲਕ ਸਿੰਘ ਗਾਖਲ (ਕਬੱਡੀ ਪ੍ਰੋਮੋਟਰ)

## ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ

A&I Watsonville, CA

GAKHAL GROUP

GB Entertainment

**123, E LEE ROAD WATSONVILLE, CA 95076**

HAPPY NEW YEAR

ਨਵੇਂ ਸਾਲ ਦੀਆਂ ਸਮੂਹ ਜਗਤ ਨੂੰ ਲੱਖ-ਲੱਖ ਵਧਾਈਆਂ

ਵਾਹਿਗੁਰੂ ਅੱਗੇ ਅਰਦਾਸ ਹੈ ਕਿ ਨਵਾਂ ਵਰ੍ਹਾ ਸਭਨਾਂ ਲਈ ਖੁਸ਼ੀਆਂ, ਖੇੜੇ ਅਤੇ ਖੁਸ਼ਹਾਲੀ ਲੈ ਕੇ ਆਵੇ ਅਤੇ ਸਮੂਹ ਜਗਤ ਅੰਦਰ ਅਮਨ, ਸ਼ਾਂਤੀ ਅਤੇ ਸਦਭਾਵਨਾ ਹੋਰ ਮਜ਼ਬੂਤ ਹੋਵੇ।

Designed By Punjab Mail USA





Daljit Singh Basanti & Avtar Singh Basanti

Basanti Brothers, Reno

# ਨਵੇਂ ਸਾਲ ਦੀਆਂ ਸਮੂਹ ਜਗਤ ਨੂੰ ਲੱਖ-ਲੱਖ ਵਧਾਈਆਂ

Happy New Year





ਸੁਖਰਾਜ ਸਿੰਘ ਕੰਗ ਮੁਹੱਬਤਪਾਲ ਸਿੰਘ ਕੈਲੇ

Designed By Punjab Mail USA

ਵਾਹਿਗੁਰੂ ਅੱਗੇ ਅਰਦਾਸ ਹੈ ਕਿ ਨਵਾਂ ਵਰ੍ਹਾ ਸਭਨਾਂ ਲਈ ਖੁਸ਼ੀਆਂ, ਖੇੜੇ ਅਤੇ ਖੁਸ਼ਹਾਲੀ ਲੈ ਕੇ ਆਵੇ ਅਤੇ ਸਮੂਹ ਜਗਤ ਅੰਦਰ ਅਮਨ, ਸ਼ਾਂਤੀ ਅਤੇ ਸਦਭਾਵਨਾ ਹੋਰ ਮਜ਼ਬੂਤ ਹੋਵੇ।



**Mohabatpal Singh Kaile**
President Haryana American Association California



**Sukhwinder Singh**



**Sukhraj Singh Kang**

## ਮੁਹੱਬਤਪਾਲ ਸਿੰਘ ਕੈਲੇ, ਸੁਖਵਿੰਦਰ ਸਿੰਘ, ਸੁਖਰਾਜ ਸਿੰਘ ਕੰਗ

**ਬਿਜ਼ਨਸਮੈਨ ਅਤੇ ਹੋਟਲ ਮਾਲਕ | Gas Station & Hotel Business Owner**

**Marysville, Lincoln, Sacramento.**


2025
HAPPY
NEW YEAR
Designed By Punjab Mail USA
ਨਵੇਂ ਸਾਲ 2025
ਦੀਆਂ ਸਮੂਹ ਜਗਤ ਨੂੰ
ਲੱਖ-ਲੱਖ ਵਧਾਈਆਂ
ਵਾਹਿਗੁਰੂ ਅੱਗੇ ਅਰਦਾਸ ਹੈ ਕਿ ਨਵਾਂ ਵਰ੍ਹਾ ਸਭਨਾਂ
ਲਈ ਖੁਸ਼ੀਆਂ, ਖੇੜੇ ਅਤੇ ਖੁਸ਼ਹਾਲੀ ਲੈ ਕੇ ਆਵੇ
ਪਰਗਟ ਸਿੰਘ ਸੰਧੂ
ਮੇਅਰ, ਗਾਲਟ ਸਿਟੀ
PARGAT SINGH SANDHU
Mayor City of GALT, CALIFORNIA

# ਸਮੂਹ ਜਗਤ ਨੂੰ ਨਵੇਂ ਸਾਲ 2025 ਦੀਆਂ ਲੱਖ-ਲੱਖ ਵਧਾਈਆਂ




## Happy New Year

Designed By Punjab Mail USA

ਵਾਹਿਗੁਰੂ ਅੱਗੇ ਅਰਦਾਸ ਹੈ ਕਿ ਨਵਾਂ ਵਰ੍ਹਾ ਸਭਨਾਂ ਲਈ ਖੁਸ਼ੀਆਂ, ਖੇੜੇ ਅਤੇ ਖੁਸ਼ਹਾਲੀ ਲੈ ਕੇ ਆਵੇ ਅਤੇ ਸਮੂਹ ਜਗਤ ਅੰਦਰ ਅਮਨ, ਸ਼ਾਂਤੀ ਅਤੇ ਸਦਭਾਵਨਾ ਹੋਰ ਮਜ਼ਬੂਤ ਹੋਵੇ।


ਸ. ਪਾਖਰ ਸਿੰਘ ਅਕਾਲੀ


ਸ. ਸੌਦਾਗਰ ਸਿੰਘ ਅਕਾਲੀ


Manhamir Singh Nijjar


ਸ. ਸੁਰਿੰਦਰ ਸਿੰਘ ਨਿੱਝਰ, ਸ. ਅਵਤਾਰ ਸਿੰਘ ਅਕਾਲੀ, ਸ. ਅੰਮ੍ਰਿਤਪਾਲ ਸਿੰਘ ਨਿੱਝਰ

ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ

## ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ

ਟਕਸਾਲੀ ਅਕਾਲੀ ਆਗੂ, ਪਿੰਡ ਭਾਗਸਿੰਘ ਪੁਰਾ, ਫਿਲੌਰ (ਜਲੰਧਰ)


Varinder Singh Nijjar    Jagbir Singh Nijjar

## ਨਿੱਝਰ ਬ੍ਰਦਰਜ਼ ਤੇ ਪਰਿਵਾਰ

ਮਡੇਰਾ, ਫਰਿਜਨੋ, ਕੈਲੀਫੋਰਨੀਆ (ਅਮਰੀਕਾ) ਫੋਨ: 559-479-1804, 1-800-317-2577

TRANSCORP
Hiring Owner Operators & Drivers

ੴ ਸਤਿਗੁਰ ਪ੍ਰਸਾਦਿ
ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹੋ ਕਰੋ ਨਿਵਾਸ

# ਸਮੂਹ ਜਗਤ ਨੂੰ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ

## ਜਸਵੰਤ ਸਿੰਘ ਹੋਠੀ

ਵਾਹਿਗੁਰੂ ਅੱਗੇ ਅਰਦਾਸ ਹੈ ਕਿ ਨਵਾਂ ਵਰ੍ਹਾ ਸਭਨਾਂ ਲਈ ਖੁਸ਼ੀਆਂ, ਖੇੜੇ ਅਤੇ ਖੁਸ਼ਹਾਲੀ ਲੈ ਕੇ ਆਵੇ

ਨਵੇਂ ਸਾਲ ਮੌਕੇ ਅਮਰੀਕਾ ਦੇ ਗੁਰੂ ਘਰਾਂ ਵਿਚ ਧਾਰਮਿਕ ਦੀਵਾਨ ਸਜਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਵਿਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।




Jaswant S. Hothi

Jaswant S. Hothi

ਪ੍ਰਧਾਨ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ

Designed By Punjab Mail USA

ੴ ਸਤਿਗੁਰ ਪ੍ਰਸਾਦਿ

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹੋ ਕਰੋ ਨਿਵਾਸ



# ਨਵੇਂ ਵਰ੍ਹੇ 2025 ਦੀਆਂ ਸਮੂਹ ਜਗਤ ਨੂੰ ਲੱਖ-ਲੱਖ ਵਧਾਈਆਂ

ਵਾਹਿਗੁਰੂ ਅੱਗੇ ਅਰਦਾਸ ਹੈ ਕਿ ਨਵਾਂ ਵਰ੍ਹਾ ਸਭਨਾਂ ਲਈ ਖੁਸ਼ੀਆਂ, ਖੇੜੇ ਅਤੇ ਖੁਸ਼ਹਾਲੀ ਲੈ ਕੇ ਆਵੇ ਅਤੇ ਸਮੂਹ ਜਗਤ ਅੰਦਰ ਅਮਨ, ਸ਼ਾਂਤੀ ਅਤੇ ਸਦਭਾਵਨਾ ਹੋਰ ਮਜ਼ਬੂਤ ਹੋਵੇ।

## ਡਾ. ਪ੍ਰਿਤਪਾਲ ਸਿੰਘ

ਕੋ-ਆਡੀਨੇਟਰ

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ।

## Dr. Pritpal Singh

Co-Oridinator, Amrican Gurdwara Parbandak Committee

ਨਵੇਂ ਸਾਲ ਮੌਕੇ ਅਮਰੀਕਾ ਦੇ ਗੁਰੂ ਘਰਾਂ ਵਿਚ ਧਾਰਮਿਕ ਦੀਵਾਨ ਸਜਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਵਿਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


Designed By Punjab Mail USA

# 2025

## HAPPY NEW YEAR

## ਨਵੇਂ ਵਰ੍ਹੇ 2025 ਦੀਆਂ ਸਮੂਹ ਜਗਤ ਨੂੰ ਲੱਖ-ਲੱਖ ਵਧਾਈਆਂ

**ਵਾਹਿਗੁਰੂ ਅੱਗੇ ਅਰਦਾਸ ਹੈ ਕਿ ਨਵਾਂ ਵਰ੍ਹਾ ਸਭਨਾਂ ਲਈ ਖੁਸ਼ੀਆਂ, ਖੇੜੇ ਅਤੇ ਖੁਸ਼ਹਾਲੀ ਲੈ ਕੇ ਆਵੇ ਅਤੇ ਸਮੂਹ ਜਗਤ ਅੰਦਰ ਅਮਨ, ਸ਼ਾਂਤੀ ਅਤੇ ਸਦਭਾਵਨਾ ਹੋਰ ਮਜ਼ਬੂਤ ਹੋਵੇ।**



Designed By Punjab Mail USA



## ਡਾ. ਮਨਬੀਰ ਸਿੰਘ ਅਤੇ ਪਰਿਵਾਰ

Now Seeing Children and Providing Vaccines

**Dr Manbir Singh**

# Dr. Manbir Singh M.D.

admin@singhmeds.com

733 3rd Street McFarland, CA 93250

## SINGH MEDICAL

**Bakersfield & McFarland**

&

**PARALEGAL RELATED SERVICE**


2025
Happy New Year
Designed By Punjab Mail USA
ਸਮੂਹ ਜਗਤ ਨੂੰ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ
ਸੈਕਰਾਮੈਂਟੋ ਦਾ ਸਭ ਤੋਂ ਵੱਡਾ ਇੰਡੀਅਨ ਰੈਸਟੋਰੈਂਟ
SPICE OF LIFE
PAKISTANI • INDIAN • CHINESE • THAI CUISINE
Lunch Buffet
11AM - 3PM
Dinner Buffet Friday : Sunday
5:30PM - 9:30PM
Business Hours
11AM - 10PM Daily
CLOSED ON TUESDAY
» PAKISTANI
» INDIAN
» AFGHAN
SPICE OF LIFE
ਟਰੱਕਾਂ ਵਾਲੇ ਵੀਰਾਂ ਲਈ ਵਿਸ਼ੇਸ਼ ਪੈਕੇਜ
ਹਰ ਤਰ੍ਹਾਂ ਦੀ ਕੈਟਰਿੰਗ ਕਰਾਉਣ ਲਈ ਸੰਪਰਕ ਕਰੋ
Catering & Parties | Call : 916-261-4892
6640 Valley Hi Dr Sacramento, CA 95823


2025
HAPPY
NEW YEAR
ਨਵੇਂ ਵਰ੍ਹੇ 2025 ਦੀਆਂ ਸਮੂਹ
ਜਗਤ ਨੂੰ ਲੱਖ-ਲੱਖ ਵਧਾਈਆਂ
Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ
ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ
Sacramento
2953 W Capitol Ave.
Sacramento CA 95691
Phone : 916-372-4448
Fax : 916-372-4440
FREMONT
44790 8. Grimmer
Blvd.# 208
Fremont, CA 94538
Phone : 510-657-6444
Fax : 510-657-6445
FRESNO
4491 W. Shaw Ave.
Suit No. 300B
Near Costco
Fresno, CA 93722
Phone : 559-271-5511
Turlock
209-632-3292
Designed By Punjab Mail USA

# 2025

## HAPPY NEW YEAR

## ਨਵੇਂ ਵਰ੍ਹੇ 2025 ਦੀਆਂ ਸਮੂਹ ਜਗਤ ਨੂੰ ਲੱਖ-ਲੱਖ ਵਧਾਈਆਂ

ਵਾਹਿਗੁਰੂ ਅੱਗੇ ਅਰਦਾਸ ਹੈ ਕਿ ਨਵਾਂ ਵਰ੍ਹਾ ਸਭਨਾਂ ਲਈ ਖੁਸ਼ੀਆਂ, ਖੇੜੇ ਅਤੇ ਖੁਸ਼ਹਾਲੀ ਲੈ ਕੇ ਆਵੇ

# Global Allianz

## LAW FIRM LLP

ਕਾਨੂੰਨੀ ਸਲਾਹਾਂ



Atul Kapoor
C.E.O

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

**Asylum & Deportation Defense**



Neat Allen Sawyer
Attorney at law

Designed By Punjab Mail USA

**555 Capitol Mall SUITE 1245, Sacramento, CA 95814**
**Phone:209-808-2136, 209-952-5578, 1-916-806-7042, Fax: 209-476-7188**


2025
Wish You A
Happy New Year
BAGGA JEWELERS®
BJ
SINCE 1996
ਮੈਕਰਾਮੈਂਟੋ ਚ ਸਭ ਤੋਂ ਪੁਰਾਣਾ ਗਹਿਣਿਆਂ ਦਾ ਸਟੋਰ
"Every Piece of Jewelery tells a story"
New Wedding Collecton Available Now
ਸੋਨੇ ਦੇ ਬਿਸਕੁਟ ਹਰ ਸਾਈਜ਼ ਵਿੱਚ ਇਥੇ ਉਪਲਬਧ ਹਨ।
ਇਥੋਂ ਤੁਸੀਂ 22, 23 ਤੇ 24 ਕੈਰਟ ਦੇ ਡਿਜ਼ਾਇਨ ਦਾਰ ਗਹਿਣੇ ਖਰੀਦ ਸਕਦੇ ਹੋ।
ਰਾਸ਼ੀ ਨਗ ਵਾਲੀਆਂ ਚਮਕਦਾਰ ਮੁੰਦਰੀਆਂ ਬੱਗਾ ਜਿਓਲਰਸ ਤੋਂ ਲੈ ਕੇ ਤੁਸੀਂ ਆਪਣੀ ਕਿਸਮਤ ਵੀ ਚਮਕਾ ਸਕਦੇ ਹੋ।
Designed By Punjab Mail USA
• Signature Collections as exclusive as you
• Custom handcrafted jewellery
• Hallmark Certified 22 K Gold Jewellery
• Deals in Gold BUY-Sell-Trade
Call Johny : 916-912-8842
6930, 65th Street, Suite 115, Sacramento, California 95829

ਪੰਜਾਬ ਮੇਲ USA


2025
Happy New Year
HOTHI
FREIGHTLINES
HOTHI
FREIGHTLINES
HOTHI
FREIGHTLINES
Your Job Search Ends With Us!
$2500 salary per week (depending on experience)
Sign On and Referral Bonuses
Contracted Freight and Brand New Equipment
Average salary of our drivers is $10,000/month
Come and Join Our Team!
Class A License
6-Months continuous experience
1 year of driving experience
23 years of age or older
3 years MVR is verified
6 months of reefer experience
No slip seating
Gary Hothi • (408) 332-9355 • Gary@hflfreight.com

# HAPPY NEW YEAR



## ਸਮੂਹ ਜਗਤ ਨੂੰ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ

ਵਾਹਿਗੁਰੂ ਅੱਗੇ ਅਰਦਾਸ ਹੈ ਕਿ ਨਵਾਂ ਵਰ੍ਹਾ ਸਭਨਾਂ ਲਈ ਖੁਸ਼ੀਆਂ, ਖੇੜੇ ਅਤੇ ਖੁਸ਼ਹਾਲੀ ਲੈ ਕੇ ਆਵੇ ਅਤੇ ਸਮੂਹ ਜਗਤ ਅੰਦਰ ਅਮਨ, ਸ਼ਾਂਤੀ ਅਤੇ ਸਦਭਾਵਨਾ ਹੋਰ ਮਜ਼ਬੂਤ ਹੋਵੇ।

Designed By Punjab Mail USA



US



## US Transport Inc.

**Davinder Singh Jhawar**

**916-919-7061**

ਟਰੱਕ ਡਰਾਈਵਰ ਅਤੇ ਆਨਰ ਅਪਰੇਟਰਾਂ ਦੀ ਲੋੜ ਹੈ।

*Hiring safe and experienced owner-operators*

Designed By Punjab Mail USA

**9875 Dino Drive, Elk Grove, CA 95624**

# New Year Sale




EXPO FURNITURE Gallery













7310 Home Leisure Plaza
Sacramento, CA 95823
(916) 392-3233

11415 Folsom Blvd. STE #105
Rancho Cordova, CA 95742
(916) 635-3976

Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਉੱਚ ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਅਮਰੀਕਾ ਆਉਣ ਦੀ ਖੁੱਲ੍ਹ ਹੋਵੇਗੀ : ਡੋਨਾਲਡ ਟਰੰਪ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਨੇ ਉੱਚ ਹੁਨਰਮੰਦ ਵਿਦੇਸ਼ੀ ਕਾਮਿਆਂ ਲਈ ਵੀਜ਼ਾ ਪ੍ਰੋਗਰਾਮ ਦਾ ਸਰਮਥਨ ਕੀਤਾ ਹੈ। ਚੋਣ ਜਿੱਤਣ ਉਪਰੰਤ ਪ੍ਰਵਾਸੀ ਕਾਮਿਆਂ ਦੇ ਮੁੱਦੇ 'ਤੇ ਪਹਿਲੀ ਟਿੱਪਣੀ ਕਰਦਿਆਂ ਟਰੰਪ ਨੇ ਸੰਕੇਤ ਦਿੱਤਾ ਹੈ ਕਿ ਉੱਚ ਹੁਨਰਮੰਦ ਵਿਦੇਸ਼ੀਆਂ ਲਈ ਅਮਰੀਕਾ ਦੇ ਦਰਵਾਜ਼ੇ ਖੁੱਲ੍ਹੇ ਰਹਿਣਗੇ। ਉਨ੍ਹਾਂ ਦੀ ਇਸ ਟਿੱਪਣੀ ਕਾਰਨ ਉਨ੍ਹਾਂ ਦੇ ਸਮਰਥਕ ਵੀ ਦੋ ਹਿੱਸਿਆਂ 'ਚ ਵੰਡੇ ਗਏ ਹਨ। ਟਰੰਪ ਨੇ 'ਦ ਨਿਊਯਾਰਕ ਪੋਸਟ' ਨਾਲ ਗੱਲਬਾਤ ਦੌਰਾਨ ਕਿਹਾ ਕਿ ਉਹ ਐੱਚ-1ਬੀ ਵੀਜ਼ਾ ਵਿਚ ਵਿਸ਼ਵਾਸ ਰੱਖਦੇ ਹਨ। ਉਨ੍ਹਾਂ ਨੇ ਬੀਤੇ ਵਿਚ ਵਿਸ਼ੇਸ਼ ਅਸਾਮੀਆਂ ਭਰਨ ਲਈ ਅਮਰੀਕਾ ਸੱਦੇ ਗਏ ਹਜ਼ਾਰਾਂ ਵਿਦੇਸ਼ੀ ਕਾਮਿਆਂ ਦਾ ਹਵਾਲਾ ਵੀ ਦਿੱਤਾ। ਆਪਣੇ ਪਹਿਲੇ ਕਾਰਜਕਾਲ ਦੌਰਾਨ ਟਰੰਪ ਨੇ ਵੀਜ਼ਾ ਪ੍ਰੋਗਰਾਮ ਦੀ ਆਲੋਚਨਾ ਕਰਦਿਆਂ ਵਿਦੇਸ਼ੀ ਕਾਮਿਆਂ ਨੂੰ ਅਮਰੀਕਾ ਸੱਦਣ ਦੇ ਪ੍ਰੋਗਰਾਮ ਉਪਰ ਰੋਕ ਲਾ ਦਿੱਤੀ ਸੀ ਪਰੰਤੂ 2024 'ਚ ਆਪਣੀ ਚੋਣ ਮੁਹਿੰਮ ਦੌਰਾਨ ਉਨ੍ਹਾਂ ਨੇ ਸੰਕੇਤ ਦਿੱਤਾ ਸੀ ਕਿ ਜਿਨ੍ਹਾਂ ਵਿਦੇਸ਼ੀ ਵਰਕਰਾਂ ਨੇ ਅਮਰੀਕੀ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕੀਤੀ




ਹੈ, ਉਨ੍ਹਾਂ ਨੂੰ ਕਾਨੂੰਨੀ ਦਰਜਾ ਦਿੱਤਾ ਜਾ ਸਕਦਾ ਹੈ। ਟਰੰਪ ਨੇ ਗੱਲਬਾਤ ਦੌਰਾਨ ਕਿਹਾ ਕਿ "ਉਹ ਹਮੇਸ਼ਾ ਵੀਜ਼ਾ ਪ੍ਰੋਗਰਾਮ ਸਮਰਥਕ ਰਹੇ ਹਨ। ਮੇਰੀਆਂ ਤਰਜ਼ੀਹਾਂ ਵਿਚ ਐੱਚ-1ਬੀ ਵੀਜ਼ਾ ਰਿਹਾ ਹੈ, ਮੈਂ ਐੱਚ-1ਬੀ ਵੀਜ਼ੇ ਵਿਚ ਵਿਸ਼ਵਾਸ ਰੱਖਦਾ ਹਾਂ। ਮੈਂ ਇਸ ਨੂੰ ਬਹੁਤ ਵਾਰ ਵਰਤਿਆ ਹੈ। ਇਹ ਬਹੁਤ ਉੱਚ ਦਰਜੇ ਦਾ ਪ੍ਰੋਗਰਾਮ ਹੈ।" ਇਥੇ ਜ਼ਿਕਰਯੋਗ ਹੈ ਕਿ ਉਦਯੋਗਪਤੀ ਏਲਨ ਮਸਕ ਤੇ ਵਿਵੇਕ ਰਾਮਾਸਵਾਮੀ ਜਿਨ੍ਹਾਂ ਨੂੰ ਟਰੰਪ ਨੇ ਨਵੇਂ ਬਣਾਏ ਵਿਭਾਗ "ਡਿਪਾਰਟਮੈਂਟ ਆਫ ਐਫੀਸ਼ੀਐਂਸੀ" ਦੀ ਅਗਵਾਈ ਸੌਂਪੀ ਹੈ, ਨੇ ਵਿਦੇਸ਼ੀ ਕਾਮਿਆਂ ਲਈ ਵੀਜ਼ਾ ਪ੍ਰੋਗਰਾਮ ਦਾ ਸਮਰਥਨ ਕੀਤਾ ਹੈ। ਹੁਣ ਟਰੰਪ ਦੁਆਰਾ ਇਸ ਪ੍ਰੋਗਰਾਮ ਉਪਰ ਕੀਤੀ ਹਾਂ-ਪੱਖੀ ਟਿੱਪਣੀ ਨੇ ਇਸ ਮੁੱਦੇ 'ਤੇ ਨਵੀਂ ਚਰਚਾ ਛੇੜ ਦਿੱਤੀ ਹੈ। ਮਸਕ ਨੇ ਕਿਹਾ ਸੀ "ਮੈਂ ਹੋਰ ਕਈ ਲੋਕਾਂ, ਜਿਨ੍ਹਾਂ ਨੇ ਸਪੇਸ ਐਕਸ, ਟੈਸਲਾ ਤੇ ਹੋਰ ਸੈਂਕੜੇ ਕੰਪਨੀਆਂ ਬਣਾਈਆਂ ਜਿਨ੍ਹਾਂ ਸਦਕਾ ਅਮਰੀਕਾ ਮਜ਼ਬੂਤ ਬਣਿਆ, ਵਾਂਗ ਐੱਚ-1ਬੀ ਵੀਜ਼ੇ ਕਾਰਨ ਹੀ ਅਮਰੀਕਾ ਵਿਚ ਹਾਂ। ਮੈਂ ਇਸ ਮੁੱਦੇ 'ਤੇ ਆਪਣੀ ਗੱਲ ਜ਼ੋਰਦਾਰ ਢੰਗ ਨਾਲ ਰੱਖਾਂਗਾ ਕਿਉਂਕਿ ਸੰਭਾਵੀ ਤੌਰ 'ਤੇ ਤੁਸੀਂ ਇਸ ਪ੍ਰਗਰਾਮ ਨੂੰ ਖਤਮ ਨਹੀਂ ਕਰ ਸਕਦੇ।" ਦੱਖਣੀ ਅਫਰੀਕਾ 'ਚ ਪੈਦਾ ਹੋਏ ਮਸਕ ਆਪਣੀ ਮਾਂ ਸਦਕਾ ਕੈਨੇਡੀਅਨ ਨਾਗਰਿਕਤਾ ਲੈਣ ਉਪਰੰਤ ਅਮਰੀਕਾ 'ਚ ਇਕ ਵਿਦੇਸ਼ੀ ਵਿਦਿਆਰਥੀ ਵਜੋਂ ਆਇਆ ਸੀ ਤੇ ਬਾਅਦ ਵਿਚ ਉਸ ਨੇ ਐੱਚ-1ਬੀ ਵੀਜ਼ੇ ਉਪਰ ਕੰਮ ਕੀਤਾ ਸੀ। ਦੂਸਰੇ ਪਾਸੇ ਇਮੀਗ੍ਰੇਸ਼ਨ ਵਿਰੋਧੀ ਟਰੰਪ ਸਮਰਥਕ ਇਸ ਮੁੱਦੇ 'ਤੇ ਕੋਈ ਸਮਝੌਤਾ ਕਰਨ ਲਈ ਤਿਆਰ ਨਹੀਂ ਹਨ। ਸਾਬਕਾ ਟਰੰਪ ਸਹਾਇਕ ਸਟੀਵ ਬੈਨਨ ਟਰੰਪ ਦੇ ਉਨ੍ਹਾਂ ਵਫਾਦਾਰਾਂ ਵਿਚ ਸ਼ਾਮਲ ਹੋ ਗਏ ਹਨ, ਜੋ ਵਿਦੇਸ਼ੀ ਕਾਮਿਆਂ ਨੂੰ ਅਮਰੀਕਾ ਸੱਦਣ ਦਾ ਵਿਰੋਧ ਕਰ ਰਹੇ ਹਨ। ਇਨ੍ਹਾਂ ਵਿਚ ਸਾਬਕਾ ਸਾਂਸਦ ਮੈਟ ਗੇਟਜ ਤੇ ਸੱਜੇ ਪੱਖੀ ਲੌਰਾ ਲੂਮਰ ਸ਼ਾਮਲ ਹਨ। ਸਟੀਵ ਬੈਨਨ ਨੇ ਐੱਚ-1ਬੀ ਵੀਜ਼ਾ ਪ੍ਰੋਗਰਾਮ ਨੂੰ "ਘੋਟਾਲਾ" ਕਰਾਰ ਦਿੱਤਾ ਹੈ।

## ਦੱਖਣ ਏਸ਼ੀਆਈ ਸੁਨਿਆਰਿਆਂ ਨੂੰ ਲੁੱਟਣ ਦੇ ਮਾਮਲੇ 'ਚ ਇਕ ਲੁਟੇਰੇ ਨੂੰ 19 ਸਾਲ ਕੈਦ ਦੀ ਸਜ਼ਾ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਕਈ ਰਾਜਾਂ ਵਿਚ ਦੱਖਣ ਏਸ਼ੀਆਈ ਸੁਨਿਆਰਿਆਂ ਦੇ ਸਟੋਰਾਂ ਵਿਚ ਕੀਤੀਆਂ ਗਈਆਂ ਹਥਿਆਰਬੰਦ ਲੁੱਟਾਂ-ਖੋਹਾਂ ਦੇ ਮਾਮਲੇ ਵਿਚ ਵਾਸ਼ਿੰਗਟਨ ਡੀ.ਸੀ. ਦੇ ਵਸਨੀਕ ਵਿਲੀਅਮ ਹੰਟਰ (28) ਨੂੰ 19 ਸਾਲ ਸੰਘੀ ਜੇਲ੍ਹ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਇਹ ਲੁੱਟਾਂ-ਖੋਹਾਂ ਡੇਢ ਸਾਲ ਦੇ ਸਮੇਂ ਦੌਰਾਨ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿਚ ਲੁਟੇਰੇ ਸੁਨਿਆਰਿਆਂ ਨੂੰ ਡਰਾ-ਧਮਕਾ ਕੇ ਲੱਖਾਂ ਡਾਲਰਾਂ ਦਾ ਸੋਨਾ ਤੇ ਨਕਦੀ ਲੈ ਗਏ ਸਨ। "ਇਲ ਵਿਲ" ਦੇ ਨਾਂ ਨਾਲ ਜਾਣੇ ਜਾਂਦੇ ਹੰਟਰ ਨੇ ਸਤੰਬਰ 2024 'ਚ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਯੂ.ਐੱਸ. ਡਿਸਟ੍ਰਿਕਟ ਕੋਰਟ ਜੱਜ ਕ੍ਰਿਸਟੋਫਰ ਆਰ ਕੂਪਰ ਨੇ ਸਜ਼ਾ ਕੱਟਣ ਉਪਰੰਤ ਉਸ ਉਪਰ 4 ਸਾਲ ਨਿਗਰਾਨੀ ਰੱਖਣ ਦਾ ਆਦੇਸ਼ ਵੀ ਦਿੱਤਾ। ਵਕੀਲਾਂ ਅਨੁਸਾਰ ਹੰਟਰ 15 ਮੈਂਬਰਾਂ ਵਾਲੇ ਗਿਰੋਹ ਦਾ ਹਿੱਸਾ ਹੈ, ਜਿਸ ਗਿਰੋਹ ਦੀ ਅਗਵਾਈ 'ਤਾਲਿਬਾਨ ਗਲਿਜ਼ੀ" ਦੇ ਨਾਂ ਨਾਲ ਜਾਣੇ ਜਾਂਦੇ ਇਕ ਰੈਪਰ ਟਰੇਵੋਰ ਰਾਈਟ ਦੇ ਹੱਥ ਵਿਚ ਹੈ। ਇਸ ਗਿਰੋਹ ਨੇ ਬਹੁਤ ਹੀ ਯੋਜਨਾਬੱਧ ਢੰਗ ਨਾਲ ਵਰਜੀਨੀਆ, ਨਿਊ ਜਰਸੀ ਤੇ ਪੈਨਸਿਲਵਾਨੀਆ ਵਿਚ ਲੁੱਟਾਂ-ਖੋਹਾਂ ਕੀਤੀਆਂ।

## ਐੱਚ-1ਬੀ ਵੀਜ਼ਾ ਅਤੇ ਗ੍ਰੀਨ ਕਾਰਡ ਪ੍ਰਕਿਰਿਆ ਵਿਚ ਸੁਧਾਰ ਦੀ ਮੰਗ: ਅਮਰੀਕੀ ਪ੍ਰਤੀਨਿਧੀ ਸ੍ਰੀ ਥਾਣੇਦਾਰ ਵੱਲੋਂ ਨਵਾਂ ਬਿੱਲ ਪੇਸ਼

**ਵਾਸ਼ਿੰਗਟਨ, (ਪੰਜਾਬ ਮੇਲ)**- ਮਿਸ਼ੀਗਨ ਦੇ 13ਵੇਂ ਕਾਂਗਰੇਸ਼ਨਲ ਡਿਸਟ੍ਰਿਕਟ ਤੋਂ ਇੱਕ ਡੈਮੋਕਰੇਟ, ਪ੍ਰਤੀਨਿਧੀ ਸ਼੍ਰੀ ਥਾਣੇਦਾਰ, ਐੱਚ-1ਬੀ ਵੀਜ਼ਾ ਅਤੇ ਗ੍ਰੀਨ ਕਾਰਡ ਪ੍ਰਣਾਲੀਆਂ ਵਿਚ ਤਬਦੀਲੀਆਂ ਦੀ ਮੰਗ ਕਰ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਅਮਰੀਕਾ ਵਿਚ ਨਵੀਨਤਾ ਅਤੇ ਆਰਥਿਕ ਵਿਕਾਸ ਲਈ ਮਹੱਤਵਪੂਰਨ ਹਨ।

ਥਾਣੇਦਾਰ ਨੇ ਐਕਸ 'ਤੇ ਇੱਕ ਪੋਸਟ ਵਿਚ ਲਿਖਿਆ, "ਇੱਕ ਪ੍ਰਵਾਸੀ ਹੋਣ ਦੇ ਨਾਤੇ, ਐੱਚ-1ਬੀ ਮੁੱਦਾ ਮੇਰੇ ਲਈ ਨਿੱਜੀ ਹੈ। ਨਵੀਨਤਾ ਅਤੇ ਖੋਜ ਵਿਚ ਆਗੂ, ਕਾਨੂੰਨੀ, ਹੁਨਰ-ਆਧਾਰਿਤ ਇਮੀਗ੍ਰੇਸ਼ਨ ਵਿਚ ਸੁਧਾਰ ਆਰਥਿਕਤਾ ਨੂੰ ਵਧਾਏਗਾ ਅਤੇ ਅਮਰੀਕੀਆਂ ਲਈ ਹੋਰ ਨੌਕਰੀਆਂ ਪੈਦਾ ਕਰੇਗਾ।"

ਥਾਣੇਦਾਰ ਦੇ ਵਿਚਾਰ ਦੂਜੇ ਇਮੀਗ੍ਰੇਸ਼ਨ ਪੱਖੀ ਵਕੀਲਾਂ ਨਾਲ ਮੇਲ ਖਾਂਦੇ ਹਨ, ਜੋ ਹੁਨਰਮੰਦ ਕਾਮਿਆਂ ਲਈ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਸੁਧਾਰ ਕਰਨਾ ਚਾਹੁੰਦੇ ਹਨ। ਇੱਕ ਪ੍ਰਮੁੱਖ ਸੁਝਾਅ ਕਿਸੇ ਵਿਅਕਤੀ ਦੇ ਗ੍ਰਹਿ ਦੇਸ਼ ਦੇ ਆਧਾਰ 'ਤੇ ਗ੍ਰੀਨ ਕਾਰਡਾਂ ਦੀਆਂ ਸੀਮਾਵਾਂ ਨੂੰ ਹਟਾਉਣਾ ਹੈ। ਐੱਚ-1ਬੀ ਪ੍ਰੋਗਰਾਮ, ਜੋ ਕਿ ਅਮਰੀਕੀ ਕੰਪਨੀਆਂ ਨੂੰ ਟੈਕਨਾਲੋਜੀ ਅਤੇ ਇੰਜੀਨੀਅਰਿੰਗ ਵਰਗੇ ਖੇਤਰਾਂ ਵਿਚ ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਦਿੰਦਾ ਹੈ, ਇਨ੍ਹਾਂ ਚਰਚਾਵਾਂ ਵਿਚ ਇੱਕ ਗਰਮ ਵਿਸ਼ਾ ਰਿਹਾ ਹੈ।

ਚੇਨਈ ਦੇ ਇੱਕ ਇੰਜੀਨੀਅਰ ਸ਼੍ਰੀਰਾਮ ਕ੍ਰਿਸ਼ਨਨ ਨੂੰ ਵ੍ਹਾਈਟ ਹਾਊਸ ਵਿਚ ਆਰਟੀਫਿਸ਼ੀਅਲ ਇੰਟੈਲੀਜੈਂਸ ਲਈ ਸੀਨੀਅਰ ਨੀਤੀ ਸਲਾਹਕਾਰ ਵਜੋਂ ਨਿਯੁਕਤ ਕੀਤੇ ਜਾਣ ਤੋਂ ਬਾਅਦ ਬਹਿਸ ਹੋਰ ਗਰਮ ਹੋ ਗਈ। ਕ੍ਰਿਸ਼ਣਨ ਸਰਵੋਤਮ ਗਲੋਬਲ ਪ੍ਰਤਿਭਾ ਨੂੰ ਆਕਰਸ਼ਿਤ ਕਰਨ ਲਈ ਗ੍ਰੀਨ ਕਾਰਡਾਂ 'ਤੇ ਦੇਸ਼ ਦੀਆਂ ਕੈਪਾਂ ਨੂੰ ਹਟਾਉਣ ਦਾ ਸਮਰਥਨ ਕਰਦਾ ਹੈ। ਇਸ ਵਿਚਾਰ ਨੂੰ ਐਲੋਨ ਮਸਕ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਰਗੇ ਲੋਕਾਂ ਦਾ ਸਮਰਥਨ ਹੈ ਪਰ ਕੁਝ ਇਮੀਗ੍ਰੇਸ਼ਨ ਵਿਰੋਧੀ ਸਮੂਹਾਂ ਦੁਆਰਾ ਵਿਰੋਧ ਕੀਤਾ ਗਿਆ ਹੈ। ਇਸ ਬਿੱਲ ਦਾ ਉਦੇਸ਼ ਐੱਚ-1ਬੀ ਵੀਜ਼ਾ ਪ੍ਰਕਿਰਿਆ ਵਿਚ ਵੱਡੀਆਂ ਤਬਦੀਲੀਆਂ ਕਰਨਾ ਹੈ, ਜਿਸ ਵਿਚ ਵਾਧਾ ਕਰਨਾ ਵੀ ਸ਼ਾਮਲ ਹੈ। ਹਰ ਸਾਲ ਉਪਲਬਧ ਵੀਜ਼ਿਆਂ ਦੀ ਗਿਣਤੀ ਅਤੇ ਅਰਜ਼ੀ ਪ੍ਰਕਿਰਿਆ ਨੂੰ ਸਰਲ ਬਣਾਉਣਾ, ਖਾਸ ਕਰਕੇ STEM ਗ੍ਰੈਜੂਏਟਾਂ ਲਈ।

# ਟਰੰਪ ਦੇ ਸੱਤਾ ਸੰਭਾਲਣ ਤੋਂ ਪਹਿਲਾਂ ਅਮਰੀਕਾ ਵਿਰੁੱਧ ਸਭ ਤੋਂ ਸਖ਼ਤ ਨੀਤੀ ਲਾਗੂ ਕਰਨਗੇ ਕਿਮ

**ਸਿਓਲ, (ਪੰਜਾਬ ਮੇਲ)**- ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਕਿਹਾ ਹੈ ਕਿ ਉਹ ਡੋਨਾਲਡ ਟਰੰਪ ਦੇ ਅਮਰੀਕੀ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਤੋਂ ਇੱਕ ਮਹੀਨਾ ਪਹਿਲਾਂ ਅਮਰੀਕਾ ਵਿਰੁੱਧ 'ਸਭ ਤੋਂ ਸਖ਼ਤ' ਨੀਤੀ ਨੂੰ ਲਾਗੂ ਕਰਨਗੇ। ਦੇਸ਼ ਦੇ ਸਰਕਾਰੀ ਮੀਡੀਆ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ।

ਟਰੰਪ ਦੀ ਵ੍ਹਾਈਟ ਹਾਊਸ ਵਿਚ ਵਾਪਸੀ ਨਾਲ ਉੱਤਰੀ ਕੋਰੀਆ ਨਾਲ ਉੱਚ ਪੱਧਰੀ ਕੂਟਨੀਤੀ ਦੀ ਸੰਭਾਵਨਾ ਵਧ ਗਈ ਹੈ। ਆਪਣੇ ਪਹਿਲੇ ਕਾਰਜਕਾਲ ਦੌਰਾਨ ਟਰੰਪ ਨੇ ਉੱਤਰੀ ਕੋਰੀਆ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਚਰਚਾ ਕਰਨ ਲਈ ਕਿਮ ਨਾਲ ਤਿੰਨ ਵਾਰ ਮੁਲਾਕਾਤ ਕੀਤੀ। ਹਾਲਾਂਕਿ ਕਈ ਮਾਹਰਾਂ ਦਾ ਕਹਿਣਾ ਹੈ ਕਿ ਕਿਮ-ਟਰੰਪ ਸਿਖਰ





ਵਾਰਤਾ ਜਲਦੀ ਸ਼ੁਰੂ ਹੋਣ ਦੀ ਸੰਭਾਵਨਾ ਨਹੀਂ ਹੈ ਕਿਉਂਕਿ ਟਰੰਪ ਸਭ ਤੋਂ ਪਹਿਲਾਂ ਯੂਕਰੇਨ ਅਤੇ ਪੱਛਮੀ ਏਸ਼ੀਆ 'ਚ ਚੱਲ ਰਹੇ ਸੰਘਰਸ਼ 'ਤੇ ਧਿਆਨ ਕੇਂਦਰਿਤ ਕਰਨਗੇ। ਮਾਹਰਾਂ ਦਾ ਕਹਿਣਾ ਹੈ ਕਿ ਯੂਕਰੇਨ ਵਿਰੁੱਧ ਰੂਸ ਦੀ ਲੜਾਈ ਲਈ ਉੱਤਰੀ ਕੋਰੀਆ ਦਾ ਸਮਰਥਨ ਵੀ ਕੂਟਨੀਤੀ ਨੂੰ ਮੁੜ ਸੁਰਜੀਤ ਕਰਨ ਦੀਆਂ ਕੋਸ਼ਿਸ਼ਾਂ ਲਈ ਇੱਕ ਚੁਣੌਤੀ ਹੈ।

ਸੱਤਾਧਾਰੀ ਵਰਕਰਜ਼ ਪਾਰਟੀ ਦੇ ਪੰਜ ਦਿਨ ਦੇ ਪਲੇਨਮ ਦੇ ਦੌਰਾਨ, ਜੋ ਕਿ ਸ਼ੁੱਕਰਵਾਰ ਨੂੰ ਖਤਮ ਹੋਇਆ, ਕਿਮ ਨੇ ਅਮਰੀਕਾ ਨੂੰ 'ਸਭ ਤੋਂ ਵੱਧ ਪ੍ਰਤੀਕਿਰਿਆਸ਼ੀਲ ਦੇਸ਼ ਕਿਹਾ ਜੋ ਕਮਿਊਨਿਜ਼ਮ ਵਿਰੋਧੀ ਨੂੰ ਆਪਣੀ ਅਟੱਲ ਦੇਸ਼ ਨੀਤੀ ਦੇ ਰੂਪ ਵਿਚ ਸਮਝਦਾ ਹੈ।' ਕਿਮ ਨੇ ਕਿਹਾ, "ਇਹ ਅਸਲੀਅਤ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ ਕਿ ਸਾਨੂੰ ਕੀ ਕਰਨਾ ਹੈ। ਸਾਨੂੰ ਕਿਸ ਦਿਸ਼ਾ ਵਿਚ ਅੱਗੇ ਵਧਣਾ ਚਾਹੀਦਾ ਹੈ ਅਤੇ ਸਾਨੂੰ ਕੀ ਅਤੇ ਕਿਵੇਂ ਕਰਨਾ ਚਾਹੀਦਾ ਹੈ।"

ਇਸ ਵਿਚ ਕਿਹਾ ਗਿਆ ਹੈ ਕਿ ਕਿਮ ਦੇ ਭਾਸ਼ਣ ਨੇ ਉੱਤਰੀ ਕੋਰੀਆ ਦੀ "ਅਮਰੀਕਾ ਵਿਰੁੱਧ ਸਖ਼ਤ ਜਵਾਬੀ ਕਦਮਾਂ ਦੀ ਰਣਨੀਤੀ ਨੂੰ ਸਪੱਸ਼ਟ ਕਰ ਦਿੱਤਾ ਹੈ, ਜੋ ਕਿ ਇਸਦੇ ਲੰਬੇ ਸਮੇਂ ਦੇ ਰਾਸ਼ਟਰੀ ਹਿੱਤਾਂ ਅਤੇ ਸੁਰੱਖਿਆ ਲਈ ਹਮਲਾਵਰ ਢੰਗ ਨਾਲ ਸ਼ੁਰੂ ਕੀਤਾ ਜਾਵੇਗਾ।"

# ਸਾਬਕਾ ਅਮਰੀਕੀ ਰਾਸ਼ਟਰਪਤੀ ਜਿੰਮੀ ਕਾਰਟਰ ਦਾ 100 ਸਾਲ ਦੀ ਉਮਰ 'ਚ ਦਿਹਾਂਤ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ 39ਵੇਂ ਰਾਸ਼ਟਰਪਤੀ ਜਿੰਮੀ ਕਾਰਟਰ ਦਾ ਐਤਵਾਰ ਨੂੰ 100 ਸਾਲ ਦੀ ਉਮਰ 'ਚ ਦਿਹਾਂਤ ਹੋ ਗਿਆ। ਕਾਰਟਰ ਦਾ ਜਨਮ 1 ਅਕਤੂਬਰ, 1924 ਨੂੰ ਜਾਰਜੀਆ ਰਾਜ ਵਿਚ ਇਕ ਕਿਸਾਨ ਪਰਿਵਾਰ ਵਿਚ ਹੋਇਆ ਸੀ ਅਤੇ ਉਨ੍ਹਾਂ 1977 ਤੋਂ 1981 ਤੱਕ ਰਾਸ਼ਟਰਪਤੀ ਵਜੋਂ ਸੇਵਾ ਨਿਭਾਈ ਸੀ। ਉਹ ਅਮਰੀਕੀ ਇਤਿਹਾਸ ਪ੍ਰਤੀ ਆਪਣੀ ਸਰਲ ਅਤੇ ਮਨੁੱਖੀ ਪਹੁੰਚ ਲਈ ਜਾਣੇ ਜਾਂਦੇ ਹਨ। ਕਾਰਟਰ, ਜੋ ਕਿ ਲੰਬੇ ਸਮੇਂ ਤੋਂ ਬਿਮਾਰ ਸਨ, ਦੀ ਮੌਤ ਦੀ ਪੁਸ਼ਟੀ ਉਨ੍ਹਾਂ ਦੇ ਪੁੱਤਰ ਦੁਆਰਾ ਕੀਤੀ ਗਈ ਸੀ, ਹਾਲਾਂਕਿ ਤੁਰੰਤ ਕਾਰਨ ਦਾ ਖੁਲਾਸਾ ਨਹੀਂ ਕੀਤਾ ਗਿਆ ਸੀ।

ਫਰਵਰੀ 2023 ਵਿਚ ਕਾਰਟਰ ਸੈਂਟਰ ਨੇ ਐਲਾਨ ਕੀਤਾ ਸੀ ਕਿ ਉਹ ਹਮਲਾਵਰ ਚਮੜੀ ਦੇ ਕੈਂਸਰ (ਮੇਲਾਨੋਮਾ) ਤੋਂ ਪੀੜਤ ਸਨ, ਜਿਸਦਾ ਟਿਊਮਰ ਉਨ੍ਹਾਂ ਦੇ ਜਿਗਰ ਅਤੇ ਦਿਮਾਗ ਵਿਚ ਫੈਲ ਗਿਆ ਸੀ। ਇਸ ਦੇ



ਬਾਵਜੂਦ ਉਨ੍ਹਾਂ ਆਪਣੇ ਜੀਵਨ ਦੇ ਆਖਰੀ ਸਾਲਾਂ ਵਿਚ ਪਰਿਵਾਰ ਅਤੇ ਦੋਸਤਾਂ ਨਾਲ ਸਮਾਂ ਬਿਤਾਉਣ ਨੂੰ ਤਰਜੀਹ ਦਿੱਤੀ। ਉਨ੍ਹਾਂ ਦੀ ਆਖਰੀ ਤਸਵੀਰ 1 ਅਕਤੂਬਰ ਨੂੰ ਉਨ੍ਹਾਂ ਦੇ 100ਵੇਂ ਜਨਮ ਦਿਨ 'ਤੇ ਲਈ ਗਈ ਸੀ।

1977 ਵਿਚ ਜਿੰਮੀ ਕਾਰਟਰ ਫੋਰਡ ਨੂੰ ਹਰਾ ਕੇ ਰਾਸ਼ਟਰਪਤੀ ਬਣੇ। ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਕਈ ਇਤਿਹਾਸਕ ਕਾਰਵਾਈਆਂ ਕੀਤੀਆਂ, ਜਿਨ੍ਹਾਂ ਉਨ੍ਹਾਂ ਪ੍ਰਮੁੱਖ ਇੱਕ 1978 ਦਾ ਕੈਂਪ ਡੇਵਿਡ ਸਮਝੌਤਾ ਸੀ। ਇਸ ਸਮਝੌਤੇ ਵਿਚ ਉਨ੍ਹਾਂ ਇਜ਼ਰਾਈਲ ਅਤੇ ਮਿਸਰ ਦਰਮਿਆਨ ਸ਼ਾਂਤੀ ਵਾਰਤਾ ਵਿਚ ਵਿਚੋਲਗੀ ਕੀਤੀ ਸੀ, ਜਿਸ ਨੂੰ ਮੱਧ ਪੂਰਬ ਵਿਚ ਸ਼ਾਂਤੀ ਸਥਾਪਤ ਕਰਨ ਦੀ ਦਿਸ਼ਾ ਵਿਚ ਇਕ ਇਤਿਹਾਸਕ ਕਦਮ ਮੰਨਿਆ ਜਾਂਦਾ ਹੈ। ਕਾਰਟਰ ਨੇ ਅਮਰੀਕਾ ਅਤੇ ਮੱਧ ਪੂਰਬ ਦੇ ਸਬੰਧਾਂ ਨੂੰ ਨਵੀਂ ਦਿਸ਼ਾ ਦਿੱਤੀ। ਊਰਜਾ ਸੰਕਟ ਦੌਰਾਨ ਉਨ੍ਹਾਂ ਨੇ ਊਰਜਾ ਦੀ ਸੰਭਾਲ ਅਤੇ ਬਦਲਵੇਂ ਸਰੋਤਾਂ 'ਤੇ ਜ਼ੋਰ ਦਿੱਤਾ। ਹਾਲਾਂਕਿ, ਉਨ੍ਹਾਂ ਦੇ ਕਾਰਜਕਾਲ ਦੇ ਆਖਰੀ ਸਾਲਾਂ ਵਿਚ ਈਰਾਨ ਬੰਧਕ ਸੰਕਟ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ।

ਰਾਸ਼ਟਰਪਤੀ ਅਹੁਦਾ ਛੱਡਣ ਤੋਂ ਬਾਅਦ ਜਿੰਮੀ ਕਾਰਟਰ ਨੇ ਆਪਣਾ ਜੀਵਨ ਸ਼ਾਂਤੀ ਅਤੇ ਮਨੁੱਖੀ ਅਧਿਕਾਰਾਂ ਨੂੰ ਸਮਰਪਿਤ ਕਰ ਦਿੱਤਾ। ਉਨ੍ਹਾਂ ਅੰਤਰਰਾਸ਼ਟਰੀ ਲੋਕਤੰਤਰ, ਸ਼ਾਂਤੀ ਅਤੇ ਵਿਕਾਸ ਲਈ 'ਕਾਰਟਰ ਸੈਂਟਰ' ਦੀ ਸਥਾਪਨਾ ਕੀਤੀ। ਇਸ ਦੇ ਤਹਿਤ ਉਨ੍ਹਾਂ ਕਈ ਦੇਸ਼ਾਂ ਵਿਚ ਚੋਣ ਨਿਗਰਾਨੀ ਅਤੇ ਮਾਨਵਤਾਵਾਦੀ ਸਹਾਇਤਾ ਪ੍ਰਦਾਨ ਕੀਤੀ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit Saini
Ishu Hallan
Vijay
Surbhi Sharma
Sanjeev Khanna

**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪ੍ਰਵਾਸੀ ਪੰਜਾਬੀ, ਪੰਜਾਬ ਸੂਬੇ ਨਾਲ ਸਬੰਧਤ ਆਪਣੇ ਕਿਸੇ ਵੀ ਮਾਮਲੇ ਸਬੰਧੀ ਆਨਲਾਈਨ ਕਰ ਸਕਦੇ ਨੇ ਸ਼ਿਕਾਇਤ

**ਚੰਡੀਗੜ੍ਹ, (ਪੰਜਾਬ ਮੇਲ)-** ਐੱਨ.ਆਰ.ਆਈ. ਪੰਜਾਬੀਆਂ ਦੇ ਮਸਲੇ ਆਨਲਾਈਨ ਢੰਗ ਨਾਲ ਹੱਲ ਕਰਨ ਵਾਲਾ ਪੰਜਾਬ ਪਹਿਲਾ ਸੂਬਾ ਬਣ ਗਿਆ ਹੈ। ਕੋਈ ਵੀ ਪ੍ਰਵਾਸੀ ਪੰਜਾਬੀ, ਪੰਜਾਬ ਸੂਬੇ ਨਾਲ ਸਬੰਧਤ ਆਪਣੇ ਕਿਸੇ ਵੀ ਮਾਮਲੇ ਸਬੰਧੀ ਆਨਲਾਈਨ ਸ਼ਿਕਾਇਤ ਕਰ ਸਕਦੇ ਹਨ। ਇਸ ਨਵੀਂ ਸਹੂਲਤ ਦੀ ਸ਼ੁਰੂਆਤ ਦਸੰਬਰ (2024) ਮਹੀਨੇ 'ਚ ਹੋ ਚੁੱਕੀ ਹੈ। ਪੰਜਾਬ ਸਰਕਾਰ ਨੇ ਸੱਤਾ ਸੰਭਾਲਣ ਤੋਂ ਬਾਅਦ ਪ੍ਰਵਾਸੀ ਪੰਜਾਬੀਆਂ ਦੇ ਮਸਲਿਆਂ ਤੇ ਸ਼ਿਕਾਇਤਾਂ ਦਾ ਛੇਤੀ ਤੇ ਠੋਸ ਨਿਪਟਾਰਾ ਕਰਨ ਦੇ ਲਗਾਤਾਰ ਉਪਰਾਲੇ ਕੀਤੇ ਹਨ।

ਪੰਜਾਬ ਸਰਕਾਰ ਨੇ ਸਾਲ 2024 ਦੌਰਾਨ ਪ੍ਰਵਾਸੀ ਪੰਜਾਬੀਆਂ ਦੇ ਮਸਲੇ ਤਰਜੀਹੀ ਆਧਾਰ 'ਤੇ ਹੱਲ ਕੀਤੇ ਹਨ। ਸੂਬਾ ਸਰਕਾਰ ਨੇ ਫ਼ਰਵਰੀ 2024 ਦੌਰਾਨ ਚਾਰ



'ਐੱਨ.ਆਰ.ਆਈ. ਮਿਲਣੀ' ਸਮਾਗਮ ਕਰਵਾਏ ਹਨ, ਜਿਸ ਦੌਰਾਨ ਵੱਡੀ ਗਿਣਤੀ 'ਚ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਗਿਆ।

ਪੰਜਾਬ ਦੇ ਐੱਨ.ਆਰ.ਆਈ. ਵਿਭਾਗ ਵੱਲੋਂ ਸ਼ੁਰੂ ਕੀਤੀ 'ਆਨਲਾਈਨ ਐੱਨ.ਆਰ.ਆਈ. ਮਿਲਣੀ' ਨਾਮਕ ਵਿਲੱਖਣ ਸੁਵਿਧਾ ਤਹਿਤ ਵੱਖ-ਵੱਖ ਦੇਸ਼ਾਂ 'ਚ ਰਹਿ ਰਹੇ ਪੰਜਾਬੀ ਆਪਣੇ ਵੱਖੋ-ਵਖਰੇ ਮਸਲੇ/ਸ਼ਿਕਾਇਤਾਂ ਸਿੱਧੀਆਂ ਵਿਭਾਗ ਦੇ ਮੰਤਰੀ ਅਤੇ ਸੀਨੀਅਰ ਅਧਿਕਾਰੀਆਂ ਅਤੇ ਐੱਨ.ਆਰ.ਆਈ. ਵਿੰਗ ਦੇ ਸੀਨੀਅਰ ਪੁਲਿਸ ਅਧਿਕਾਰੀਆਂ ਦੇ ਧਿਆਨ 'ਚ ਲਿਆ ਸਕਦੇ ਹਨ।

ਆਨਲਾਈਨ ਮਿਲਣੀ 'ਚ ਵਿਭਾਗ ਦੇ ਮੰਤਰੀ ਅਤੇ ਐੱਨ.ਆਰ.ਆਈ. ਵਿਭਾਗ, ਪੰਜਾਬ ਦੇ ਸੀਨੀਅਰ ਅਧਿਕਾਰੀ ਅਤੇ ਐੱਨ.ਆਰ.ਆਈ. ਵਿੰਗ ਦੇ ਸੀਨੀਅਰ ਪੁਲਿਸ ਅਧਿਕਾਰੀ ਸ਼ਾਮਲ ਹੁੰਦੇ ਹਨ ਅਤੇ ਪ੍ਰਾਪਤ ਸ਼ਿਕਾਇਤ ਦਾ ਇੱਕ-ਇੱਕ ਕਰਕੇ ਮੌਕੇ 'ਤੇ ਹੀ ਨਿਪਟਾਰਾ ਕਰਨ ਦਾ ਯਤਨ ਕਰਦੇ ਹਨ।

ਹਰ ਮਹੀਨੇ ਦੇ ਪਹਿਲੇ ਹਫਤੇ ਹੋਣ ਵਾਲੀ ਇਸ 'ਆਨਲਾਈਨ ਐੱਨ.ਆਰ.ਆਈ. ਮਿਲਣੀ' ਦੌਰਾਨ ਜ਼ਿਆਦਾਤਰ ਸ਼ਿਕਾਇਤਾਂ ਮਾਲ ਅਤੇ ਪੁਲਿਸ ਵਿਭਾਗ ਨਾਲ ਸਬੰਧਤ ਆ ਰਹੀਆਂ ਹਨ, ਜਦਕਿ 20 ਫੀਸਦੀ ਸ਼ਿਕਾਇਤਾਂ ਪਹਿਲਾਂ ਹੀ ਵੱਖ-ਵੱਖ ਅਦਾਲਤਾਂ ਵਿਚ ਸੁਣਵਾਈ ਅਧੀਨ ਹਨ। ਜੋ ਆਨਲਾਈਨ ਸ਼ਿਕਾਇਤਾਂ ਜ਼ਿਲ੍ਹਿਆਂ ਨਾਲ ਸਬੰਧਤ ਹੁੰਦੀਆਂ ਹਨ, ਸਬੰਧੀ ਸਬੰਧਤ ਜ਼ਿਲ੍ਹੇ ਦੇ ਸਿਵਲ ਤੇ ਪੁਲਿਸ ਅਧਿਕਾਰੀਆਂ ਨੂੰ ਫੋਨ ਰਾਹੀਂ ਆਦੇਸ਼ ਦਿੱਤੇ ਜਾਂਦੇ ਹਨ।

ਪੰਜਾਬ ਸਰਕਾਰ ਵੱਲੋਂ ਸਮੂਹ ਜ਼ਿਲ੍ਹਿਆਂ ਦੇ ਡੀ.ਸੀਜ ਅਤੇ ਐੱਸ.ਐੱਸ.ਪੀਜ ਨੂੰ ਪ੍ਰਵਾਸੀਆਂ ਪੰਜਾਬੀਆਂ ਦੀਆਂ ਸ਼ਿਕਾਇਤਾਂ ਨੂੰ ਪਹਿਲ ਅਧਾਰ 'ਤੇ ਹੱਲ ਕਰਨ ਲਈ ਕਿਹਾ ਗਿਆ ਹੈ। ਜ਼ਿਲ੍ਹਾ ਪੱਧਰ 'ਤੇ ਡਿਪਟੀ ਕਮਿਸ਼ਨਰਾਂ ਦੀ ਅਗਵਾਈ ਵਿਚ ਵੱਖ-ਵੱਖ ਸ਼ਿਕਾਇਤਾਂ ਦਾ ਸਬੰਧਤ ਵਿਭਾਗਾਂ ਨਾਲ ਤਾਲਮੇਲ ਕਰਕੇ ਪ੍ਰਵਾਸੀਆਂ ਦੇ ਮਸਲੇ ਹੱਲ ਕਰਨ ਦੇ ਆਦੇਸ਼ ਦਿੱਤੇ ਗਏ ਹਨ।


## ਮੈਟਰੀਮੋਨੀਅਲ

ਜੱਟ ਸਿੱਖ, ਗਿੱਲ ਪਰਿਵਾਰ ਨੂੰ ਆਪਣੇ 24 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨੀਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'-10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। ਪਰਿਵਾਰਕ ਅਤੇ ਯੂ.ਐੱਸ.ਏ. ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ

ਫੋਨ : 604-763-7068 ਜਾਂ ਈ-ਮੇਲ ਕਰੋ : GILLCO1977@GMAIL.COM


# ਯੂ.ਐੱਸ. ਭਾਰਤ ਦੇ ਮਿਸ਼ਨ ਨੇ 2024 ਵਿਚ ਨਵੇਂ ਰਿਕਾਰਡ ਬਣਾਏ

**ਵਾਸ਼ਿੰਗਟਨ, (ਪੰਜਾਬ ਮੇਲ)-** ਯੂ.ਐੱਸ. ਭਾਰਤ ਦੇ ਮਿਸ਼ਨ ਨੇ 2024 ਵਿਚ ਇੱਕ ਨਵਾਂ ਮਾਪਦੰਡ ਸਥਾਪਤ ਕੀਤਾ ਹੈ, ਲਗਾਤਾਰ ਦੂਜੇ ਸਾਲ 10 ਲੱਖ ਤੋਂ ਵੱਧ ਗੈਰ-ਪ੍ਰਵਾਸੀ ਵੀਜ਼ੇ ਜਾਰੀ ਕੀਤੇ ਹਨ, ਜੋ ਦੋਵਾਂ ਦੇਸ਼ਾਂ ਵਿਚਕਾਰ ਯਾਤਰਾ, ਸਿੱਖਿਆ ਅਤੇ ਵਪਾਰਕ ਅਦਾਨ-ਪ੍ਰਦਾਨ ਵਿਚ ਵਾਧਾ ਕਰਕੇ ਚਲਾਇਆ ਗਿਆ ਹੈ।

ਮਿਸ਼ਨ ਨੇ ਇੱਕ ਬਿਆਨ ਵਿਚ ਕਿਹਾ ਕਿ 2024 ਦੇ ਪਹਿਲੇ 11 ਮਹੀਨਿਆਂ ਵਿਚ 20 ਲੱਖ ਤੋਂ ਵੱਧ ਭਾਰਤੀਆਂ ਨੇ ਸੰਯੁਕਤ ਰਾਜ ਦਾ ਦੌਰਾ ਕੀਤਾ, ਜੋ ਕਿ 2023 ਦੀ ਇਸੇ ਮਿਆਦ ਦੇ ਮੁਕਾਬਲੇ 26 ਪ੍ਰਤੀਸ਼ਤ ਵੱਧ ਹੈ। ਪਿਛਲੇ ਚਾਰ ਸਾਲਾਂ ਵਿਚ, ਭਾਰਤ ਤੋਂ ਸੈਲਾਨੀਆਂ ਦੀ ਗਿਣਤੀ ਵਿਚ ਪੰਜ ਗੁਣਾ ਵਾਧਾ ਹੋਇਆ ਹੈ ਅਤੇ 50 ਲੱਖ ਤੋਂ ਵੱਧ ਭਾਰਤੀ ਹੁਣ ਗੈਰ-ਪ੍ਰਵਾਸੀ ਵੀਜ਼ੇ ਰੱਖਦੇ ਹਨ, ਹਜ਼ਾਰਾਂ ਹੋਰ ਰੋਜ਼ਾਨਾ ਜਾਰੀ ਕੀਤੇ ਜਾ ਰਹੇ ਹਨ।

ਇਸ ਤੋਂ ਇਲਾਵਾ, ਹਜ਼ਾਰਾਂ ਪ੍ਰਵਾਸੀ ਵੀਜ਼ੇ ਜਾਰੀ ਕੀਤੇ ਗਏ ਸਨ, ਜੋ ਪਰਿਵਾਰਕ ਪੁਨਰ ਏਕੀਕਰਨ ਅਤੇ ਹੁਨਰਮੰਦ ਪੇਸ਼ੇਵਰ ਮਾਈਗ੍ਰੇਸ਼ਨ ਦਾ ਸਮਰਥਨ ਕਰਦੇ ਸਨ। ਭਾਰਤੀ ਵਿਦਿਆਰਥੀਆਂ ਨੇ ਵੀ 2024 ਵਿਚ ਇਤਿਹਾਸ ਰਚਿਆ, ਕਿਉਂਕਿ ਭਾਰਤ 331,000 ਤੋਂ ਵੱਧ ਦਾਖਲਾ ਲੈ ਕੇ ਅਮਰੀਕਾ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸਿਖਰ ਭੇਜਣ ਵਾਲਾ ਬਣਿਆ। ਗ੍ਰੈਜੂਏਟ ਵਿਦਿਆਰਥੀਆਂ ਦੀ ਗਿਣਤੀ 19 ਪ੍ਰਤੀਸ਼ਤ ਵਧੀ, ਲਗਭਗ 200,000 ਤੱਕ ਪਹੁੰਚ ਗਈ।

ਮਿਸ਼ਨ ਨੇ ਇੰਟਰਵਿਊ-ਮੁਆਫੀ ਦੀ ਯੋਗਤਾ ਦਾ ਵਿਸਤਾਰ ਕਰਕੇ ਅਤੇ ਵਿਅਕਤੀਗਤ ਇੰਟਰਵਿਊਆਂ ਲਈ ਉਡੀਕ ਸਮੇਂ ਨੂੰ ਘਟਾਉਣ ਲਈ ਸਰੋਤਾਂ ਨੂੰ ਰੀਡਾਇਰੈਕਟ ਕਰਕੇ ਹਜ਼ਾਰਾਂ ਵੀਜ਼ਾ ਨਵੀਨੀਕਰਨ ਨੂੰ ਤੇਜ਼ ਕੀਤਾ। 2024 ਵਿਚ, ਯੂ.ਐੱਸ. ਵਿਦੇਸ਼ ਵਿਭਾਗ ਨੇ ਐੱਚ-1ਬੀ ਵੀਜ਼ਾ ਨਵਿਆਉਣ ਲਈ ਇੱਕ ਪਾਇਲਟ ਪ੍ਰੋਗਰਾਮ ਵੀ ਪੇਸ਼ ਕੀਤਾ, ਜਿਸ ਨਾਲ ਵਿਸ਼ੇਸ਼ ਕਿੱਤੇ ਵਾਲੇ ਕਾਮਿਆਂ ਨੂੰ ਨਵਿਆਉਣ ਲਈ ਵਿਦੇਸ਼ ਜਾਣ ਦੀ ਜ਼ਰੂਰਤ ਨੂੰ ਖਤਮ ਕੀਤਾ ਗਿਆ।

# ਅਮਰੀਕਾ ਤੋਂ ਡਿਪੋਰਟ ਕੀਤੇ ਪ੍ਰਵਾਸੀਆਂ ਨੂੰ ਭੇਜਿਆ ਜਾਵੇਗਾ ਗੁਆਟੇਮਾਲਾ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਤੋਂ ਡਿਪੋਰਟ ਕੀਤੇ ਜਾ ਰਹੇ ਮੱਧ ਅਮਰੀਕੀ ਦੇਸ਼ਾਂ ਦੇ ਪ੍ਰਵਾਸੀਆਂ ਨੂੰ ਗੁਆਟੇਮਾਲਾ ਡਿਪੋਰਟ ਕੀਤਾ ਜਾਵੇਗਾ। ਗੁਆਟੇਮਾਲਾ ਨੇ ਇਸ ਲਈ ਆਪਣੀ ਸਹਿਮਤੀ ਦੇ ਦਿੱਤੀ ਹੈ। ਇਹ ਦਾਅਵਾ ਤਿੰਨ ਸੂਤਰਾਂ ਦੇ ਹਵਾਲੇ ਨਾਲ ਇੱਕ ਰਿਪੋਰਟ ਵਿਚ ਕੀਤਾ ਗਿਆ ਹੈ। ਟਰੰਪ ਸਰਕਾਰ ਦੀ ਸਮੂਹਿਕ ਦੇਸ਼ ਨਿਕਾਲੇ ਦੀ ਯੋਜਨਾ ਲਈ ਇਸ ਨੂੰ ਵੱਡਾ ਵਿਕਾਸ ਮੰਨਿਆ ਜਾ ਰਿਹਾ ਹੈ।

ਗੁਆਟੇਮਾਲਾ ਕਿਹਾ ਕਿ ਅਸੀਂ (ਟਰੰਪ ਸਰਕਾਰ ਦੀ) ਪ੍ਰਵਾਸੀ ਬੰਦੋਬਸਤ ਯੋਜਨਾ ਦਾ ਹਿੱਸਾ ਬਣਨਾ ਚਾਹੁੰਦੇ ਹਾਂ। ਇਸ ਦੇ ਲਈ ਖੇਤਰੀ ਆਧਾਰ 'ਤੇ ਜਵਾਬੀ ਯੋਜਨਾ ਤਿਆਰ ਕੀਤੀ ਜਾ ਰਹੀ ਹੈ। ਗੁਆਟੇਮਾਲਾ ਦੇ ਇਸ ਕਦਮ ਨੂੰ ਆਉਣ ਵਾਲੀ ਟਰੰਪ ਸਰਕਾਰ ਨਾਲ ਸਬੰਧਾਂ ਨੂੰ ਮਜ਼ਬੂਤ ਕਰਨ ਦਾ ਸੰਕੇਤ ਮੰਨਿਆ ਜਾ ਰਿਹਾ ਹੈ।

ਅਮਰੀਕਾ ਨਿਕਾਰਾਗੁਆ, ਵੈਨੇਜ਼ੁਏਲਾ ਅਤੇ ਹੈਤੀ ਤੋਂ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੀ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ। ਇਹ ਟਰੰਪ ਲਈ ਚੁਣੌਤੀ ਬਣ ਸਕਦੇ ਹਨ, ਜਿਨ੍ਹਾਂ ਨੇ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੀ ਸਹੁੰ ਖਾਧੀ ਹੈ।

- ਟਰੰਪ ਦੇ ਮਿਸ਼ਨ ਡਿਪੋਰਟ ਨੂੰ ਮਿਲੀ ਕਾਮਯਾਬੀ
- ਮੱਧ ਅਮਰੀਕੀ ਦੇਸ਼ ਗੁਆਟੇਮਾਲਾ ਅਮਰੀਕਾ ਤੋਂ ਡਿਪੋਰਟ ਕੀਤੇ ਗਏ ਪ੍ਰਵਾਸੀਆਂ ਨੂੰ ਦੇਵੇਗਾ ਜਗ੍ਹਾ

ਟਰੰਪ ਦੀ ਟੀਮ ਨੇ ਕਈ ਦੇਸ਼ਾਂ ਦੀਆਂ ਸਰਕਾਰਾਂ ਨਾਲ ਸੰਪਰਕ ਕੀਤਾ ਹੈ, ਤਾਂ ਜੋ ਡਿਪੋਰਟ ਕੀਤੇ ਗਏ ਲੋਕਾਂ ਨੂੰ ਉੱਥੇ ਭੇਜਿਆ ਜਾ ਸਕੇ। ਮੈਕਸੀਕੋ ਅਤੇ ਬਹਾਮਾਸ ਵਰਗੇ ਕਈ ਗੁਆਂਢੀ ਦੇਸ਼ਾਂ ਨੇ ਕਿਹਾ ਹੈ ਕਿ ਉਹ ਤੀਜੇ ਦੇਸ਼ਾਂ ਤੋਂ ਡਿਪੋਰਟ ਕੀਤੇ ਗਏ ਲੋਕਾਂ ਨੂੰ ਨਹੀਂ ਰਹਿਣਗੇ।

ਯੂ.ਐੱਸ. ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ ਦੀ ਰਿਪੋਰਟ ਅਨੁਸਾਰ, 2022 ਵਿਚ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ 40% ਤੋਂ ਵੱਧ ਪ੍ਰਵਾਸੀ ਮੈਕਸੀਕੋ ਤੋਂ ਆਏ ਸਨ। ਉਨ੍ਹਾਂ ਦੀ ਕੁੱਲ ਗਿਣਤੀ 4.8 ਮਿਲੀਅਨ ਤੋਂ 11 ਮਿਲੀਅਨ ਦੇ ਵਿਚਕਾਰ ਹੈ। ਮੈਕਸੀਕੋ ਤੋਂ ਬਾਅਦ ਗੁਆਟੇਮਾਲਾ, ਅਲ ਸਲਵਾਡੋਰ ਅਤੇ ਹੋਂਡੂਰਸ ਦਾ ਨੰਬਰ ਆਉਂਦਾ ਹੈ, ਜਿਨ੍ਹਾਂ ਦੇ ਕੁੱਲ ਗੈਰ-ਕਾਨੂੰਨੀ ਪ੍ਰਵਾਸੀ ਲਗਭਗ 20 ਫੀਸਦੀ ਸਨ।

ਗੁਆਟੇਮਾਲਾ, ਆਪਣੇ ਗੁਆਂਢੀ ਅਲ ਸਲਵਾਡੋਰ ਅਤੇ ਹੋਂਡੂਰਸ ਦੇ ਉਲਟ, ਟਰੰਪ ਦੇ ਦੂਜੇ ਕਾਰਜਕਾਲ ਨੂੰ ਲੈ ਕੇ ਵਿਸ਼ੇਸ਼ ਤੌਰ 'ਤੇ ਸਰਗਰਮ ਜਾਪਦਾ ਹੈ। ਉਨ੍ਹਾਂ ਨੇ ਸਮੂਹਿਕ ਦੇਸ਼ ਨਿਕਾਲੇ, ਸਰਹੱਦੀ ਸੁਰੱਖਿਆ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਚੀਨ 'ਤੇ ਟੀਮ ਟਰੰਪ ਦੇ ਸੀਨੀਅਰ ਮੈਂਬਰਾਂ ਨਾਲ ਵੀ ਗੱਲ ਕੀਤੀ ਹੈ।

ਇਨ੍ਹਾਂ ਤਿੰਨਾਂ ਦੇਸ਼ਾਂ ਦੇ ਅਮਰੀਕਾ ਨਾਲ ਕੜਵਾਹਟ ਵਾਲੇ ਸਬੰਧ ਹਨ। ਇਨ੍ਹਾਂ ਦੇ ਨਿਕਾਰਾਗੁਆ ਦੀ ਸਰਕਾਰ ਨਾਲ ਸਭ ਤੋਂ ਵੱਧ ਦੁਸ਼ਮਣੀ ਵਾਲੇ ਸਬੰਧ ਹਨ। ਉਨ੍ਹਾਂ ਨੂੰ ਆਉਣ ਵਾਲੀ ਟਰੰਪ ਸਰਕਾਰ ਵਿਚ ਦੋਹਰਾ ਝਟਕਾ ਲੱਗ ਸਕਦਾ ਹੈ। ਇਕ ਪਾਸੇ ਉਨ੍ਹਾਂ ਦੇ ਨਾਗਰਿਕਾਂ ਨੂੰ ਡਿਪੋਰਟ ਕੀਤਾ ਜਾ ਸਕਦਾ ਹੈ, ਦੂਜੇ ਪਾਸੇ ਉਨ੍ਹਾਂ ਨੂੰ ਅਮਰੀਕਾ 'ਚ ਰਹਿ ਰਹੇ ਪ੍ਰਵਾਸੀਆਂ ਦੇ ਪੈਸੇ ਭੇਜਣ 'ਚ ਕਟੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਗੁਆਟੇਮਾਲਾ ਅਤੇ ਅਮਰੀਕੀ ਅਧਿਕਾਰੀਆਂ ਵਿਚਕਾਰ ਮੀਟਿੰਗਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਰਾਸ਼ਟਰਪਤੀ ਬਰਨਾਰਡ ਅਰੇਵਾਲੋ ਹੁਣ ਟਰੰਪ ਸਰਕਾਰ ਨਾਲ ਆਪਣੇ ਸਬੰਧਾਂ ਵਿਚ ਨਵੀਂ ਸ਼ੁਰੂਆਤ ਕਰਨਾ ਚਾਹੁੰਦੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਬਾਇਡਨ ਸਰਕਾਰ ਦੇ ਅਧੀਨ ਹੁਣ ਤੱਕ ਡਿਪੋਰਟ ਕੀਤੇ ਗਏ ਨਾਗਰਿਕਾਂ ਨੂੰ ਲੈ ਕੇ 14 ਜਹਾਜ਼ ਗੁਆਟੇਮਾਲਾ ਪਹੁੰਚ ਚੁੱਕੇ ਹਨ। ਆਉਣ ਵਾਲੇ ਸਮੇਂ ਵਿਚ ਇਨ੍ਹਾਂ ਦੀ ਗਿਣਤੀ ਹੋਰ ਵਧ ਸਕਦੀ ਹੈ। ਗੁਆਟੇਮਾਲਾ ਆਪਣੇ ਫਾਇਦੇ ਲਈ ਇਨ੍ਹਾਂ ਜਲਾਵਤਨੀਆਂ ਦੀ ਵਰਤੋਂ ਕਰਨ ਦੀ ਯੋਜਨਾ ਬਣਾ ਰਿਹਾ ਹੈ। ਇਸਨੇ ਅਮਰੀਕਾ ਵਿਚ ਤਜ਼ਰਬਾ ਰੱਖਣ ਵਾਲੇ ਨਾਗਰਿਕਾਂ ਦੀ ਮਦਦ ਨਾਲ ਆਪਣੇ ਨਿੱਜੀ ਖੇਤਰ ਵਿਚ ਸੁਧਾਰ ਕਰਨ ਦੀ ਯੋਜਨਾ ਬਣਾਈ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਨਰਾਇਣ ਸਿੰਘ ਚੌੜਾ ਨੂੰ ਪੰਥ 'ਚੋਂ ਛੇਕਣ ਸੰਬੰਧੀ ਮਤਾ ਰੱਦ



**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਅੰਤ੍ਰਿੰਗ ਕਮੇਟੀ ਨੇ ਬੀਤੇ 9 ਦਸੰਬਰ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੇ ਉਸ ਮਤੇ ਨੂੰ ਵੀ ਰੱਦ ਕਰ ਦਿੱਤਾ ਹੈ, ਜਿਸ ਵਿਚ ਸ. ਨਰਾਇਣ ਸਿੰਘ ਚੌੜਾ ਨੂੰ ਪੰਥ ਵਿਚੋਂ ਛੇਕਣ ਦੀ ਮੰਗ ਕੀਤੀ ਗਈ ਸੀ। ਇਸ ਦੇ ਨਾਲ ਹੀ ਇਕ ਮਤਾ ਪਾਸ ਕਰਕੇ 19 ਦਸੰਬਰ ਦੀ ਅੰਤ੍ਰਿੰਗ ਕਮੇਟੀ ਇਕੱਤਰਤਾ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਬੰਧੀ ਬਣਾਈ ਗਈ ਜਾਂਚ ਕਮੇਟੀ ਦੀ ਮਿਆਦ ਵਿਚ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਚੋਣਾਂ ਦੇ ਮੱਦੇਨਜ਼ਰ ਫਿਲਹਾਲ ਇਕ ਮਹੀਨੇ ਦਾ ਵਾਧਾ ਕੀਤਾ ਗਿਆ ਹੈ। ਇਸ ਮਤੇ ਰਾਹੀਂ ਇਹ ਵਚਨਬੱਧਤਾ ਵੀ ਪ੍ਰਗਟਾਈ ਗਈ ਹੈ ਕਿ ਇਸ ਮਾਮਲੇ ਦੀ ਜਾਂਚ ਬਿਲਕੁਲ ਨਿਰਪੱਖ ਹੋਵੇਗੀ। ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਚਲਾਣੇ 'ਤੇ ਵੀ ਸ਼ੋਕ ਮਤਾ ਪਾਸ ਕੀਤਾ ਗਿਆ ਅਤੇ ਮੂਲਮੰਤਰ ਤੇ ਗੁਰਮੰਤਰ ਦੇ ਜਾਪ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ।

ਇਸ ਤੋਂ ਇਲਾਵਾ ਬੀਤੇ ਦਿਨੀਂ ਯੂ.ਪੀ. ਅੰਦਰ ਪੰਜਾਬ ਦੇ ਤਿੰਨ ਨੌਜੁਆਨਾਂ ਨੂੰ ਮੁਕਾਬਲਾ ਬਣਾ ਕੇ ਮਾਰਨ ਦੀ ਕਰੜੀ ਨਿੰਦਾ ਕਰਦਿਆਂ ਇਸ ਸਾਰੇ ਮਾਮਲੇ ਦੀ ਨਿਆਂਇਕ ਜਾਂਚ ਮੰਗੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਹੋਈ ਇਸ ਇਕੱਤਰਤਾ ਦੌਰਾਨ ਯੂ.ਪੀ. 'ਚ ਪੁਲਿਸ ਮੁਕਾਬਲੇ ਸਬੰਧੀ ਇਕ ਮਤਾ ਪਾਸ ਕਰਦਿਆਂ ਇਸ 'ਤੇ ਕਰੜੇ ਸਵਾਲ ਚੁੱਕੇ ਹਨ। ਮਤੇ ਵਿਚ ਕਿਹਾ ਗਿਆ ਕਿ ਇਹ ਬੇਹੱਦ ਸੰਜੀਦਾ ਮਾਮਲਾ ਹੈ ਅਤੇ ਬਹੁਤ ਛੋਟੀ ਉਮਰ ਦੇ ਪੰਜਾਬ ਦੇ ਨੌਜੁਆਨਾਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਉਣ ਵਰਗੀ ਹਰਕਤ ਜਾਪਦੀ ਹੈ। ਇਸ ਦੀ ਨਿਆਂਇਕ ਜਾਂਚ ਕੀਤੀ ਜਾਣੀ ਚਾਹੀਦੀ ਹੈ, ਜਿਸ ਵਾਸਤੇ ਅੰਤ੍ਰਿੰਗ ਕਮੇਟੀ ਪੁਰਜ਼ੋਰ ਮੰਗ ਕਰਦੀ ਹੈ।

# ਹਵਾਈ ਮਹਿਕਮੇ ਨੇ ਲਾਗੂ ਕੀਤੇ ਸਮਾਨ ਦੇ ਨਵੇਂ ਨਿਯਮ

**ਨਵੀਂ ਦਿੱਲੀ, (ਪੰਜਾਬ ਮੇਲ)-** ਜੇਕਰ ਤੁਸੀਂ ਹਵਾਈ ਯਾਤਰਾ ਕਰਨ ਦੀ ਯੋਜਨਾ ਬਣਾ ਰਹੇ ਹੋ, ਤਾਂ ਹਵਾਈ ਅੱਡੇ 'ਤੇ ਜਾਣ ਤੋਂ ਪਹਿਲਾਂ, ਬਿਊਰੋ ਆਫ ਸਿਵਲ ਐਵੀਏਸ਼ਨ ਸਕਿਓਰਿਟੀ (ਬੀ.ਸੀ.ਏ.ਐੱਸ.) ਦੇ ਨਵੇਂ ਹੈਂਡ ਬੈਗੇਜ ਨਿਯਮਾਂ ਨੂੰ ਜਾਣਨਾ ਯਕੀਨੀ ਬਣਾਓ। ਜੇਕਰ ਤੁਸੀਂ ਇਨ੍ਹਾਂ ਨਿਯਮਾਂ ਤੋਂ ਜਾਣੂ ਨਹੀਂ ਹੋ, ਤਾਂ ਤੁਹਾਨੂੰ ਬੇਲੋੜੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਏਅਰਪੋਰਟ 'ਤੇ ਆਪਣੀ ਜੇਬ ਢਿੱਲੀ ਵੀ ਕਰਨੀ ਪੈ ਸਕਦੀ ਹੈ।

ਜਹਾਜ਼ 'ਚ ਸਵਾਰ ਹੋਣ ਤੋਂ ਪਹਿਲਾਂ ਸੁਰੱਖਿਆ ਜਾਂਚ ਪੁਆਇੰਟਾਂ 'ਤੇ ਯਾਤਰੀਆਂ ਦੀ ਵਧਦੀ ਗਿਣਤੀ ਕਾਰਨ ਹਵਾਈ ਅੱਡੇ ਦੀ ਸੁਰੱਖਿਆ ਲਈ ਜ਼ਿੰਮੇਵਾਰ ਬੀ.ਸੀ.ਏ.ਐੱਸ. ਅਤੇ ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀ.ਆਈ.ਐੱਸ.ਐੱਫ.) ਨੇ ਨਵੀਂ ਹੈਂਡ ਬੈਗੇਜ ਨੀਤੀ ਨਾਲ ਜੁੜੇ ਨਿਯਮਾਂ ਨੂੰ ਸਖਤ ਕਰ ਦਿੱਤਾ ਹੈ। ਬੀ.ਸੀ.ਏ.ਐੱਸ. ਅਤੇ ਸੀ.ਆਈ.ਐੱਸ.ਐੱਫ. ਦੀ ਇਸ ਸਖ਼ਤ ਕਾਰਵਾਈ ਨੇ ਏਅਰਲਾਈਨਾਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕੀਤਾ ਹੈ।

ਬੀ.ਸੀ.ਏ.ਐੱਸ. ਦੇ ਨਵੇਂ ਨਿਯਮਾਂ ਦੇ ਤਹਿਤ, ਹੁਣ ਯਾਤਰੀਆਂ ਨੂੰ ਜਹਾਜ਼ ਦੇ ਅੰਦਰ ਸਿਰਫ ਇੱਕ ਹੈਂਡ ਬੈਗਜ਼ ਲਿਜਾਣ ਦੀ ਇਜਾਜ਼ਤ ਹੋਵੇਗੀ। ਭਾਵੇਂ ਇਹ ਘਰੇਲੂ ਉਡਾਣ ਹੋਵੇ ਜਾਂ ਅੰਤਰਰਾਸ਼ਟਰੀ, ਯਾਤਰੀਆਂ ਨੂੰ ਸਿਰਫ ਇੱਕ ਹੈਂਡ ਜਾਂ ਕੈਬਿਨ ਬੈਗ ਲਿਜਾਣ ਦੀ ਇਜਾਜ਼ਤ ਹੋਵੇਗੀ। ਇਸ ਤੋਂ ਇਲਾਵਾ ਕਿਸੇ ਵੀ ਸਮਾਨ ਨੂੰ ਚੈੱਕ-ਇਨ ਕਰਨਾ ਲਾਜ਼ਮੀ ਹੋਵੇਗਾ।

ਏਅਰ ਇੰਡੀਆ ਦੇ ਅਨੁਸਾਰ, ਇਕਾਨਮੀ ਜਾਂ ਪ੍ਰੀਮੀਅਮ ਇਕਾਨਮੀ ਕਲਾਸ ਦੇ ਯਾਤਰੀਆਂ ਨੂੰ ਵੱਧ ਤੋਂ ਵੱਧ 7 ਕਿਲੋਗ੍ਰਾਮ ਤੱਕ ਦਾ ਹੈਂਡ ਬੈਗਜ਼ ਲਿਜਾਣ ਦੀ ਇਜਾਜ਼ਤ ਹੈ। ਜਦੋਂਕਿ ਪਹਿਲੀ ਜਾਂ ਬਿਜ਼ਨਸ ਕਲਾਸ ਦੇ ਯਾਤਰੀਆਂ ਲਈ ਇਹ ਸੀਮਾ 10 ਕਿਲੋ ਦੇ ਕਰੀਬ ਹੈ। ਸਮਾਨ ਦਾ ਆਕਾਰ 55 ਸੈਂਟੀਮੀਟਰ (ਉਚਾਈ), 40 ਸੈਂਟੀਮੀਟਰ (ਲੰਬਾਈ) ਅਤੇ 20 ਸੈਂਟੀਮੀਟਰ (ਚੌੜਾਈ) ਤੋਂ ਵੱਧ ਨਹੀਂ ਹੋਣਾ ਚਾਹੀਦਾ ਹੈ।

ਏਅਰਲਾਈਨਜ਼ ਨੇ ਸਪੱਸ਼ਟ ਕੀਤਾ ਹੈ ਕਿ ਹੈਂਡ ਬੈਗੇਜ਼ ਦਾ ਕੁੱਲ ਮਾਪ 115 ਸੈਂਟੀਮੀਟਰ ਤੋਂ ਵੱਧ ਨਹੀਂ ਹੋਣਾ ਚਾਹੀਦਾ। ਜੇਕਰ ਸਮਾਨ ਦਾ ਭਾਰ ਜਾਂ ਆਕਾਰ ਨਿਰਧਾਰਤ ਸੀਮਾ ਤੋਂ ਵੱਧ ਜਾਂਦਾ ਹੈ, ਤਾਂ ਯਾਤਰੀਆਂ ਨੂੰ ਵਾਧੂ ਖਰਚੇ ਦੇਣੇ ਪੈ ਸਕਦੇ ਹਨ। ਹਾਲਾਂਕਿ, ਜਿਨ੍ਹਾਂ ਯਾਤਰੀਆਂ ਨੇ 2 ਮਈ, 2024 ਤੋਂ ਪਹਿਲਾਂ ਟਿਕਟਾਂ ਬੁੱਕ ਕੀਤੀਆਂ ਹਨ, ਉਨ੍ਹਾਂ ਨੂੰ ਵਿਸ਼ੇਸ਼ ਛੋਟ ਦਿੱਤੀ ਜਾਵੇਗੀ।

- ਇਕਾਨਮੀ ਕਲਾਸ ਲਈ 8 ਕਿਲੋ ਤੱਕ
- ਪ੍ਰੀਮੀਅਮ ਇਕਾਨਮੀ ਕਲਾਸ ਲਈ 10 ਕਿਲੋ ਤੱਕ
- ਫ਼ਰਸਟ ਜਾਂ ਬਿਜ਼ਨਸ ਕਲਾਸ ਲਈ 12 ਕਿਲੋ ਤੱਕ

ਇਹ ਛੋਟ ਸਿਰਫ਼ ਉਨ੍ਹਾਂ ਟਿਕਟਾਂ 'ਤੇ ਲਾਗੂ ਹੋਵੇਗੀ, ਜੋ 2 ਮਈ, 2024 ਤੋਂ ਪਹਿਲਾਂ ਬੁੱਕ ਕੀਤੀਆਂ ਗਈਆਂ ਹਨ। ਜੇਕਰ 2 ਮਈ 2024 ਤੋਂ ਬਾਅਦ ਟਿਕਟ ਵਿਚ ਕੋਈ ਬਦਲਾਅ ਕੀਤਾ ਜਾਂਦਾ ਹੈ, ਤਾਂ ਯਾਤਰੀ ਨੂੰ ਨਵੇਂ ਸਮਾਨ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ।

ਇੰਡੀਗੋ ਏਅਰਲਾਈਨਜ਼ ਦੇ ਅਨੁਸਾਰ, ਯਾਤਰੀ 115 ਸੈਂਟੀਮੀਟਰ ਦੇ ਸਮੁੱਚੇ ਮਾਪ ਅਤੇ 7 ਕਿਲੋਗ੍ਰਾਮ ਤੱਕ ਭਾਰ ਵਾਲਾ ਇੱਕ ਕੈਬਿਨ ਬੈਗ ਲੈ ਸਕਦੇ ਹਨ। ਇਸ ਤੋਂ ਇਲਾਵਾ, ਯਾਤਰੀਆਂ ਨੂੰ ਇੱਕ ਨਿੱਜੀ ਬੈਗ, ਜਿਵੇਂ ਕਿ ਲੇਡੀਜ਼ ਪਰਸ ਜਾਂ ਛੋਟਾ ਲੈਪਟਾਪ ਬੈਗ, ਜਿਸਦਾ ਭਾਰ 3 ਕਿਲੋਗ੍ਰਾਮ ਤੋਂ ਵੱਧ ਨਹੀਂ ਹੋਣਾ ਚਾਹੀਦਾ ਹੈ, ਨਾਲ ਲਿਜਾਣ ਦੀ ਇਜਾਜ਼ਤ ਹੈ।

# ਟਰੰਪ ਵੱਲੋਂ ਅਮਰੀਕਾ ’ਚ ਟਿਕਟਾਕ ’ਤੇ ਪਾਬੰਦੀ ਨੂੰ ਮੁਲਤਵੀ ਕਰਨ ਲਈ ਸੁਪਰੀਮ ਕੋਰਟ ਨੂੰ ਅਪੀਲ




**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕਾ ਦੇ ਨਵੇਂ ਚੁਣੇ ਗਏ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਸੁਪਰੀਮ ਕੋਰਟ ਨੂੰ ਉਸ ਕਾਨੂੰਨ ਨੂੰ ਮੁਲਤਵੀ ਕਰਨ ਲਈ ਕਿਹਾ ਹੈ, ਜੋ ਅਮਰੀਕਾ ਵਿਚ ਟਿਕਟਾਕ ਦੇ ਸੰਚਾਲਨ ’ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਸਕਦਾ ਹੈ। ਰਾਸ਼ਟਰੀ ਸੁਰੱਖਿਆ ਚਿੰਤਾਵਾਂ ਦਾ ਹਵਾਲਾ ਦਿੰਦੇ ਹੋਏ, ਇਹ ਕਾਨੂੰਨ 19 ਜਨਵਰੀ, 2025 ਤੋਂ ਦੇਸ਼ ਵਿਚ ਲਾਗੂ ਹੋਣ ਜਾ ਰਿਹਾ ਹੈ। ਟਰੰਪ ਨੇ ਇਸ ਮਾਮਲੇ ਦੇ ਲਈ ਸਿਆਸੀ ਹੱਲ ਲਈ ਗੱਲਬਾਤ ਕਰਨ ਲਈ 20 ਜਨਵਰੀ ਨੂੰ ਆਪਣੇ ਉਦਘਾਟਨ ਤੋਂ ਬਾਅਦ ਸਮਾਂ ਮੰਗਣ ਲਈ ਇੱਕ ਐਮਿਕਸ ਸੰਖੇਪ ਵੀ ਪੇਸ਼ ਕੀਤਾ ਹੈ। ਟਰੰਪ ਇੱਕ ਸੌਦੇ ਦਾ ਪ੍ਰਸਤਾਵ ਵੀ ਕੀਤਾ, ਜਿਸ ਵਿਚ ਟਿਕਟਾਕ ਦੀ ਚੀਨੀ ਮੂਲ ਕੰਪਨੀ ByteDance ਆਪਣੀ ਮਲਕੀਅਤ ਦਾ ਇੱਕ ਮਹੱਤਵਪੂਰਨ ਹਿੱਸਾ ਇੱਕ ਅਮਰੀਕੀ ਫਰਮ ਨੂੰ ਵੇਚੇਗੀ। ਹਾਲਾਂਕਿ ਉਨ੍ਹਾਂ ਸੰਭਾਵਿਤ ਸੌਦੇ ਬਾਰੇ ਕੋਈ ਵਿਸਤ੍ਰਿਤ ਜਾਣਕਾਰੀ ਨਹੀਂ ਦਿੱਤੀ। ਸੁਪਰੀਮ ਕੋਰਟ ਆਉਣ ਵਾਲੀ 10 ਜਨਵਰੀ ਨੂੰ ਪਾਬੰਦੀ ਵਿਰੁੱਧ ਅਪੀਲਾਂ ’ਤੇ ਸੁਣਵਾਈ ਕਰੇਗੀ। ਸੁਪਰੀਮ ਕੋਰਟ 10 ਜਨਵਰੀ ਨੂੰ ਇਸ ਕੇਸ ਦੀ ਸੁਣਵਾਈ ਕਰੇਗਾ ਕਿ ਕੀ ਪ੍ਰਸਤਾਵਿਤ ਟਿਕਟਾਕ ਦੀ ਪਾਬੰਦੀ ਪਹਿਲੀ ਸੋਧ ਦੀ ਉਲੰਘਣਾ ਕਰਦੀ ਹੈ। ਜੇਕਰ ਇਹ ਯਕੀਨੀ ਬਣਾਉਣ ਵਿਚ ਤਰੱਕੀ ਕੀਤੀ ਜਾਂਦੀ ਹੈ ਕਿ ByteDance ਹੁਣ ਟਿਕਟਾਕ ਦਾ ਮਾਲਕ ਨਹੀਂ ਹੈ, ਤਾਂ ਕਾਨੂੰਨ ਰਾਸ਼ਟਰਪਤੀ ਨੂੰ ਲਾਗੂ ਕਰਨ ਵਿਚ ਦੇਰੀ ਕਰਨ ਦੀ ਇਜਾਜ਼ਤ ਦੇ ਦੇਵੇਗਾ। ਇਹ ਮਾਮਲਾ ਅਜਿਹੇ ਸਮੇਂ ਆਇਆ ਹੈ, ਜਦੋਂ ਟਰੰਪ ਪ੍ਰਸ਼ਾਸਨ ਨੂੰ ਸੰਭਾਵਿਤ ਪਾਬੰਦੀਆਂ ਨੂੰ ਲਾਗੂ ਕਰਨ ਅਤੇ ਵਿਨਿਵੇਸ਼ ਸੌਦਿਆਂ ਨੂੰ ਸੰਭਾਲਣ ਦਾ ਕੰਮ ਸੌਂਪਿਆ ਗਿਆ ਹੈ ਅਤੇ ਟਰੰਪ ਨੇ ਨੌਜਵਾਨਾਂ ’ਤੇ ਟਿਕ-ਟਾਕ ਦੇ ਪ੍ਰਭਾਵ ਨੂੰ ਵੀ ਸਵੀਕਾਰ ਕੀਤਾ ਹੈ ਅਤੇ ਉਨ੍ਹਾਂ ਨੇ ਆਪਣੀ ਸੋਸ਼ਲ ਮੀਡੀਆ ਦੀ ਮੌਜੂਦਗੀ ਅਤੇ ਟਿਕਟਾਕ ਦੀ ਸੁਤੰਤਰ ਭਾਸ਼ਣ ਦੀ ਮਹੱਤਤਾ ਦਾ ਮੁਲਾਂਕਣ ਕਰਨ ਵਿਚ ਆਪਣੇ ‘ਸੱਚ ਸੋਸ਼ਲ’ ਦੀ ਮਲਕੀਅਤ ’ਤੇ ਵੀ ਜ਼ੋਰ ਦਿੱਤਾ ਹੈ। ਇਹ ਉਸਦੇ ਪਹਿਲੇ ਕਾਰਜਕਾਲ ਦੌਰਾਨ ਸਥਿਤੀ ਤੋਂ ਵੱਖਰਾ ਹੈ, ਜਦੋਂ ਉਨ੍ਹਾਂ ਨੇ ਸੰਨ 2020 ਵਿਚ ਪਲੇਟਫਾਰਮ ’ਤੇ ਪਾਬੰਦੀ ਲਗਾਉਣ ਲਈ ਜ਼ੋਰ ਦਿੱਤਾ ਸੀ। ਹੁਣ ਟਰੰਪ ਇਹ ਵੀ ਮੰਨਦੇ ਹਨ ਕਿ ਟਿਕਟਾਕ ਨੇ ਉਸਦੀ ਹਾਲੀਆ ਚੋਣ ਮੁਹਿੰਮ ਦੌਰਾਨ ਨੌਜਵਾਨ ਵੋਟਰਾਂ ਨੂੰ ਪ੍ਰਭਾਵਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ।

# ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀਆਂ ਅਸਥੀਆਂ ਜਲ ਪ੍ਰਵਾਹ

■ ਡਾ. ਸਿੰਘ ਨੂੰ ਦਿੱਤਾ ਜਾਂਦਾ ਆਰਥਿਕਤਾ ਦੇ ਉਦਾਰੀਕਰਨ ਦੇ ਮੋਢੀ ਹੋਣ ਦਾ ਸਿਹਰਾ



**ਨਵੀਂ ਦਿੱਲੀ, (ਪੰਜਾਬ ਮੇਲ)**- ਬੀਤੇ ਐਤਵਾਰ ਨੂੰ ਡਾ. ਮਨਮੋਹਨ ਸਿੰਘ ਦੀਆਂ ਅਸਥੀਆਂ ਦਿੱਲੀ ਦੇ ਗੁਰਦੁਆਰਾ ਮਜ਼ਨੂੰ ਕਾ ਟਿੱਲਾ ਨੇੜੇ ਯੁਮਨਾ ਘਾਟ ਵਿਖੇ ਜਲ ਪ੍ਰਵਾਹ ਕੀਤੀਆਂ ਗਈਆਂ ਹਨ। ਇਸ ਦੌਰਾਨ ਉਨ੍ਹਾਂ ਦੀ ਪਤਨੀ, ਤਿੰਨੋਂ ਧੀਆਂ ਤੇ ਹੋਰ ਪਰਿਵਾਰਕ ਮੈਂਬਰ ਮੌਜੂਦ ਰਹੇ।

ਦੱਸਣਯੋਗ ਹੈ ਕਿ ਸ਼ਨੀਵਾਰ ਨੂੰ ਡਾ. ਸਿੰਘ ਦਾ ਸਿੱਖ ਰੀਤੀ ਰਿਵਾਜ਼ਾਂ ਮੁਤਾਬਕ ਦਿੱਲੀ ਦੇ ਨਿਗਮਬੋਧ ਘਾਟ ਵਿਖੇ ਅੰਤਿਮ ਸਸਕਾਰ ਕੀਤਾ ਗਿਆ ਸੀ। ਡਾ. ਮਨਮੋਹਨ ਸਿੰਘ ਦੀ ਮ੍ਰਿਤਕ ਦੇਹ ਨੂੰ ਮੁੱਖ ਅਗਨੀ ਉਨ੍ਹਾਂ ਦੀ ਧੀ ਵਲੋਂ ਦਿੱਤੀ ਗਈ ਹੈ। ਜਿਸ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਵੱਲੋਂ ਡਾ. ਸਿੰਘ ਦੇ ਫੁੱਲ ਚੁੱਗੇ ਗਏ ਅਤੇ ਉਸ ਨੂੰ ਯਮੁਨਾ ਨਦੀ ਵਿਚ ਅਸਥੀਆਂ ਨੂੰ ਜਲ ਪ੍ਰਵਾਹ ਕੀਤਾ ਗਿਆ। ਜ਼ਿਕਰਯੋਗ ਹੈ ਕਿ 26 ਦਸੰਬਰ ਨੂੰ ਡਾ. ਮਨਮੋਹਨ ਸਿੰਘ ਦਾ ਦਿੱਲੀ ਦੇ ਏਮਜ਼ ਹਸਪਤਾਲ ’ਚ ਦਿਹਾਂਤ ਹੋ ਗਿਆ, ਉਹ 92 ਸਾਲ ਦੇ ਸਨ। ਵੀਰਵਾਰ ਸ਼ਾਮ ਨੂੰ ਬੇਹੋਸ਼ ਹੋ ਜਾਣ ਤੋਂ ਬਾਅਦ ਉਨ੍ਹਾਂ ਨੂੰ ਦਿੱਲੀ ਏਮਜ਼ ’ਚ ਭਰਤੀ ਕਰਵਾਇਆ ਗਿਆ, ਜਿੱਥੇ ਰਾਤ 9.51 ’ਤੇ ਉਨ੍ਹਾਂ ਨੇ ਆਖਰੀ ਸਾਹ ਲਿਆ। ਅੰਤਿਮ ਸੰਸਕਾਰ ਤੋਂ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਦੀ ਮ੍ਰਿਤਕ ਦੇਹ ਨੂੰ ਭਾਰਤ ਦੇ ਰਾਸ਼ਟਰੀ ਝੰਡੇ ਯਾਨੀ ਤਿਰੰਗੇ ਵਿਚ ਲਪੇਟਿਆ ਜਾਂਦਾ ਹੈ। ਅੰਤਿਮ ਸੰਸਕਾਰ ਦੌਰਾਨ ਡਾ. ਸਿੰਘ ਨੂੰ 21 ਤੋਪਾਂ ਦੀ ਸਲਾਮੀ ਦਿੱਤੀ ਗਈ।

ਡਾ. ਮਨਮੋਹਨ ਸਿੰਘ ਨੂੰ ਵਿੱਤ ਮੰਤਰੀ ਵਜੋਂ ਅਤੇ ਫਿਰ 2004-14 ਦਰਮਿਆਨ ਭਾਰਤ ਦੇ 13ਵੇਂ ਪ੍ਰਧਾਨ ਮੰਤਰੀ ਵਜੋਂ ਦੇਸ਼ ਦੀ ਆਰਥਿਕਤਾ ਦੇ ਉਦਾਰੀਕਰਨ ਦੇ ਮੋਢੀ ਹੋਣ ਦਾ ਸਿਹਰਾ ਦਿੱਤਾ ਜਾਂਦਾ ਹੈ। ਸਦਨ ਵਿਚ ਉਨ੍ਹਾਂ ਨੇ ਲਗਾਤਾਰ 5 ਵਾਰ ਅਸਾਮ ਦੀ ਨੁਮਾਇੰਦਗੀ ਕੀਤੀ। ਸਾਲ 2019 ’ਚ ਉਹ ਰਾਜਸਥਾਨ ਤੋਂ ਰਾਜ ਸਭਾ ਦੇ ਮੈਂਬਰ ਬਣੇ। ਡਾ. ਸਿੰਘ ਨੂੰ ਇਕ ਪੜ੍ਹਾਕੂ ਅਕਾਦਮਿਕ ਅਤੇ ਨੌਕਰਸ਼ਾਹ, ਆਪਣੇ ਸਾਦੇ ਜੀਵਨ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਦੇ ਟਵਿੱਟਰ ਅਕਾਊਂਟ ਨੂੰ ਨੀਰਸ ਟਵੀਟਾਂ ਅਤੇ ਬਹੁਤ ਥੋੜ੍ਹੇ ਫਾਲੋਅਰਾਂ ਲਈ ਜਾਣਿਆ ਜਾਂਦਾ ਸੀ।

# ਫਰਾਂਸ, ਕੈਨੇਡਾ ਸਣੇ ਦੁਨੀਆਂ ਭਰ ਦੇ ਨੇਤਾਵਾਂ ਵੱਲੋਂ ਡਾ: ਮਨਮੋਹਨ ਸਿੰਘ ਦੇ ਦੇਹਾਂਤ ’ਤੇ ਦੁੱਖ ਦਾ ਪ੍ਰਗਟਾਵਾ



**ਵਾਸ਼ਿੰਗਟਨ, (ਪੰਜਾਬ ਮੇਲ)**- ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਦੇਹਾਂਤ ’ਤੇ ਫਰਾਂਸ, ਅਮਰੀਕਾ, ਕੈਨੇਡਾ ਅਤੇ ਸ਼੍ਰੀਲੰਕਾ ਸਮੇਤ ਦੁਨੀਆਂ ਭਰ ਦੇ ਨੇਤਾਵਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਨੇਪਾਲ, ਮਾਲਦੀਵ ਅਤੇ ਅਫਗਾਨਿਸਤਾਨ ਸਮੇਤ ਗੁਆਂਢੀ ਦੇਸ਼ਾਂ ਦੇ ਨੇਤਾਵਾਂ ਨੇ ਡਾ. ਮਨਮੋਹਨ ਸਿੰਘ ਦੇ ਦੇਹਾਂਤ ’ਤੇ ਡੂੰਘਾ ਦੁੱਖ ਪ੍ਰਗਟ ਕੀਤਾ ਅਤੇ ਉਨ੍ਹਾਂ ਦੇ ਯੋਗਦਾਨ ਅਤੇ ਡਾ. ਸਿੰਘ ਨਾਲ ਉਨ੍ਹਾਂ ਦੇ ਦੇਸ਼ਾਂ ਦੇ ਨਿੱਘੇ ਸਬੰਧਾਂ ਨੂੰ ਯਾਦ ਕੀਤਾ। ਭਾਰਤ ਵਿਚ ਆਰਥਿਕ ਸੁਧਾਰਾਂ ਦੇ ਪਿਤਾਮਾ ਡਾ. ਮਨਮੋਹਨ ਸਿੰਘ (92) ਦਾ ਵੀਰਵਾਰ ਰਾਤ ਨੂੰ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼) ਵਿਚ ਦੇਹਾਂਤ ਹੋ ਗਿਆ। ਉਹ ਆਪਣੇ ਪਿੱਛੇ ਪਤਨੀ ਗੁਰਸ਼ਰਨ ਕੌਰ ਅਤੇ 3 ਧੀਆਂ ਛੱਡ ਗਏ ਹਨ।

ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਭਾਰਤ ਨੇ ਇੱਕ ਮਹਾਨ ਵਿਅਕਤੀ ਨੂੰ ਗੁਆ ਦਿੱਤਾ ਹੈ। ਮੈਕਰੋਨ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ’ਤੇ ਲਿਖਿਆ, “ਭਾਰਤ ਨੇ ਇੱਕ ਮਹਾਨ ਵਿਅਕਤੀ ਅਤੇ ਫਰਾਂਸ ਨੇ ਡਾ: ਮਨਮੋਹਨ ਸਿੰਘ ਦੇ ਰੂਪ ਵਿਚ ਇੱਕ ਸੱਚਾ ਦੋਸਤ ਗੁਆ ਦਿੱਤਾ ਹੈ। ਉਨ੍ਹਾਂ ਨੇ ਆਪਣਾ ਜੀਵਨ ਆਪਣੇ ਦੇਸ਼ ਨੂੰ ਸਮਰਪਿਤ ਕਰ ਦਿੱਤਾ। ਸਾਡੀ ਹਮਦਰਦੀ ਉਨ੍ਹਾਂ ਦੇ ਪਰਿਵਾਰ ਅਤੇ ਭਾਰਤ ਦੇ ਲੋਕਾਂ ਨਾਲ ਹੈ।”

ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਿਹਾ, “ਡਾ: ਸਿੰਘ ਅਮਰੀਕਾ-ਭਾਰਤ ਰਣਨੀਤਕ ਭਾਈਵਾਲੀ ਦੇ ਸਭ ਤੋਂ ਵੱਡੇ ਸਮਰਥਕਾਂ ਵਿਚੋਂ ਇੱਕ ਸਨ ਅਤੇ ਪਿਛਲੇ ਦੋ ਦਹਾਕਿਆਂ ਵਿਚ ਸਾਡੇ ਦੇਸ਼ਾਂ ਵੱਲੋਂ ਮਿਲ ਕੇ ਹਾਸਲ ਕੀਤੀਆਂ ਗਈਆਂ ਉਪਲੱਬਧੀਆਂ ਦੀ ਉਨ੍ਹਾਂ ਨੇ ਨੀਂਹ ਰੱਖੀ ਸੀ।” ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਕਿਹਾ, “ਡਾ. ਸਿੰਘ ਇੱਕ ਅਸਾਧਾਰਨ ਬੁੱਧੀ, ਇਮਾਨਦਾਰੀ ਅਤੇ ਸਿਆਣਪ ਵਾਲੇ ਵਿਅਕਤੀ ਸਨ। ਲੌਰੇਨ ਅਤੇ ਮੈਂ ਉਨ੍ਹਾਂ ਦੇ ਪਰਿਵਾਰ ਅਤੇ ਦੋਸਤਾਂ ਪ੍ਰਤੀ ਹਮਦਰਦੀ ਪ੍ਰਗਟ ਕਰਦੇ ਹਾਂ।’ ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਪੁਸ਼ਪਾ ਕਮਲ ਦਹਿਲ ‘ਪ੍ਰਚੰਡ’ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ’ਤੇ ਇਕ ਪੋਸਟ ’ਚ ਕਿਹਾ, ‘ਇਕ ਦੂਰਦਰਸ਼ੀ ਨੇਤਾ ਅਤੇ ਅਸਾਧਾਰਨ ਸਿਆਸਤਦਾਨ ਡਾ. ਮਨਮੋਹਨ ਸਿੰਘ ਦੇ ਦੇਹਾਂਤ ਨਾਲ ਡੂੰਘਾ ਦੁੱਖ ਹੋਇਆ। ਉਨ੍ਹਾਂ ਦੇ ਪਰਿਵਾਰ ਅਤੇ ਭਾਰਤ ਦੇ ਲੋਕਾਂ ਪ੍ਰਤੀ ਮੇਰੀ ਦਿਲੀ ਹਮਦਰਦੀ।’ ਮਾਲਦੀਵ ਦੇ ਸਾਬਕਾ ਰਾਸ਼ਟਰਪਤੀ ਮੁਹੰਮਦ ਨਸ਼ੀਦ ਨੇ ਕਿਹਾ, ‘ਮਨਮੋਹਨ ਸਿੰਘ ਦੇ ਦੇਹਾਂਤ ਦੀ ਖਬਰ ਸੁਣ ਕੇ ਮੈਂ ਬਹੁਤ ਦੁਖੀ ਹੋਇਆ। ਮੈਨੂੰ ਹਮੇਸ਼ਾ ਉਨ੍ਹਾਂ ਨਾਲ ਕੰਮ ਕਰਨਾ ਪਸੰਦ ਸੀ ਅਤੇ ਉਹ ਇਕ ਦਿਆਲੂ ਪਿਤਾ ਵਾਂਗ ਸਨ। ਉਹ ਮਾਲਦੀਵ ਦੇ ਚੰਗੇ ਮਿੱਤਰ ਸਨ।’ ਸ਼੍ਰੀਲੰਕਾ ਦੇ ਸਾਬਕਾ ਰਾਸ਼ਟਰਪਤੀ ਮਹਿੰਦਾ ਰਾਜਪਕਸ਼ੇ ਨੇ ਉਨ੍ਹਾਂ ਨੂੰ ‘ਇੱਕ ਦੂਰਦਰਸ਼ੀ ਅਰਥ ਸ਼ਾਸਤਰੀ ਅਤੇ ਭਾਰਤ ਦੇ ਆਰਥਿਕ ਸੁਧਾਰਾਂ ਦਾ ਪਿਤਾਮਾ’ ਕਿਹਾ।

ਅਫਗਾਨਿਸਤਾਨ ਦੇ ਸਾਬਕਾ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ’ਤੇ ਇਕ ਪੋਸਟ ਵਿਚ ਕਿਹਾ, ‘ਭਾਰਤ ਨੇ ਆਪਣੇ ਸਭ ਤੋਂ ਸ਼ਾਨਦਾਰ ਪੁੱਤਰਾਂ ਵਿਚੋਂ ਇੱਕ ਨੂੰ ਗੁਆ ਦਿੱਤਾ ਹੈ। ਡਾ. ਮਨਮੋਹਨ ਸਿੰਘ ਅਫਗਾਨਿਸਤਾਨ ਦੇ ਲੋਕਾਂ ਦੇ ਮਜ਼ਬੂਤ ਸਹਿਯੋਗੀ ਅਤੇ ਦੋਸਤ ਸਨ। ਮੈਂ ਉਨ੍ਹਾਂ ਦੇ ਦੇਹਾਂਤ ’ਤੇ ਡੂੰਘਾ ਸੋਗ ਪ੍ਰਗਟ ਕਰਦਾ ਹਾਂ ਅਤੇ ਉਨ੍ਹਾਂ ਦੇ ਪਰਿਵਾਰ, ਸਰਕਾਰ ਅਤੇ ਭਾਰਤ ਦੇ ਲੋਕਾਂ ਪ੍ਰਤੀ ਡੂੰਘੀ ਹਮਦਰਦੀ ਪ੍ਰਗਟ ਕਰਦਾ ਹਾਂ।’

ਮਲੇਸ਼ੀਆ ਦੇ ਸਾਬਕਾ ਉਪ ਪ੍ਰਧਾਨ ਮੰਤਰੀ ਅਨਵਰ ਇਬਰਾਹਿਮ ਨੇ ‘ਐਕਸ’ ’ਤੇ ਲਿਖਿਆ, “ਆਪਣੇ ਸਤਿਕਾਰਯੋਗ ਅਤੇ ਪਿਆਰੇ ਦੋਸਤ ਡਾ: ਮਨਮੋਹਨ ਸਿੰਘ ਦੇ ਦੇਹਾਂਤ ਦੀ ਖ਼ਬਰ ਸੁਣ ਕੇ ਮੈਂ ਦੁਖੀ ਹਾਂ।”

# ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਮਾਮਲੇ ਵਿਚ ਜਾਂਚ ਕਮੇਟੀ ਦਾ ਸਮਾਂ ਇਕ ਮਹੀਨਾ ਵਧਾਇਆ

**ਅੰਮ੍ਰਿਤਸਰ, (ਪੰਜਾਬ ਮੇਲ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਬੀਤੇ ਦਿਨੀਂ ਯੂ.ਪੀ. ਅੰਦਰ ਪੰਜਾਬ ਦੇ ਤਿੰਨ ਨੌਜੁਆਨਾਂ ਨੂੰ ਮੁਕਾਬਲਾ ਬਣਾ ਕੇ ਮਾਰਨ ਦੀ ਕਰੜੀ ਨਿੰਦਾ ਕਰਦਿਆਂ ਇਸ ਸਾਰੇ ਮਾਮਲੇ ਦੀ ਨਿਆਂਇਕ ਜਾਂਚ ਮੰਗੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਹੋਈ ਇਸ ਇਕੱਤਰਤਾ ਦੌਰਾਨ ਯੂ.ਪੀ. ’ਚ ਪੁਲਿਸ ਮੁਕਾਬਲੇ ਸਬੰਧੀ ਇਕ ਮਤਾ ਪਾਸ ਕਰਦਿਆਂ ਇਸ ’ਤੇ ਕਰੜੇ ਸਵਾਲ ਚੁੱਕੇ ਹਨ। ਮਤੇ ਵਿਚ ਕਿਹਾ ਗਿਆ ਕਿ ਇਹ ਬੇਹੱਦ ਸੰਜੀਦਾ ਮਾਮਲਾ ਹੈ ਅਤੇ ਬਹੁਤ ਛੋਟੀ ਉਮਰ ਦੇ ਪੰਜਾਬ ਦੇ ਨੌਜੁਆਨਾਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਉਣ ਵਰਗੀ ਹਰਕਤ ਜਾਪਦੀ ਹੈ। ਇਸ ਦੀ ਨਿਆਂਇਕ ਜਾਂਚ ਕੀਤੀ ਜਾਣੀ ਚਾਹੀਦੀ ਹੈ, ਜਿਸ ਵਾਸਤੇ ਅੰਤ੍ਰਿੰਗ ਕਮੇਟੀ ਪੁਰਜ਼ੋਰ ਮੰਗ ਕਰਦੀ ਹੈ।






# 2024 ’ਚ ਪੰਜਾਬ ਦੀ ਟ੍ਰੈਫਿਕ ਪੁਲਿਸ ਨੇ ਕੱਟੇ 1.40 ਲੱਖ ਚਲਾਨ

**ਲੁਧਿਆਣਾ, (ਪੰਜਾਬ ਮੇਲ)**- ਸ਼ਹਿਰ ਦੀ ਟ੍ਰੈਫਿਕ ਪੁਲਿਸ ਨੇ 25 ਦਸੰਬਰ 2024 ਤੱਕ 1.40 ਲੱਖ ਦੇ ਕਰੀਬ ਚਲਾਨ ਕਰਕੇ ਕਰੀਬ 9 ਕਰੋੜ ਰੁਪਏ ਦੀ ਜੁਰਮਾਨੇ ਦੀ ਰਾਸ਼ੀ ਸਰਕਾਰ ਦੇ ਖਾਤੇ ’ਚ ਜਮ੍ਹਾ ਕਰਵਾਈ ਹੈ। ਟ੍ਰੈਫਿਕ ਪੁਲਿਸ ਵੱਲੋਂ ਬਿਨਾਂ ਹੈਲਮੇਟ ਵਾਲੇ ਵਾਹਨ ਚਾਲਕਾਂ ਦੇ ਚਲਾਨਾਂ ਦੀ ਸਭ ਤੋਂ ਵੱਧ ਗਿਣਤੀ 31,395 ਹੈ। ਇਸ ਤੋਂ ਬਾਅਦ ਗਲਤ ਪਾਰਕਿੰਗ ਵਾਲੇ ਵਾਹਨਾਂ ਦਾ ਦੂਜਾ ਨੰਬਰ ਆਉਂਦਾ ਹੈ, ਜਿਨ੍ਹਾਂ ਦੀ ਗਿਣਤੀ 29,366 ਸੀ। ਪੁਲਿਸ ਵਿਭਾਗ ਵੱਲੋਂ ਇਕ ਪ੍ਰਾਈਵੇਟ ਕੰਪਨੀ ਨੂੰ ਗਲਤ ਢੰਗ ਨਾਲ ਪਾਰਕ ਕੀਤੇ ਵਾਹਨਾਂ ਨੂੰ ਟੋਅ ਕਰਨ ਦਾ ਠੇਕਾ ਵੀ ਦਿੱਤਾ ਗਿਆ ਹੈ।

ਤੀਜੇ ਨੰਬਰ ’ਤੇ ਗਲਤ ਸਾਈਡ ਵਾਲੇ ਵਾਹਨ ਚਾਲਕ ਟ੍ਰੈਫਿਕ ਪੁਲਿਸ ਦੀ ਕਾਰਵਾਈ ਦਾ ਸ਼ਿਕਾਰ ਹੋਏ, ਜਿਨ੍ਹਾਂ ਦੀ ਗਿਣਤੀ 15356 ਹੈ, ਜਦੋਂ ਕਿ ਬਿਨਾਂ ਡਰਾਈਵਿੰਗ ਲਾਇਸੈਂਸ ਵਾਲੇ ਚਲਾਨਾਂ ਦੀ ਗਿਣਤੀ 10841 ਸੀ। ਹਾਲਾਂਕਿ ਇਹ ਸੰਖਿਆ 2023 ’ਚ ਟ੍ਰੈਫਿਕ ਪੁਲਿਸ ਵੱਲੋਂ ਕੀਤੇ ਚਲਾਨਾਂ ਅਤੇ ਜੁਰਮਾਨੇ ਦੀ ਰਕਮ ਨਾਲੋਂ ਬਹੁਤ ਘੱਟ ਹੈ। 2023 ’ਚ ਟ੍ਰੈਫਿਕ ਪੁਲਿਸ ਵੱਲੋਂ ਲਗਭਗ 1.77 ਲੱਖ ਚਲਾਨ ਕਰਕੇ 13 ਕਰੋੜ ਰੁਪਏ ਤੋਂ ਵੱਧ ਦੀ ਰਕਮ ਸਰਕਾਰੀ ਖਜ਼ਾਨੇ ’ਚ ਜਮ੍ਹਾ ਕਰਵਾਈ ਗਈ ਸੀ।

ਅੰਕੜਿਆਂ ਮੁਤਾਬਕ ਟਰੈਫਿਕ ਪੁਲਿਸ ਨੇ ਬਿਨਾਂ ਹੈਲਮੇਟ ਦੇ 31395, ਗਲਤ ਪਾਰਕਿੰਗ ਦੇ 29366, ਗਲਤ ਨੰਬਰ ਪਲੇਟ ਦੇ 9796, ਬਿਨਾਂ ਡੀ.ਐੱਲ. ਦੇ 10841, ਬਿਨਾਂ ਸੀਟ ਬੈਲਟ ਦੇ 8058, ਓਵਰ ਸਪੀਡ ਦੇ 8863, ਪ੍ਰਦੂਸ਼ਣ ਦੇ 1078, ਟ੍ਰਿਪਲ ਰਾਈਡਿੰਗ ਦੇ 7369, ਗਲਤ ਸਾਈਡ ਦੇ 15356, ਓਵਰਲੋਡ ਦੇ 247, ਲਾਲ ਬੱਤੀ ਜੰਪ ਦੇ 3251 ਅੰਡਰਏਜ ਦੇ 953, ਬਿਨਾਂ ਆਰ.ਸੀ. ਦੇ 2708, ਬਿਨਾਂ ਪਰਮਿਟ ਦੇ 303, ਬੀਮੇ ਤੋਂ ਬਿਨਾਂ ਦੇ 1146, ਬਿਨਾਂ ਕਾਗਜ਼ਾਂ ਦੇ 3397, ਪ੍ਰੈਸ਼ਰ ਹਾਰਨ ਦੇ 833, ਬਲੈਕ ਫਿਲਮ ਦੇ 2894, ਨੋ ਐਂਟਰੀ ਦੇ 414, ਕਮਰਸ਼ੀਅਲ ਵਰਤੋਂ ਦੇ 185, ਮੋਬਾਈਲ ਫੋਨ ਦੇ 3094, ਸਿਗਰਟਨੋਸ਼ੀ ਦੇ 127, ਖਤਰਨਾਕ ਡਰਾਈਵਿੰਗ ਦੇ 2169, ਵੱਧ ਉਚਾਈ ਦੇ 412, ਵੱਧ ਲੰਬਾਈ ਦੇ 428, ਸ਼ਰਾਬ ਪੀ ਕੇ ਡਰਾਈਵਿੰਗ ਦੇ 2374, ਦੁਰਵਿਵਹਾਰ ਦੇ 215 ਚਲਾਨ ਕੀਤੇ ਗਏ ਹਨ।

# ਸੈਕਰਾਮੈਂਟੋ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕੀਤਾ ਗਿਆ ਯਾਦ

■ ਵੀਰ ਸਾਹਿਬਜ਼ਾਦੇ ਬਲਿਦਾਨ ਦਿਵਸ ਵਜੋਂ ਮਨਾਇਆ ਜਾਂਦਾ ਹੈ 26 ਦਸੰਬਰ



**ਸੈਕਰਾਮੈਂਟੋ, (ਪੰਜਾਬ ਮੇਲ)-** ਕੈਲੀਫੋਰਨੀਆ ਦੇ ਸਿੱਖ ਅਤੇ ਹਿੰਦੂ ਭਾਈਚਾਰੇ ਗ੍ਰੇਟਰ ਸੈਕਰਾਮੈਂਟੋ ਦੇ ਜੈਨ ਸੈਂਟਰ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਸਨਮਾਨ ਲਈ ਇਕੱਠੇ ਹੋਏ। ਇਕੱਠ ਵਿਚ 150 ਭਾਈਚਾਰੇ ਦੇ ਮੈਂਬਰਾਂ ਦਾ ਸਵਾਗਤ ਕੀਤਾ ਗਿਆ।

ਗੁਰਦੁਆਰਾ ਸੰਤ ਸਾਗਰ ਦੇ ਮੁਖੀ ਨਰਿੰਦਰਪਾਲ ਸਿੰਘ ਹੁੰਦਲ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਜੁੜੀਆਂ ਕਥਾਵਾਂ ਅਤੇ ਘਟਨਾਵਾਂ ਨੂੰ ਬੜੇ ਵਿਸਥਾਰ ਨਾਲ ਸੁਣਾਇਆ। ਉਨ੍ਹਾਂ ਨੇ ਨਵੰਬਰ 2025 ਵਿਚ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਪੁਰਬ ਮਨਾਉਣ ਦੀਆਂ ਯੋਜਨਾਵਾਂ ਦਾ ਵੀ ਐਲਾਨ ਕੀਤਾ।

ਸਮਾਗਮ ਦੀ ਸ਼ੁਰੂਆਤ ਅਰਦਾਸ ਨਾਲ ਹੋਈ, ਜਿਸ ਤੋਂ ਬਾਅਦ ਬੱਚਿਆਂ ਨੇ ਆਪਣੀ ਵਿਰਾਸਤ ਦਾ ਜਸ਼ਨ ਮਨਾਉਂਦੇ ਹੋਏ ਸਟੇਜ ਪੇਸ਼ਕਾਰੀ ਅਤੇ ਕੁਇਜ਼ਾਂ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। 9 ਸਾਲਾ ਰਾਹੀਵ ਮਹਾਜਨ ਨੇ ਸਾਹਿਬਜ਼ਾਦਿਆਂ ਦਾ ਸਨਮਾਨ ਕਰਦੇ ਹੋਏ ਭਾਸ਼ਣ ਦਿੱਤਾ। 12 ਸਾਲਾ ਗੁਰਸ਼ੀਨ ਸ਼ੇਰਗਿੱਲ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਂਟ ਕਰਨ ਵਾਲੀ ਕਵਿਤਾ ਸੁਣਾਈ।

ਗੁਰਦੁਆਰਾ ਸੰਤ ਸਾਗਰ ਤੋਂ ਭਾਈ ਕੁਲਜੀਤ ਸਿੰਘ ਨੇ ਅਰਦਾਸ ਕੀਤੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਸ਼ਬਦ ਮਿੱਤਰ ਪਿਆਰੇ ਨੂੰ ਸੁੰਦਰ ਢੰਗ ਨਾਲ ਸੁਣਾਇਆ।

ਰਜਤ ਮਹਾਜਨ ਨੇ ਹਿੰਦੂ-ਸਿੱਖ ਏਕਤਾ 'ਤੇ ਇੱਕ ਪ੍ਰੇਰਨਾਦਾਇਕ ਭਾਸ਼ਣ ਦਿੱਤਾ, ਸਿੱਖ ਗੁਰੂਆਂ ਦੀਆਂ ਮੱਤਭੇਦਾਂ ਨੂੰ ਦੂਰ ਕਰਨ ਅਤੇ ਏਕਤਾ ਨੂੰ ਵਧਾਉਣ ਦੀਆਂ ਸਿੱਖਿਆਵਾਂ ਨੂੰ ਉਜਾਗਰ ਕੀਤਾ। ਉਸਨੇ ਸਾਂਝੇ ਗਿਆਨ ਨੂੰ ਉਤਸ਼ਾਹਿਤ ਕਰਨ, ਸਾਂਝੀ ਵਿਰਾਸਤ ਦਾ ਜਸ਼ਨ ਮਨਾਉਣ ਅਤੇ ਸਾਂਝੇ ਸਮਾਗਮਾਂ ਦਾ ਆਯੋਜਨ ਕਰਕੇ ਏਕਤਾ ਨੂੰ ਮਜ਼ਬੂਤ ਕਰਨ ਦੀਆਂ ਯੋਜਨਾਵਾਂ ਦੀ ਰੂਪਰੇਖਾ ਉਲੀਕੀ।

ਐਲਕ ਗਰੋਵ ਸਿਟੀ ਦੀ ਮੇਅਰ ਬੌਬੀ ਸਿੰਘ ਐਲਨ ਨੇ ਕਿਹਾ, "ਸਾਡੇ ਭਾਈਚਾਰਿਆਂ ਲਈ ਇੱਕ ਦੂਜੇ ਤੋਂ ਸਿੱਖਣ ਦੇ ਇਹ ਸਾਰਥਕ ਮੌਕੇ ਹਨ। ਮੈਂ ਏਕਤਾ, ਵਿਸ਼ਵਾਸ ਅਤੇ ਫੈਲੋਸ਼ਿਪ ਨੂੰ ਵਧਾਉਣ ਲਈ ਨਿਰੰਤਰ ਸਹਿਯੋਗ ਦੀ ਉਮੀਦ ਕਰਦਾ ਹਾਂ।"

ਡਾ. ਭਾਵਿਨ ਪਾਰਿਖ (ਐਲਕ ਗਰੋਵ ਸਿਟੀ ਦੇ ਵਿਭਿੰਨਤਾ ਅਤੇ ਸ਼ਮੂਲੀਅਤ ਕਮਿਸ਼ਨਰ) ਨੇ ਕਿਹਾ, "ਇਹ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਡੂੰਘੀ ਏਕਤਾ ਨੂੰ ਦਰਸਾਉਂਦਾ ਹੈ, ਜੋ ਕਿ ਨਿਆਂ, ਲਚਕੀਲੇਪਣ ਅਤੇ ਅਟੁੱਟ ਵਿਸ਼ਵਾਸ ਦੀਆਂ ਸਾਂਝੀਆਂ ਕਦਰਾਂ-ਕੀਮਤਾਂ ਰਾਹੀਂ ਬਣਿਆ ਬੰਧਨ ਹੈ।"

## ਹਿਊਸਟਨ 'ਚ ਲੁੱਟਖੋਹ ਦੀ ਕੋਸ਼ਿਸ਼ ਦੌਰਾਨ ਹੋਈ ਗੋਲੀਬਾਰੀ ਵਿਚ 3 ਲੜਕੇ ਜ਼ਖਮੀ; 1 ਦੀ ਹਾਲਤ ਗੰਭੀਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਹਿਊਸਟਨ 'ਚ ਕੁਝ ਨੌਜਵਾਨਾਂ ਵੱਲੋਂ ਇਕ 25 ਸਾਲਾ ਵਿਅਕਤੀ ਨੂੰ ਲੁੱਟਣ ਦਾ ਯਤਨ ਕੀਤਾ ਗਿਆ। ਉਸ ਵਿਅਕਤੀ ਵੱਲੋਂ ਆਪਣੇ ਬਚਾਅ ਲਈ ਆਪਣੇ ਰਿਵਾਲਰ ਤੋਂ ਚਲਾਈਆਂ ਗੋਲੀਆਂ ਨਾਲ 3 ਨੌਜਵਾਨ ਜ਼ਖਮੀ ਹੋ ਜਾਣ ਦੀ ਖਬਰ ਹੈ। ਹੈਰਿਸ ਕਾਊਂਟੀ ਸ਼ੈਰਿਫ ਦਫਤਰ ਦੇ ਮੇਜਰ ਸੌਲ ਸੁਆਰਜ਼ ਨੇ ਜਾਰੀ ਇਕ ਪ੍ਰੈੱਸ ਬਿਆਨ ਵਿਚ ਕਿਹਾ ਹੈ ਕਿ ਲੁੱਟਖੋਹ ਦੀ ਘਟਨਾ ਅੱਧੀ ਰਾਤ ਤੋਂ ਬਾਅਦ ਵਾਪਰੀ। ਸੂਚਨਾ ਮਿਲਣ 'ਤੇ ਜਦੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ, ਤਾਂ ਉਨ੍ਹਾਂ ਨੂੰ 12 ਤੋਂ 14 ਸਾਲ ਦੇ ਉਮਰ ਦੇ 3 ਲੜਕੇ ਜ਼ਖਮੀ ਹਾਲਤ ਵਿਚ ਮਿਲੇ, ਜਿਨ੍ਹਾਂ ਨੂੰ ਨੇੜੇ ਦੇ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਅਨੁਸਾਰ ਇਕ ਲੜਕੇ ਦੀ ਹਾਲਤ ਗੰਭੀਰ ਹੈ, ਜਦਕਿ ਬਾਕੀ 2 ਸਥਿਰ ਹਾਲਤ ਵਿਚ ਹਨ। ਪੁਲਿਸ ਅਨੁਸਾਰ ਲੁੱਟਖੋਹ ਦੀ ਕੋਸ਼ਿਸ਼ ਵਿਚ ਇਕ ਲੜਕਾ ਸ਼ਾਮਲ ਸੀ। ਗੋਲੀ ਚਲਾਉਣ ਵਾਲੇ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਅਜੇ ਇਹ ਸਪੱਸ਼ਟ ਨਹੀਂ ਹੈ ਕਿ ਗ੍ਰਿਫਤਾਰ ਵਿਅਕਤੀ ਵਿਰੁੱਧ ਮਾਮਲਾ ਦਰਜ ਕੀਤਾ ਜਾਵੇਗਾ ਜਾਂ ਨਹੀਂ।

## ਨਵਜੋਤ ਸਿੱਧੂ ਵੱਲੋਂ ਰਾਸ਼ਟਰਪਤੀ ਨੂੰ ਚਿੱਠੀ ਲਿਖ ਡਾ. ਮਨਮੋਹਨ ਸਿੰਘ ਦੀ ਸਮਾਰਕ ਰਾਜਘਾਟ 'ਤੇ ਸਥਾਪਤ ਕਰਨ ਦੀ ਮੰਗ



**ਜਲੰਧਰ/ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਚਿੱਠੀ ਲਿਖ ਕੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸਮਾਰਕ (ਮੈਮੋਰੀਅਲ) ਰਾਜਘਾਟ 'ਤੇ ਸਥਾਪਤ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਰੇ ਸਾਬਕਾ ਪ੍ਰਧਾਨ ਮੰਤਰੀਆਂ ਦੀਆਂ ਸਮਾਰਕਾਂ ਬਣਾਈਆਂ ਗਈਆਂ ਹਨ, ਜਦਕਿ ਮਨਮੋਹਨ ਸਿੰਘ ਦੀ ਸਮਾਰਕ ਨੂੰ ਇਨਕਾਰ ਕਿਉਂ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਆਪਣੇ ਪੱਤਰ ਵਿਚ ਕਿਹਾ ਹੈ ਕਿ ਮੈਨੂੰ ਭਰੋਸਾ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਆਪਣੇ ਪੱਤਰ ਵਿਚ ਕਿਹਾ ਹੈ ਕਿ ਮੈਨੂੰ ਭਰੋਸਾ ਹੈ ਕਿ ਤੁਹਾਡੀ ਸਿਆਣਪ ਅਤੇ ਵਚਨਬੱਧਤਾ ਭਾਰਤ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਸੁਰੱਖਿਅਤ ਰੱਖਣ ਲਈ ਤੁਹਾਡੇ ਕੰਮਾਂ ਦਾ ਮਾਰਗਦਰਸ਼ਨ ਕਰੇਗੀ। ਦੋ ਪੰਨਿਆਂ ਦੀ ਚਿੱਠੀ ਵਿਚ ਉਨ੍ਹਾਂ ਨੇ ਕਈ ਗੱਲਾਂ ਨੂੰ ਗੰਭੀਰਤਾ ਨਾਲ ਉਠਾਇਆ ਹੈ।

ਨਵਜੋਤ ਸਿੰਘ ਸਿੱਧੂ ਨੇ ਚਿੱਠੀ ਵਿਚ ਲਿਖਿਆ ਕਿ ਸਾਰੇ ਸਾਬਕਾ ਪ੍ਰਧਾਨ ਮੰਤਰੀਆਂ ਦੀਆਂ ਯਾਦਗਾਰਾਂ ਉਨ੍ਹਾਂ ਦੇ ਯੋਗਦਾਨ ਦੇ ਸਨਮਾਨ ਵਿਚ ਬਣਾਈਆਂ ਗਈਆਂ ਹਨ। ਇਨ੍ਹਾਂ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਲਈ ਸ਼ਾਂਤੀ ਵੈਨ, ਲਾਲ ਬਹਾਦੁਰ ਸ਼ਾਸਤਰੀ ਲਈ ਵਿਜੇ ਘਾਟ, ਇੰਦਰਾ ਗਾਂਧੀ ਲਈ ਸ਼ਕਤੀ ਸਥਲ, ਰਾਜੀਵ ਗਾਂਧੀ ਲਈ ਵੀਰ ਭੂਮੀ ਅਤੇ ਅਟਲ ਬਿਹਾਰੀ ਵਾਜਪਾਈ ਲਈ ਸਦਾ ਅਟਲ ਸ਼ਾਮਲ ਹਨ। ਰਾਜਘਾਟ ਕੰਪਲੈਕਸ ਇਨ੍ਹਾਂ ਸਾਰੇ ਨੇਤਾਵਾਂ ਲਈ ਚੁਣਿਆ ਹੋਇਆ ਆਰਾਮ ਸਥਾਨ ਰਿਹਾ ਹੈ, ਜੋ ਸਾਡੀ ਜਮਹੂਰੀ ਵਿਰਾਸਤ ਦੇ ਭੰਡਾਰ ਵਜੋਂ ਇਸ ਦੀ ਪਵਿੱਤਰਤਾ ਨੂੰ ਦਰਸਾਉਂਦਾ ਹੈ।

ਹਾਲਾਂਕਿ, ਇਹ ਪ੍ਰੰਪਰਾ ਸਪੱਸ਼ਟ ਤੌਰ 'ਤੇ ਟੁੱਟ ਗਈ, ਜਦੋਂ ਡਾ. ਮਨਮੋਹਨ ਸਿੰਘ ਦਾ ਅੰਤਿਮ ਸੰਸਕਾਰ ਨਿਗਮਬੋਧ ਘਾਟ 'ਤੇ ਕੀਤਾ ਗਿਆ ਸੀ, ਜਿੱਥੇ ਕਿਸੇ ਹੋਰ ਪ੍ਰਧਾਨ ਮੰਤਰੀ ਦਾ ਅੰਤਿਮ ਸੰਸਕਾਰ ਨਹੀਂ ਕੀਤਾ ਗਿਆ ਸੀ ਅਤੇ ਉਨ੍ਹਾਂ ਦੀ ਸ਼ਾਨਦਾਰ ਵਿਰਾਸਤ ਨੂੰ ਯਾਦ ਕਰਨ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ, ਪ੍ਰੰਪਰਾ ਤੋਂ ਭਟਕਣਾ ਸਪੱਸ਼ਟ ਅਸੁਰੱਖਿਆ ਤੇ ਰਾਜਨੀਤਿਕ ਪੱਖਪਾਤ ਨੂੰ ਦਰਸਾਉਂਦਾ ਹੈ।

ਸਮਾਰਕਾਂ ਦੀ ਸਥਾਪਨਾ ਕੋਈ ਪੱਖਪਾਤੀ ਮੁੱਦਾ ਨਹੀਂ ਹੈ, ਸਗੋਂ ਭਾਰਤ ਦੇ ਗੌਰਵਮਈ ਇਤਿਹਾਸ ਨੂੰ ਸੁਰੱਖਿਅਤ ਰੱਖਣ ਅਤੇ ਇਸ ਦੀ ਕਿਸਮਤ ਨੂੰ ਆਕਾਰ ਦੇਣ ਵਾਲਿਆਂ ਦਾ ਸਨਮਾਨ ਕਰਨ ਦਾ ਕੰਮ ਹੈ। ਉਨ੍ਹਾਂ ਲਿਖਿਆ ਕਿ ਇਕ ਅਰਥ ਸ਼ਾਸਤਰੀ, ਸਿਆਸਤਦਾਨ ਅਤੇ ਨੇਤਾ ਵਜੋਂ ਡਾ. ਮਨਮੋਹਨ ਸਿੰਘ ਦੇ ਯੋਗਦਾਨ ਨੂੰ ਘੱਟ ਨਹੀਂ ਸਮਝਿਆ ਜਾ ਸਕਦਾ, ਜਿਸ ਨੇ ਇਕ ਦਹਾਕੇ ਦੇ ਪਰਿਵਰਤਨਸ਼ੀਲ ਵਿਕਾਸ ਅਤੇ ਗਲੋਬਲ ਏਕੀਕਰਣ ਦੁਆਰਾ ਮਾਰਗਦਰਸ਼ਨ ਕੀਤਾ। ਇਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਪੀ.ਵੀ. ਨਰਸਿਮਹਾ ਰਾਓ ਵਰਗੇ ਪ੍ਰਧਾਨ ਮੰਤਰੀ, ਜਿਨ੍ਹਾਂ ਦਾ ਅੰਤਿਮ ਸੰਸਕਾਰ ਦਿੱਲੀ ਤੋਂ ਬਾਹਰ ਕੀਤਾ ਗਿਆ ਸੀ, ਨੂੰ ਵੀ ਹੈਦਰਾਬਾਦ ਵਿਚ ਗਿਆਨ ਭੂਮੀ ਵਰਗੀਆਂ ਯਾਦਗਾਰਾਂ ਨਾਲ ਸਨਮਾਨਤ ਕੀਤਾ ਗਿਆ ਹੈ। ਸਮਾਰਕਾਂ ਨਾਲ ਨੇਤਾਵਾਂ ਦਾ ਸਨਮਾਨ ਕਰਨਾ ਭਾਰਤ ਦੇ ਲੋਕਤੰਤਰੀ ਸਿਧਾਂਤ ਦਾ ਇਕ ਅਨਿੱਖੜਵਾਂ ਅੰਗ ਰਿਹਾ ਹੈ, ਜੋ ਕਿ ਸਿਆਸੀ ਮਤਭੇਦਾਂ ਤੋਂ ਪਰ੍ਹੇ ਹੈ।

# ਭਾਜਪਾ ਨੂੰ ਇਸ ਸਾਲ ਮਿਲਿਆ ਕੁੱਲ੍ਹ 2,244 ਕਰੋੜ ਰੁਪਏ ਦਾ ਫੰਡ



**ਜਲੰਧਰ, (ਪੰਜਾਬ ਮੇਲ)-** ਇਸ ਸਾਲ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਕੁੱਲ੍ਹ 2,244 ਕਰੋੜ ਰੁਪਏ ਦਾ ਫੰਡ ਮਿਲਿਆ ਹੈ, ਜਿਸ ਵਿਚ ਦੇਸ਼ ਦੀਆਂ ਵੱਡੀਆਂ ਕੰਪਨੀਆਂ ਨੇ ਅਹਿਮ ਯੋਗਦਾਨ ਪਾਇਆ ਹੈ। ਰਿਪੋਰਟ ਮੁਤਾਬਕ ਇਸ ਵੱਡੀ ਰਕਮ ਵਿਚੋਂ ਅੱਧੇ ਤੋਂ ਵੱਧ ਫੰਡ 3 ਵੱਡੀਆਂ ਕੰਪਨੀਆਂ ਨੇ ਦਿੱਤਾ ਹੈ।

ਭਾਜਪਾ ਨੂੰ ਮਿਲੇ ਫੰਡ ਦਾ ਸਭ ਤੋਂ ਵੱਡਾ ਹਿੱਸਾ 2 ਚੋਣ ਟਰੱਸਟਾਂ, 1 ਸੂਰਜੀ ਊਰਜਾ ਕੰਪਨੀ ਅਤੇ 1 ਵੈਕਸੀਨੇਸ਼ਨ ਕੰਪਨੀ ਤੋਂ ਆਇਆ ਹੈ।

ਪਰੂਡੈਂਟ ਇਲੈਕਟੋਰਲ ਟਰੱਸਟ : ਇਸ ਟਰੱਸਟ ਨੇ ਪਾਰਟੀ ਨੂੰ ਸਭ ਤੋਂ ਵੱਧ 723.67 ਕਰੋੜ ਰੁਪਏ ਦਾ ਫੰਡ ਦਿੱਤਾ ਹੈ। ਇਹ ਫੰਡ ਪਾਰਟੀ ਦੇ ਕੁੱਲ ਫੰਡ ਦਾ ਅਹਿਮ ਹਿੱਸਾ ਹੈ।

ਟ੍ਰਾਇੰਫ ਇਲੈਕਟੋਰਲ ਟਰੱਸਟ : ਇਸ ਟਰੱਸਟ ਨੇ ਭਾਜਪਾ ਨੂੰ 127.50 ਕਰੋੜ ਰੁਪਏ ਦਾ ਫੰਡ ਦਿੱਤਾ ਹੈ, ਜੋ ਕਿ ਦੂਸਰੇ ਨੰਬਰ 'ਤੇ ਹੈ।

ਏ.ਸੀ.ਐੱਮ.ਈ. (ਸੂਰਜੀ ਊਰਜਾ ਕੰਪਨੀ) : ਗੁੜਗਾਓਂ ਸਥਿਤ ਸੋਲਰ ਐਨਰਜੀ ਕੰਪਨੀ ਏ.ਸੀ.ਐੱਮ.ਈ. ਨੇ ਪਾਰਟੀ ਨੂੰ 51 ਕਰੋੜ ਰੁਪਏ ਦਾ ਫੰਡ ਦਿੱਤਾ ਹੈ।

ਇਸ ਤੋਂ ਇਲਾਵਾ ਕੁਝ ਹੋਰ ਕੰਪਨੀਆਂ ਅਤੇ ਉਦਯੋਗਪਤੀ ਵੀ ਇਸ ਫੰਡ ਵਿਚ ਸ਼ਾਮਲ ਰਹੇ ਹਨ, ਜਿਨ੍ਹਾਂ ਵਿਚ ਭਾਰਤ ਬਾਇਓਟੈੱਕ ਇੰਟਰਨੈਸ਼ਨਲ ਲਿਮਟਿਡ ਅਤੇ ਦਿਨੇਸ਼ ਆਰ. ਅਗਰਵਾਲ ਇਨਫਰਾਕਾਨ ਪ੍ਰਾਈਵੇਟ ਲਿਮਟਿਡ ਵਰਗੀਆਂ ਕੰਪਨੀਆਂ ਨੇ 50-50 ਕਰੋੜ ਰੁਪਏ ਦਾ ਯੋਗਦਾਨ ਪਾਇਆ। ਫਾਰਮਾਸਿਊਟੀਕਲਜ਼ ਕੰਪਨੀਆਂ ਦਾ ਵੀ ਮਹੱਤਵਪੂਰਨ ਯੋਗਦਾਨ ਰਿਹਾ, ਜਿਨ੍ਹਾਂ 'ਚ ਜ਼ਾਈਡਸ ਹੈਲਥਕੇਅਰ ਲਿਮਟਿਡ (25.05 ਕਰੋੜ ਰੁਪਏ), ਮੈਕਲਿਓਡਜ਼ ਫਾਰਮਾਸਿਊਟੀਕਲਜ਼ ਲਿਮਟਿਡ ਅਤੇ ਇੰਟਾਸ ਫਾਰਮਾਸਿਊਟੀਕਲਜ਼ ਲਿਮਟਿਡ (25 ਕਰੋੜ ਰੁਪਏ) ਸ਼ਾਮਲ ਹਨ। ਅਜੰਤਾ ਫਾਰਮਾਸਿਊਟੀਕਲਜ਼ ਲਿਮਟਿਡ, ਟ੍ਰੋਇਕਾ ਤੇ ਕੈਡੀਲਾ ਨੇ 5-5 ਕਰੋੜ ਰੁਪਏ ਦਾ ਯੋਗਦਾਨ ਦਿੱਤਾ ਹੈ।

ਇਸ ਤੋਂ ਇਲਾਵਾ ਕਈ ਹੋਰ ਲੋਕਾਂ ਨੇ ਵੀ ਪਾਰਟੀ ਨੂੰ ਦਾਨ ਵਜੋਂ ਵੱਡੀ ਰਕਮ ਦਿੱਤੀ ਹੈ। ਇਨ੍ਹਾਂ ਵਿਚ ਪੰਕਜ ਕੁਮਾਰ ਸਿੰਘ ਨੇ ਸਭ ਤੋਂ ਵੱਧ 15 ਕਰੋੜ ਰੁਪਏ, ਰਮੇਸ਼ ਕੁਲਕਰਨੀ ਨੇ 12 ਕਰੋੜ ਰੁਪਏ ਅਤੇ ਸੁਨੀਲ ਵਾਚਾਨੀ ਨੇ 10 ਕਰੋੜ ਦਾ ਯੋਗਦਾਨ ਪਾਇਆ ਹੈ।

ਇਸ ਦੇ ਨਾਲ ਹੀ ਕਾਂਗਰਸ ਪਾਰਟੀ ਨੂੰ 289 ਕਰੋੜ ਰੁਪਏ ਦਾ ਫੰਡ ਮਿਲਿਆ ਹੈ, ਜਿਸ ਵਿਚ ਪਰੂਡੈਂਟ ਇਲੈਕਟੋਰਲ ਟਰੱਸਟ ਦਾ ਯੋਗਦਾਨ 156.40 ਕਰੋੜ ਰੁਪਏ ਹੈ। ਇਸ ਤੋਂ ਇਲਾਵਾ 2 ਕਾਰਪੋਰੇਟ ਘਰਾਣਿਆਂ ਤੋਂ ਵੀ ਤਕਰੀਬਨ 34 ਕਰੋੜ ਰੁਪਏ ਫੰਡ ਵਜੋਂ ਪ੍ਰਾਪਤ ਹੋਏ ਹਨ।


ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com



Wish You A Happy New Year

CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO • HOME • TRUCK • BUSINESS • LIFE • MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services

Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

Dr. Bindra Clinic
Dental Care & Hair Transplant
COSMETIC - IMPLANT - RESTORATIVE

ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।

Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in


Dr. Samarpan Kaur
B.D.S, M.H.M

# ਦਿੱਲੀ ਵਿਧਾਨ ਸਭਾ ਚੋਣਾਂ: ਭਾਜਪਾ ਤੇ ਕਾਂਗਰਸ ਨੂੰ ਕਰਨਾ ਪਵੇਗਾ ਔਖੀ ਪ੍ਰੀਖਿਆ ਦਾ ਸਾਹਮਣਾ

ਨਵੀਂ ਦਿੱਲੀ, (ਪੰਜਾਬ ਮੇਲ)- ਜੇ ਕਾਂਗਰਸ ਇਸ ਸਾਲ ਜੂਨ 'ਚ ਲੋਕ ਸਭਾ ਦੀਆਂ 99 ਸੀਟਾਂ ਹਾਸਲ ਕਰਨ ਤੋਂ ਬਾਅਦ ਖੁਸ਼ ਸੀ, ਤਾਂ ਭਾਜਪਾ ਇਸ ਸਾਲ ਦੇ ਅੰਤ 'ਚ ਹਰਿਆਣਾ ਤੇ ਮਹਾਰਾਸ਼ਟਰ 'ਚ ਇਤਿਹਾਸ ਰਚਣ ਤੋਂ ਬਾਅਦ ਮਨੋਬਲ ਦੇ ਸਿਖਰ 'ਤੇ ਸੀ।

ਦੋਵਾਂ ਪਾਰਟੀਆਂ ਨੂੰ ਦਿੱਲੀ ਵਿਧਾਨ ਸਭਾ ਚੋਣਾਂ 'ਚ ਲਗਾਤਾਰ ਤਿੰਨ ਸ਼ਰਮਨਾਕ ਹਾਰਾਂ ਤੋਂ ਬਾਅਦ ਫਰਵਰੀ 2025 'ਚ ਔਖੀ ਪ੍ਰੀਖਿਆ ਦਾ ਸਾਹਮਣਾ ਕਰਨਾ ਪਵੇਗਾ।

ਰਾਸ਼ਟਰੀ ਰਾਜਧਾਨੀ 'ਚ ਕਾਂਗਰਸ ਦਾ ਸਫਾਇਆ ਹੋ ਚੁੱਕਾ ਹੈ। 2020 ਦੀਆਂ ਵਿਧਾਨ ਸਭਾ ਚੋਣਾਂ 'ਚ ਉਸ ਨੂੰ ਸਿਰਫ਼ 4.7 ਫੀਸਦੀ ਵੋਟਾਂ ਮਿਲੀਆਂ ਸਨ। ਦੂਜੇ ਪਾਸੇ ਮੁੱਖ ਵਿਰੋਧੀ ਪਾਰਟੀ ਭਾਜਪਾ ਜੋ ਕਦੇ ਦਿੱਲੀ 'ਤੇ ਰਾਜ ਕਰਦੀ ਸੀ, ਨੂੰ 2013 'ਚ ਸਭ ਤੋਂ ਘੱਟ ਵੋਟ ਸ਼ੇਅਰ 24 ਫੀਸਦੀ ਮਿਲਿਆ ਸੀ। 2015 'ਚ ਇਹ ਹੋਰ ਘੱਟ ਕੇ 10 ਫੀਸਦੀ ਰਹਿ ਗਿਆ ਸੀ।



ਹੱਥ 'ਚ ਸੰਵਿਧਾਨ ਦੀ ਕਾਪੀ ਲੈ ਕੇ ਰਾਹੁਲ ਗਾਂਧੀ ਅਰਵਿੰਦ ਕੇਜਰੀਵਾਲ ਨੂੰ ਝਟਕਾ ਦੇਣ ਦੀ ਆਪਣੀ ਕਲਪਨਾ ਦੀ ਦੁਨੀਆਂ 'ਚ ਜੀਅ ਰਹੇ ਹਨ। ਉਨ੍ਹਾਂ ਪਿਛਲੇ 11 ਸਾਲਾਂ ਤੋਂ ਦਿੱਲੀ ਦੇ ਲੋਕਾਂ ਦੀ ਕਲਪਨਾ 'ਤੇ ਹੌਲੀ-ਹੌਲੀ ਕਬਜ਼ਾ ਕਰ ਲਿਆ ਹੈ।

ਮੁਫ਼ਤ ਦੀ ਦੁਨੀਆਂ ਵਾਲੀ ਕਲਾ 'ਚ ਕੇਜਰੀਵਾਲ ਨੇ ਬਹੁਤ ਪਹਿਲਾਂ ਹੀ ਮੁਹਾਰਤ ਹਾਸਲ ਕਰ ਲਈ ਸੀ। ਕਾਂਗਰਸ ਦੀ ਰਣਨੀਤੀ ਹੈ ਕਿ ਜੇ ਭਾਜਪਾ ਇਸ 'ਪ੍ਰਦੂਸ਼ਿਤ ਅਤੇ ਗੰਦੇ ਸ਼ਹਿਰ' 'ਤੇ ਕਬਜ਼ਾ ਕਰਨ 'ਚ ਸਫਲ ਹੋ ਵੀ ਜਾਂਦੀ ਹੈ, ਤਾਂ ਵੀ ਉਹ 'ਆਪ' ਨੂੰ ਹਰਾਉਣਾ ਚਾਹੁੰਦੀ ਹੈ।

ਕਾਂਗਰਸ ਅਜਿਹਾ ਕਰ ਸਕਦੀ ਹੈ ਪਰ ਸ਼ਰਤ ਇਹ ਹੈ ਕਿ ਉਹ ਆਪਣਾ ਵੋਟ ਸ਼ੇਅਰ 6 ਤੋਂ 10 ਫੀਸਦੀ ਤੱਕ ਸੁਧਾਰੇ। ਇਹ ਕਿਵੇਂ ਹੋ ਸਕਦਾ ਹੈ?

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਦੀ ਅਗਵਾਈ ਹੇਠ ਅਤੇ ਆਰ.ਐੱਸ.ਐੱਸ. ਦੇ ਪੂਰਨ ਸਹਿਯੋਗ ਨਾਲ ਭਾਜਪਾ ਦੀ ਜੰਗੀ ਮਸ਼ੀਨ 1998 ਤੋਂ 'ਮਿਸ਼ਨ ਦਿੱਲੀ' 'ਤੇ ਲੱਗੀ ਹੋਈ ਹੈ।

ਜੇ 1998-2013 ਦਰਮਿਆਨ ਕਾਂਗਰਸ ਨੇ ਦਿੱਲੀ 'ਤੇ ਰਾਜ ਕੀਤਾ, ਤਾਂ ਕੇਜਰੀਵਾਲ ਵੀ 2013 ਤੋਂ ਸੱਤਾ 'ਤੇ ਹਨ। 'ਆਪ' ਨੂੰ 2013 'ਚ 29 ਫੀਸਦੀ ਵੋਟਾਂ ਮਿਲੀਆਂ ਸਨ। 2015 ਤੇ 2020 ਦੀਆਂ ਵਿਧਾਨ ਸਭਾ ਚੋਣਾਂ 'ਚ ਇਹ ਫੀਸਦੀ 54 ਤੱਕ ਪਹੁੰਚ ਗਈ ਸੀ।

ਦੂਜੇ ਪਾਸੇ ਭਾਜਪਾ ਦਾ ਵੋਟ ਸ਼ੇਅਰ 2015 'ਚ 32 ਤੇ 2020 'ਚ 38 ਫੀਸਦੀ ਸੀ। ਇਸ ਨੂੰ ਘੱਟੋ-ਘੱਟ 42-44 ਫੀਸਦੀ ਤੱਕ ਪਹੁੰਚਣ ਦੀ ਲੋੜ ਹੈ। ਕਾਂਗਰਸ ਨੂੰ ਵੀ 10 ਫੀਸਦੀ ਦੇ ਅੰਕੜੇ ਨੂੰ ਛੂਹਣ ਦੀ ਲੋੜ ਹੈ। ਇਹ ਦੋਹਾਂ ਕੌਮੀ ਪਾਰਟੀਆਂ ਲਈ ਇਕ ਔਖੀ ਪ੍ਰੀਖਿਆ ਵਾਂਗ ਹੈ।

# ਕੇਜਰੀਵਾਲ ਵੱਲੋਂ ਭਾਜਪਾ 'ਤੇ ਵੋਟਰ ਸੂਚੀ 'ਚ ਛੇੜਛਾੜ ਕਰਨ ਦਾ ਦੋਸ਼

ਨਵੀਂ ਦਿੱਲੀ, (ਪੰਜਾਬ ਮੇਲ)- ਆਮ ਆਦਮੀ ਪਾਰਟੀ (ਆਪ) ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਐਤਵਾਰ ਨੂੰ ਭਾਜਪਾ 'ਤੇ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਰ ਸੂਚੀ 'ਚ ਹੇਰਾਫੇਰੀ ਕਰਨ ਦਾ ਦੋਸ਼ ਲਾਇਆ ਹੈ। ਰਾਜ ਸਭਾ ਮੈਂਬਰ ਰਾਘਵ ਚੱਢਾ ਅਤੇ ਦਿੱਲੀ ਦੇ ਮੁੱਖ ਮੰਤਰੀ ਆਤਿਸ਼ੀ ਦੇ ਨਾਲ ਇੱਕ ਪ੍ਰੈੱਸ ਕਾਨਫਰੰਸ ਵਿਚ ਕੇਜਰੀਵਾਲ ਨੇ ਦਾਅਵਾ ਕੀਤਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਮਜ਼ਬੂਤ ਉਮੀਦਵਾਰ ਜਾਂ ਮੁੱਦਿਆਂ ਨੂੰ ਪੇਸ਼ ਕਰਨ ਵਿਚ ਅਸਫਲ ਰਹਿਣ ਤੋਂ ਬਾਅਦ "ਅਣਉਚਿਤ ਢੰਗਾਂ" ਨਾਲ ਚੋਣਾਂ ਜਿੱਤਣ ਦੀ ਕੋਸ਼ਿਸ਼ ਕਰ ਰਹੀ ਹੈ।

ਕੇਜਰੀਵਾਲ ਨੇ ਕਿਹਾ, "ਭਾਜਪਾ ਪਹਿਲਾਂ ਹੀ ਚੋਣਾਂ ਹਾਰ ਚੁੱਕੀ ਹੈ। ਉਸ ਕੋਲ ਮੁੱਖ ਮੰਤਰੀ ਦੇ ਅਹੁਦੇ ਲਈ ਕੋਈ ਚਿਹਰਾ ਜਾਂ ਢੁਕਵਾਂ ਉਮੀਦਵਾਰ ਵੀ ਨਹੀਂ ਹੈ। ਉਸਦਾ ਉਦੇਸ਼ ਸਿਰਫ਼ ਹੇਰਾਫੇਰੀ ਨਾਲ ਜਿੱਤਣਾ ਹੈ ਪਰ ਅਸੀਂ ਉਸਨੂੰ ਕਾਮਯਾਬ ਨਹੀਂ ਹੋਣ ਦੇਵਾਂਗੇ।" ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਇਹ ਵੀ ਦੋਸ਼ ਲਾਇਆ ਕਿ ਭਾਜਪਾ ਨੇ ਇਕੱਲੇ ਇਕ ਹਲਕੇ ਦੇ 11,000 ਵੋਟਰਾਂ ਦੇ ਨਾਂ ਮਿਟਾਉਣ ਲਈ ਅਰਜ਼ੀਆਂ ਦਿੱਤੀਆਂ ਸਨ ਪਰ ਮੁੱਖ ਚੋਣ ਕਮਿਸ਼ਨਰ ਦੇ ਦਖਲ ਤੋਂ ਬਾਅਦ ਇਹ ਕਦਮ ਰੋਕ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਅਸੀਂ ਇਸ ਦਾ ਪਰਦਾਫਾਸ਼ ਕੀਤਾ ਅਤੇ ਸ਼ੁਕਰ ਹੈ ਕਿ ਇਸ ਨੂੰ ਰੋਕ ਦਿੱਤਾ ਗਿਆ।



ਕੇਜਰੀਵਾਲ ਨੇ ਕਿਹਾ ਕਿ 15 ਦਸੰਬਰ ਨੂੰ ਵੱਡੇ ਪੈਮਾਨੇ 'ਤੇ ਮੁਹਿੰਮ ਸ਼ੁਰੂ ਕੀਤੀ ਗਈ, ਜਿਸ ਤਹਿਤ ਉਨ੍ਹਾਂ ਦੇ ਵਿਧਾਨ ਸਭਾ ਹਲਕੇ ਨਵੀਂ ਦਿੱਲੀ 'ਚ ਹੁਣ ਤੱਕ 5,000 ਵੋਟਰਾਂ ਦੇ ਨਾਂ ਮਿਟਾਉਣ ਅਤੇ 7,500 ਵੋਟਰਾਂ ਦੇ ਨਾਂ ਜੋੜਨ ਦੀਆਂ ਅਰਜ਼ੀਆਂ ਦਾਇਰ ਕੀਤੀਆਂ ਗਈਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਸ ਨਾਲ ਹਲਕੇ ਦੀਆਂ 12 ਫ਼ੀਸਦੀ ਵੋਟਾਂ ਬਦਲ ਸਕਦੀਆਂ ਹਨ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ 20 ਅਗਸਤ ਤੋਂ 20 ਅਕਤੂਬਰ ਤੱਕ ਕੀਤੀ ਗਈ ਸੰਖੇਪ ਸੁਧਾਈ ਤੋਂ ਬਾਅਦ 29 ਅਕਤੂਬਰ ਨੂੰ ਪ੍ਰਕਾਸ਼ਿਤ ਵੋਟਰ ਸੂਚੀ ਅਨੁਸਾਰ ਹਲਕੇ ਵਿਚ ਕੁੱਲ ਵੋਟਰਾਂ ਦੀ ਗਿਣਤੀ 106,873 ਹੈ।

ਕੇਜਰੀਵਾਲ ਨੇ ਇਲਜ਼ਾਮ ਲਾਇਆ, "ਅਪਰੇਸ਼ਨ ਲੋਟਸ" ਹੁਣ ਮੇਰੇ ਹਲਕੇ ਵਿਚ ਪਹੁੰਚ ਗਿਆ ਹੈ। ਉਹ ਚੋਣ ਨਤੀਜਿਆਂ ਨੂੰ ਬਦਲਣ ਲਈ ਵੋਟਰ ਸੂਚੀ ਵਿਚ ਹੇਰਾਫੇਰੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਹੇਰਾਫੇਰੀ ਲੋਕਤੰਤਰ ਨੂੰ ਕਮਜ਼ੋਰ ਕਰਦੀ ਹੈ। ਅਸੀਂ ਚੋਣ ਕਮਿਸ਼ਨ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਤਰ੍ਹਾਂ ਦੀਆਂ ਬੇਨਿਯਮੀਆਂ ਨੂੰ ਰੋਕਣ ਲਈ ਆਪਣੀ ਸਖ਼ਤ ਨਿਗਰਾਨੀ ਜਾਰੀ ਰੱਖਣ ਦੀ ਅਪੀਲ ਕਰਦੇ ਹਾਂ।" ਇਨ੍ਹਾਂ ਦੋਸ਼ਾਂ 'ਤੇ ਭਾਜਪਾ ਵੱਲੋਂ ਅਜੇ ਤੱਕ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ।

# ਅੰਮ੍ਰਿਤਸਰ ਹਵਾਈ ਅੱਡੇ ਤੋਂ ਨਵੀਆਂ ਉਡਾਣਾਂ ਹੋਈਆਂ ਸ਼ੁਰੂ

ਅੰਮ੍ਰਿਤਸਰ, (ਪੰਜਾਬ ਮੇਲ)- ਏਅਰ ਇੰਡੀਆ ਏਅਰਲਾਈਨਜ਼ ਵੱਲੋਂ 27 ਦਸੰਬਰ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਅੰਮ੍ਰਿਤਸਰ ਤੋਂ 2 ਨਵੀਆਂ ਉਡਾਣਾਂ ਸ਼ੁਰੂ ਕੀਤੀਆਂ ਗਈਆਂ ਹਨ। ਇਹ ਨਵੀਆਂ ਉਡਾਣਾਂ ਅੰਮ੍ਰਿਤਸਰ ਨੂੰ ਬੈਂਗਲੁਰੂ ਅਤੇ ਬੈਂਕਾਕ ਨਾਲ ਜੋੜਨਗੀਆਂ, ਜਿਸ ਨਾਲ ਸਮੇਂ ਦੀ ਬਚਤ ਹੋਵੇਗੀ ਅਤੇ ਯਾਤਰੀਆਂ ਨੂੰ ਵਧੇਰੇ ਸਹੂਲਤ ਮਿਲੇਗੀ ਅਤੇ ਖੇਤਰ ਦੀ ਸੰਪਰਕ ਵਧੇਗੀ। ਦੋਵੇਂ ਰੂਟ ਸੋਮਵਾਰ, ਬੁੱਧਵਾਰ, ਸ਼ੁੱਕਰਵਾਰ ਅਤੇ ਐਤਵਾਰ ਨੂੰ ਹਫ਼ਤੇ ਵਿਚ 4 ਵਾਰ ਚੱਲਣਗੇ। ਏਅਰਲਾਈਨ ਇਨ੍ਹਾਂ ਉਡਾਣਾਂ ਲਈ ਬੋਇੰਗ-737 ਮੈਕਸ-8 ਜਹਾਜ਼ ਨੂੰ ਵਰਤੋਂ ਵਿਚ ਉਤਾਰੇਗੀ।

ਏਅਰਲਾਈਨ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਉਡਾਣ ਬੈਂਗਲੁਰੂ ਤੋਂ ਸਵੇਰੇ 5.55 'ਤੇ ਰਵਾਨਾ ਹੋਵੇਗੀ ਅਤੇ ਸਵੇਰੇ 9.20 'ਤੇ ਅੰਮ੍ਰਿਤਸਰ ਪਹੁੰਚੇਗੀ।

# ਅਮਰੀਕਾ ਨੇ ਪਾਕਿ ਫੌਜੀ ਅਦਾਲਤ ਵੱਲੋਂ 25 ਨਾਗਰਿਕਾਂ ਨੂੰ ਸਜ਼ਾ ਸੁਣਾਉਣ 'ਤੇ ਚਿੰਤਾ ਜਤਾਈ

ਸਾਨ ਫਰਾਂਸਿਸਕੋ, (ਪੰਜਾਬ ਮੇਲ)- ਪਾਕਿਸਤਾਨ ਦੀ ਇਕ ਫੌਜੀ ਅਦਾਲਤ ਵੱਲੋਂ 25 ਪਾਕਿਸਤਾਨੀ ਨਾਗਰਿਕਾਂ ਨੂੰ ਸਜ਼ਾ ਸੁਣਾਏ ਜਾਣ 'ਤੇ ਚਿੰਤਾ ਜ਼ਾਹਿਰ ਕਰਦਿਆਂ ਅਮਰੀਕਾ ਨੇ ਕਿਹਾ ਕਿ ਇਨ੍ਹਾਂ ਅਦਾਲਤਾਂ 'ਚ ਨਿਆਇਕ ਆਜ਼ਾਦੀ, ਪਾਰਦਰਸ਼ਿਤਾ ਤੇ ਢੁੱਕਵੀਂ ਪ੍ਰਕਿਰਿਆ ਦੀ ਗਾਰੰਟੀ ਦੀ ਘਾਟ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੈਥਿਊ ਮਿੱਲਰ ਨੇ ਕਿਹਾ, 'ਪਾਕਿਸਤਾਨ 'ਚ ਨੌਂ ਮਈ 2023 ਨੂੰ ਹੋਏ ਰੋਸ ਮੁਜ਼ਾਹਰਿਆਂ 'ਚ ਹਿੱਸਾ ਲੈਣ ਲਈ ਪਾਕਿਸਤਾਨ ਦੀ ਇਕ ਫੌਜੀ ਅਦਾਲਤ ਵੱਲੋਂ ਪਾਕਿਸਤਾਨੀ ਨਾਗਰਿਕਾਂ ਨੂੰ ਸਜ਼ਾ ਸੁਣਾਏ ਜਾਣ ਤੋਂ ਅਮਰੀਕਾ ਬਹੁਤ ਚਿੰਤਤ ਹੈ। ਇਨ੍ਹਾਂ ਫੌਜੀ ਅਦਾਲਤਾਂ 'ਚ ਨਿਆਇਕ ਆਜ਼ਾਦੀ, ਪਾਰਦਰਸ਼ਿਤਾ ਤੇ ਢੁੱਕਵੀਂ ਪ੍ਰਕਿਰਿਆ ਦੀ ਗਾਰੰਟੀ ਦੀ ਘਾਟ

# ਪ੍ਰਵਾਸੀ ਨੀਤੀ 'ਤੇ ਮਸਕ ਤੇ ਭਾਰਤਵੰਸ਼ੀਆਂ ਨਾਲ ਭਿੜੇ ਟਰੰਪ ਦੇ ਕੱਟੜਪੰਥੀ ਸਮਰਥਕ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਚੋਣਾਂ 'ਚ ਪ੍ਰਚਾਰ ਕੀਤੀ ਗਈ ਪ੍ਰਵਾਸੀ ਨੀਤੀ ਨੂੰ ਲੈ ਕੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮਰਥਕ ਆਪਸ 'ਚ ਹੀ ਭਿੜ ਗਏ ਹਨ। ਟਰੰਪ ਦੇ ਸਮਰਥਕਾਂ ਦੇ ਕੱਟੜਪੰਥੀ ਸਮੂਹ ਮੈਗਾ (ਮੇਕ ਅਮੈਰਿਕਾ ਗ੍ਰੇਟ ਅਗੇਨ) ਦੇ ਮੈਂਬਰਾਂ ਅਤੇ ਟਰੰਪ ਸਮਰਥਕ ਅਰਬਪਤੀ ਐਲਨ ਮਸਕ ਵਿਚਾਲੇ ਮਾਹਿਰ ਆਈ.ਟੀ. ਇੰਜੀਨੀਅਰਾਂ ਨੂੰ ਬਾਹਰ ਕਰਨ 'ਤੇ ਆਪਸ 'ਚ ਹੀ ਵਿਵਾਦ ਹੋ ਗਿਆ ਹੈ।

ਟਰੰਪ ਵੱਲੋਂ ਸ਼੍ਰੀਰਾਮ ਕ੍ਰਿਸ਼ਨਨ ਨੂੰ ਆਰਟੀਫਿਸ਼ੀਅਲ ਇੰਟੈਲੀਜੈਂਸ ਨੀਤੀ ਦਾ ਸੀਨੀਅਰ ਸਲਾਹਕਾਰ ਬਣਾਏ ਜਾਣ ਕਾਰਨ ਮੈਗਾ ਸਮੂਹ ਦੇ ਮੈਂਬਰ ਨਾਰਾਜ਼ ਹੋ ਗਏ ਹਨ। ਨਿਯੁਕਤੀ ਪਿੱਛੋਂ ਕ੍ਰਿਸ਼ਨਨ ਨੇ ਬਿਆਨ ਦਿੱਤਾ ਹੈ ਕਿ ਸਾਨੂੰ ਵਿਦੇਸ਼ਾਂ ਵਿਚ ਪੈਦਾ ਹੋਏ ਆਈ.ਟੀ. ਇੰਜੀਨੀਅਰਾਂ ਦੀ ਲੋੜ ਹੈ। ਪਹਿਲੀ ਪੀੜ੍ਹੀ ਦੇ ਇੰਜੀਨੀਅਰ ਵੀ ਵਿਦੇਸ਼ਾਂ 'ਚ ਪੈਦਾ ਹੋਏ ਸਨ। ਇਸ ਤੋਂ ਬਾਅਦ ਮੈਗਾ ਸਮੂਹ ਦੀ ਕੱਟੜ ਦੱਖਣਪੰਥੀ ਵਰਕਰ ਲੌਰਾ ਲੂਮਰ ਤੇ ਮੈਟ ਗਾਇਟਜ਼ ਸ਼੍ਰੀਰਾਮ ਕ੍ਰਿਸ਼ਨਨ ਦੀ ਨਿਯੁਕਤੀ ਦੇ ਖੁੱਲ੍ਹੇ ਵਿਰੋਧ 'ਚ ਉਤਰ ਆਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਨਿਯੁਕਤੀ ਅਤੇ ਕ੍ਰਿਸ਼ਨਨ ਦਾ ਬਿਆਨ ਟਰੰਪ ਦੇ ਉਸ ਚੋਣ ਵਾਅਦੇ ਦੇ ਖਿਲਾਫ ਹੈ ਕਿ ਅਪ੍ਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ 'ਚ ਭੇਜਿਆ ਜਾਵੇਗਾ। ਲੌਰਾ ਲੂਮਰ ਉਹੀ ਹਨ, ਜਿਨ੍ਹਾਂ ਨੇ ਚੋਣ ਪ੍ਰਚਾਰ ਦੌਰਾਨ ਹੈਤੀ ਦੇ ਪ੍ਰਵਾਸੀਆਂ ਖਿਲਾਫ ਟਰੰਪ ਦੇ ਸਮਰਥਨ 'ਚ ਇਹ ਅਫਵਾਹ ਫੈਲਾਈ ਸੀ ਕਿ ਉਹ ਪ੍ਰਵਾਸੀ ਅਮਰੀਕੀਆਂ ਦੇ ਪਾਲਤੂ ਜਾਨਵਰਾਂ ਨੂੰ ਚੋਰੀ ਕਰ ਕੇ ਖਾ ਰਹੇ ਹਨ।



ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ
e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉੱਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡੀਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


# ਨਸ਼ੇ ਲਈ ਥਾਣੇਦਾਰ ਨੇ ਗੈਂਗਸਟਰਾਂ ਕੋਲ ਗਹਿਣੇ ਰੱਖਿਆ ਸਰਵਿਸ ਰਿਵਾਲਵਰ

ਤਰਨਤਾਰਨ, (ਪੰਜਾਬ ਮੇਲ)- ਨਸ਼ੇ ਦੇ ਆਦੀ ਪੁਲਿਸ ਅਧਿਕਾਰੀ ਨੇ ਆਪਣਾ ਸਰਵਿਸ ਰਿਵਾਲਰ ਕੈਨੇਡਾ ਬੈਠੇ ਅੱਤਵਾਦੀ ਲਖਬੀਰ ਸਿੰਘ ਹਰੀਕੇ ਦੇ ਗੁਰਗੇ ਕੋਲ ਦਸ ਹਜ਼ਾਰ ਰੁਪਏ 'ਚ ਗਿਰਵੀ ਰੱਖਿਆ ਸੀ। ਉਕਤ ਰਿਵਾਲਵਰ ਦੇ ਜ਼ੋਰ 'ਤੇ ਸਿਹਤ ਵਿਭਾਗ ਦੇ ਸੇਵਾਮੁਕਤ ਵੀਰ ਸਿੰਘ ਤੋਂ 50 ਲੱਖ ਰੁਪਏ ਦੀ ਰੰਗਦਾਰੀ ਵਸੂਲਣ ਨਿਕਲੇ ਉਕਤ ਗੁਰਗਿਆਂ ਦਾ ਪੁਲਿਸ ਨਾਲ ਮੁਕਾਬਲਾ ਹੋ ਗਿਆ। ਦੋ ਗੁਰਗੇ ਜ਼ਖ਼ਮੀ ਹੋ ਗਏ। ਮੌਕੇ 'ਤੇ ਤਿੰਨਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਪੁੱਛਗਿੱਛ ਕੀਤੀ ਗਈ ਹੈ। ਇਸ ਦੌਰਾਨ ਪੁਲਿਸ ਅਧਿਕਾਰੀ ਦਾ ਵੀ ਪਰਦਾਫ਼ਾਸ਼ ਹੋ ਗਿਆ। ਥਾਣਾ ਚੋਹਲਾ ਸਾਹਿਬ 'ਚ ਬਤੌਰ ਮੁਨਸ਼ੀ ਤਾਇਨਾਤ ਏ.ਐੱਸ.ਆਈ. ਪਵਨਦੀਪ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਸਸਪੈਂਡ ਕਰ ਦਿੱਤਾ ਗਿਆ ਹੈ। ਉਧਰ ਡੀ.ਜੀ.ਪੀ. ਗੌਰਵ ਯਾਦਵ ਨੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ।



ਏ.ਐੱਸ.ਆਈ. ਪਵਨਦੀਪ ਸਿੰਘ।

ਕੈਨੇਡਾ 'ਚ ਬੈਠ ਕੇ ਪੰਜਾਬ ਤੇ ਹੋਰ ਸੂਬਿਆਂ 'ਚ ਅੱਤਵਾਦੀ ਵਾਰਦਾਤਾਂ ਨੂੰ ਅੰਜਾਮ ਦਿਵਾਉਣ ਵਾਲੇ ਲਖਬੀਰ ਸਿੰਘ ਹਰੀਕੇ ਨੇ ਕੁਝ ਦਿਨ ਪਹਿਲਾਂ ਸਿਹਤ ਵਿਭਾਗ ਤੋਂ ਸੇਵਾਮੁਕਤ ਵੀਰ ਸਿੰਘ ਤੋਂ ਇਕ ਕਰੋੜ ਰੁਪਏ ਦੀ ਰੰਗਦਾਰੀ ਮੰਗੀ ਸੀ। ਵੀਰ ਸਿੰਘ ਦੇ ਹਾਮੀ ਨਾ ਭਰਨ ਕਾਰਨ ਰਕਮ 50 ਲੱਖ ਕਰ ਦਿੱਤੀ ਗਈ ਸੀ। ਵੀਰ ਸਿੰਘ ਨੇ ਥਾਣਾ ਚੋਹਲਾ ਸਾਹਿਬ 'ਚ ਅੱਤਵਾਦੀ ਲਖਬੀਰ ਸਿੰਘ ਹਰੀਕੇ ਖ਼ਿਲਾਫ਼ ਕੇਸ ਦਰਜ ਕਰਵਾਇਆ। ਅੱਤਵਾਦੀ ਨੇ ਵੀਰ ਸਿੰਘ ਨੂੰ ਡਰਾਉਣ ਲਈ ਯਾਦਵਿੰਦਰ ਸਿੰਘ ਉਰਫ ਯਾਦਾ, ਕੁਲਦੀਪ ਸਿੰਘ ਉਰਫ ਲੱਡੂ ਤੇ ਪ੍ਰਭਦੀਪ ਸਿੰਘ ਉਰਫ ਜੱਜ ਨੂੰ ਉਸ ਦੇ ਘਰ 'ਤੇ ਗੋਲੀਆਂ ਚਲਾਉਣ ਦੀ ਜ਼ਿੰਮੇਵਾਰੀ ਸੌਂਪੀ।

ਉਧਰ ਵੀਰ ਸਿੰਘ ਦੀ ਸ਼ਿਕਾਇਤ ਤੋਂ ਬਾਅਦ ਪੁਲਿਸ ਨੇ ਮੰਗਲਵਾਰ ਰਾਤ ਮੰਡ ਖੇਤਰ 'ਚ ਵਾਰਦਾਤ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਤਿੰਨਾਂ ਗੁਰਗਿਆਂ ਨੂੰ ਟ੍ਰੇਸ ਕਰ ਲਿਆ। ਡੀ.ਐੱਸ.ਪੀ. ਅਤੁਲ ਸੋਨੀ, ਸੀ.ਆਈ.ਏ. ਸਟਾਫ ਇੰਚਾਰਜ ਇੰਸਪੈਕਟਰ ਅਮਨਦੀਪ ਸਿੰਘ, ਥਾਣਾ ਚੋਹਲਾ ਸਾਹਿਬ ਇੰਚਾਰਜ ਰਾਜੁਕਮਾਰ 'ਤੇ ਆਧਾਰਿਤ ਵਿਸ਼ੇਸ਼ ਟੀਮ ਨੇ ਮੰਡ 'ਚ ਛਾਪੇਮਾਰੀ ਕੀਤੀ। ਪੁਲਿਸ ਨੂੰ ਦੇਖ ਕੇ ਤਿੰਨਾਂ ਮੁਲਜ਼ਮਾਂ ਨੇ ਪੁਲਿਸ 'ਤੇ ਗੋਲੀਆਂ ਚਲਾਈਆਂ। ਜਵਾਬੀ ਕਾਰਵਾਈ 'ਚ ਕੁਲਦੀਪ ਸਿੰਘ ਉਰਫ ਲੱਡੂ ਤੇ ਯਾਦਵਿੰਦਰ ਸਿੰਘ ਉਰਫ ਯਾਦਾ ਦੇ ਪੈਰਾਂ 'ਚ ਗੋਲੀਆਂ ਲੱਗੀਆਂ, ਜਦਕਿ ਪ੍ਰਭਦੀਪ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਦੇ ਕਬਜ਼ੇ 'ਚੋਂ 32 ਬੋਰ ਦੀ ਪਿਸਤੌਲ, ਇਕ ਮੈਗਜ਼ੀਨ, ਚਾਰ ਕਾਰਤੂਸ, ਤਿੰਨ ਖਾਲੀ ਖੋਲ੍ਹ ਬਰਾਮਦ ਕੀਤੇ ਗਏ।

# ਮਰਨ ਵਰਤ: ਪੰਜਾਬ ਸਰਕਾਰ ਦੀ ਟੇਕ ਹੁਣ ਕੇਂਦਰ 'ਤੇ

**ਚੰਡੀਗੜ੍ਹ, (ਪੰਜਾਬ ਮੇਲ)-** ਖਨੌਰੀ ਬਾਰਡਰ 'ਤੇ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਾਮਲੇ 'ਚ ਪੰਜਾਬ ਸਰਕਾਰ ਦੀ ਟੇਕ ਹੁਣ ਕੇਂਦਰ ਸਰਕਾਰ 'ਤੇ ਹੈ। ਉਂਜ, ਸੁਪਰੀਮ ਕੋਰਟ ਵੱਲੋਂ ਦੋ ਦਿਨਾਂ ਦੀ ਮੋਹਲਤ ਦਿੱਤੇ ਜਾਣ ਨਾਲ ਸੂਬਾ ਸਰਕਾਰ ਨੂੰ ਆਰਜ਼ੀ ਰਾਹਤ ਜ਼ਰੂਰ ਮਿਲੀ ਹੈ। ਪੰਜਾਬ ਸਰਕਾਰ ਦੀਆਂ ਨਜ਼ਰਾਂ ਹੁਣ ਕੇਂਦਰ ਸਰਕਾਰ 'ਤੇ ਲੱਗੀਆਂ ਹੋਈਆਂ ਹਨ ਕਿ ਕੇਂਦਰ ਸਰਕਾਰ ਕਿਸਾਨਾਂ ਨੂੰ ਗੱਲਬਾਤ ਦਾ ਰਸਮੀ ਸੱਦਾ ਕਦੋਂ ਭੇਜਦੀ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ ਸੁਪਰੀਮ ਕੋਰਟ ਵਿਚ 2 ਜਨਵਰੀ ਨੂੰ ਹੋਣੀ ਹੈ।

- **ਸੁਪਰੀਮ ਕੋਰਟ ਦੇ ਫ਼ੈਸਲੇ ਨਾਲ ਆਰਜ਼ੀ ਰਾਹਤ ਮਿਲੀ**
- **ਸੂਬਾ ਸਰਕਾਰ ਨੂੰ ਕੇਂਦਰ ਤੋਂ ਗੱਲਬਾਤ ਲਈ ਸੱਦੇ ਦੀ ਉਡੀਕ**



ਪੰਜਾਬ ਦੇ ਐਡਵੋਕੇਟ ਜਨਰਲ ਨੇ ਦਾਇਰ ਹਲਫ਼ੀਆ ਬਿਆਨ 'ਚ ਕਿਹਾ ਹੈ ਕਿ ਕਿਸਾਨਾਂ ਵੱਲੋਂ ਕੇਂਦਰ ਨੂੰ ਪ੍ਰਸਤਾਵ ਭੇਜਿਆ ਗਿਆ ਹੈ ਕਿ ਜੇ ਕੇਂਦਰ ਗੱਲਬਾਤ ਦਾ ਰਾਹ ਖੋਲ੍ਹਦਾ ਹੈ, ਤਾਂ ਉਹ ਮੈਡੀਕਲ ਸਹਾਇਤਾ ਲੈਣ ਬਾਰੇ ਸੋਚ ਸਕਦੇ ਹਨ। ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਦੇ ਸੱਦੇ ਦੀ ਉਡੀਕ ਬਣੀ ਰਹੀ। ਸੂਬਾ ਸਰਕਾਰ ਇਸ ਗੱਲੋਂ ਵੀ ਰਾਹਤ ਮਹਿਸੂਸ ਕਰ ਰਹੀ ਹੈ ਕਿ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਨੇ ਗੱਲਬਾਤ ਲਈ ਹਾਮੀ ਭਰੀ ਹੈ।

ਸੂਤਰ ਦੱਸਦੇ ਹਨ ਕਿ ਕੇਂਦਰੀ ਖੇਤੀ ਮੰਤਰਾਲਾ ਗੱਲਬਾਤ ਲਈ ਸੱਦਾ ਭੇਜਦਾ ਹੈ, ਤਾਂ ਮਰਨ ਵਰਤ 'ਤੇ ਬੈਠੇ ਡੱਲੇਵਾਲ ਦੀ ਜ਼ਿੰਦਗੀ ਦਾ ਫ਼ੌਰੀ ਖ਼ਤਰਾ ਟਲ ਜਾਵੇਗਾ। ਪੰਜਾਬ ਸਰਕਾਰ ਪਿਛਲੇ ਕੁੱਝ ਦਿਨਾਂ ਤੋਂ ਇਸ ਮਾਮਲੇ 'ਤੇ ਕਾਫ਼ੀ ਚਿੰਤਤ ਹੈ। ਮੁੱਖ ਮੰਤਰੀ ਭਗਵੰਤ ਮਾਨ ਲਗਾਤਾਰ ਉੱਚ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰ ਰਹੇ ਹਨ। ਉਹ ਕਿਸੇ ਸੂਰਤ 'ਚ ਕਿਸਾਨਾਂ ਨਾਲ ਟਕਰਾਅ ਵਿਚ ਨਹੀਂ ਪੈਣਾ ਚਾਹੁੰਦੇ। ਸੂਬਾ ਸਰਕਾਰ ਕੋਲ ਜੋ 'ਪੰਜਾਬ ਬੰਦ' ਦੀ ਰਿਪੋਰਟ ਪਹੁੰਚੀ ਹੈ, ਉਸ ਅਨੁਸਾਰ ਇਸ ਨੂੰ ਪੂਰਨ ਹੁੰਗਾਰਾ ਮਿਲਿਆ ਹੈ। ਇੱਕ ਨੁਕਤਾ ਇਹ ਵੀ ਹੈ ਕਿ ਜਗਜੀਤ ਸਿੰਘ ਡੱਲੇਵਾਲ ਨੂੰ ਮਿਲੀ ਹਮਦਰਦੀ ਵਜੋਂ 'ਪੰਜਾਬ ਬੰਦ' ਸਫ਼ਲ ਰਿਹਾ ਹੈ।

ਸਫ਼ਾ 1 ਦਾ ਬਾਕੀ

## ਸੁਪਰੀਮ ਕੋਰਟ ਵੱਲੋਂ ਡੱਲੇਵਾਲ ਨੂੰ ਹਸਪਤਾਲ ਤਬਦੀਲ...

ਉਨ੍ਹਾਂ ਅਦਾਲਤੀ ਫ਼ੈਸਲਾ ਲਾਗੂ ਕਰਵਾਉਣ ਲਈ ਤਿੰਨ ਹੋਰ ਦਿਨਾਂ ਦੀ ਮੋਹਲਤ ਮੰਗੀ। ਇਸ ਦੌਰਾਨ ਸੌਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਉਹ ਪੰਜਾਬ ਦੇ ਐਡਵੋਕੇਟ ਜਨਰਲ ਵੱਲੋਂ ਦਿੱਤੇ ਗਏ ਜੁਆਬ ਬਾਰੇ ਕੁਝ ਵੀ ਨਹੀਂ ਕਹਿਣਾ ਚਾਹੁੰਦੇ। ਇਸ 'ਤੇ ਜਸਟਿਸ ਕਾਂਤ ਨੇ ਕਿਹਾ, 'ਜੇਕਰ ਅਜਿਹਾ ਕੁਝ ਵਾਪਰਦਾ ਹੈ, ਜੋ ਦੋਵਾਂ ਧਿਰਾਂ ਨੂੰ ਮਨਜ਼ੂਰ ਹੋਵੇ, ਸਾਨੂੰ ਬਰਾਬਰ ਹੀ ਖ਼ੁਸ਼ੀ ਹੋਵੇਗੀ। ਹੁਣ ਲਈ, ਅਸੀਂ ਸਿਰਫ਼ ਆਪਣੇ ਹੁਕਮਾਂ ਦੀ ਪਾਲਣਾ ਕਰਵਾਉਣਾ ਚਾਹੁੰਦੇ ਹਾਂ।' ਦੱਸਣਯੋਗ ਹੈ ਕਿ ਕਿਸਾਨ ਆਗੂ ਜਗਜੀਤ ਡੱਲੇਵਾਲ ਖਨੌਰੀ ਬਾਰਡਰ 'ਤੇ ਬੀਤੀ 26 ਨਵੰਬਰ ਤੋਂ ਮਰਨ ਵਰਤ 'ਤੇ ਬੈਠੇ ਹਨ। ਮੁਹਾਲੀ ਦੇ ਲਾਭ ਸਿੰਘ ਵੱਲੋਂ ਦਾਇਰ ਮਾਣਹਾਨੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ 27 ਦਸੰਬਰ ਨੂੰ ਪੰਜਾਬ ਸਰਕਾਰ ਨੂੰ ਡੱਲੇਵਾਲ ਨੂੰ ਹਸਪਤਾਲ ਦਾਖ਼ਲ ਕਰਵਾਉਣ ਸਬੰਧੀ ਸਰਵਉੱਚ ਅਦਾਲਤ ਵੱਲੋਂ ਦਿੱਤਾ ਗਿਆ ਫ਼ੈਸਲਾ ਲਾਗੂ ਕਰਨ 'ਚ ਅਸਫ਼ਲ ਰਹਿਣ 'ਤੇ ਨੋਟਿਸ ਜਾਰੀ ਕੀਤਾ ਸੀ। ਇਸ ਦੌਰਾਨ 28 ਦਸੰਬਰ ਨੂੰ ਦੋਵਾਂ ਉੱਚ ਅਧਿਕਾਰੀਆਂ ਨੇ ਸਥਿਤੀ ਸਪੱਸ਼ਟ ਕਰਦਿਆਂ ਵੱਖੋ-ਵੱਖਰੇ ਹਲਫ਼ਨਾਮੇ ਦਾਇਰ ਕੀਤੇ ਸਨ। ਹਾਲਾਂਕਿ ਬੈਂਚ ਨੇ ਇਸ 'ਤੇ ਤਸੱਲੀ ਨਹੀਂ ਪ੍ਰਗਟਾਈ ਸੀ। ਵਰਚੁਅਲ ਸੁਣਵਾਈ ਦੌਰਾਨ ਪੰਜਾਬ ਦੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਡੀ.ਜੀ.ਪੀ. ਗੌਰਵ ਯਾਦਵ ਨੂੰ ਵੀਰਵਾਰ ਨੂੰ ਅਗਲੀ ਸੁਣਵਾਈ ਮੌਕੇ ਵੀ ਮੌਜੂਦ ਰਹਿਣ ਲਈ ਆਖਿਆ ਗਿਆ ਹੈ। ਬੀਤੀ 28 ਦਸੰਬਰ ਨੂੰ ਸਰਵਉੱਚ ਅਦਾਲਤ ਨੇ ਮੁੱਖ ਸਕੱਤਰ ਸ੍ਰੀ ਸਿਨਹਾ ਤੇ ਡੀ.ਜੀ.ਪੀ. ਸ੍ਰੀ ਯਾਦਵ ਨੂੰ ਚਿਤਾਵਨੀ ਦਿੱਤੀ ਸੀ ਕਿ ਜੇਕਰ ਡੱਲੇਵਾਲ ਨੂੰ ਹਸਪਤਾਲ ਤਬਦੀਲ ਕਰਨ ਦੇ ਅਦਾਲਤੀ ਫ਼ੈਸਲੇ ਦੀ ਪਾਲਣਾ ਨਹੀਂ ਹੁੰਦੀ, ਤਾਂ ਅਦਾਲਤ ਵੱਲੋਂ ਦੋਵਾਂ ਖ਼ਿਲਾਫ਼ ਅਦਾਲਤ ਦੀ ਮਾਣਹਾਨੀ ਕਰਨ ਦੇ ਦੋਸ਼ ਆਇਦ ਕੀਤੇ ਜਾਣਗੇ। ਬੈਂਚ ਨੇ ਕਿਹਾ ਸੀ, 'ਅਸੀਂ 20 ਦਸੰਬਰ ਨੂੰ ਅਦਾਲਤ ਵੱਲੋਂ ਦਿੱਤੇ ਗਏ ਹੁਕਮ ਲਾਗੂ ਕਰਵਾਉਣ ਲਈ ਪੰਜਾਬ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਹੀਂ ਹਾਂ। ਹੁਣ ਐਡਵੋਕੇਟ ਜਨਰਲ ਵੱਲੋਂ ਦਿੱਤੇ ਗਏ ਭਰੋਸੇ ਮਗਰੋਂ ਅਸੀਂ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਵਾਉਣ ਲਈ ਪੰਜਾਬ ਸਰਕਾਰ ਨੂੰ ਕੁਝ ਹੋਰ ਸਮਾਂ ਦੇਣ ਲਈ ਰਜ਼ਾਮੰਦ ਹਾਂ। ਜੇਕਰ ਪੰਜਾਬ ਸਰਕਾਰ ਨੂੰ ਕਿਸੇ ਸਹਾਇਤਾ ਦੀ ਲੋੜ ਹੈ, ਤਾਂ ਅਸੀਂ ਕੇਂਦਰ ਸਰਕਾਰ ਨੂੰ ਅਦਾਲਤੀ ਹੁਕਮਾਂ ਦੀ ਤਾਮੀਲ ਲਈ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਉਣ ਲਈ ਆਖਦੇ ਹਾਂ।



ਪੁੰਛ ਹਾਊਸ 'ਚ ਬਣੀ ਭਗਤ ਸਿੰਘ ਗੈਲਰੀ ਦੀ ਅੰਦਰੂਨੀ ਝਲਕ।

ਸਫ਼ਾ 1 ਦਾ ਬਾਕੀ

## ਮਸਕ ਵੱਲੋਂ ਐੱਚ-1ਬੀ ਵੀਜ਼ਾ ਪ੍ਰੋਗਰਾਮ 'ਤੇ 'ਵੱਡੇ ਸੁਧਾਰਾਂ'...

ਪ੍ਰੋਗਰਾਮ ਖਾਮੀਆਂ ਵਾਲਾ ਹੈ ਅਤੇ ਇਸ ਵਿਚ ਵੱਡੇ ਸੁਧਾਰ ਦੀ ਲੋੜ ਹੈ।'

ਐੱਚ-1ਬੀ ਵੀਜ਼ਾ ਇੱਕ ਗੈਰ-ਪ੍ਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਸਿਧਾਂਤਕ ਜਾਂ ਤਕਨੀਕੀ ਮੁਹਾਰਤ ਦੀ ਲੋੜ ਵਾਲੇ ਖਾਸ ਕਿੱਤਿਆਂ ਵਿਚ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ। ਤਕਨਾਲੋਜੀ ਕੰਪਨੀਆਂ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਤੋਂ ਹਰ ਸਾਲ ਹਜ਼ਾਰਾਂ ਕਾਮਿਆਂ ਨੂੰ ਨੌਕਰੀ 'ਤੇ ਰੱਖਣ ਲਈ ਐੱਚ-1ਬੀ ਵੀਜ਼ਾ 'ਤੇ ਨਿਰਭਰ ਕਰਦੀਆਂ ਹਨ। ਤਕਨਾਲੋਜੀ ਉਦਯੋਗ ਲੰਬੇ ਸਮੇਂ ਤੋਂ ਉੱਚ ਹੁਨਰਮੰਦ ਕਾਮਿਆਂ ਨੂੰ ਅਮਰੀਕਾ ਵੱਲ ਆਕਰਸ਼ਿਤ ਕਰਨ ਲਈ ਹੋਰ ਐੱਚ-1ਬੀ ਵੀਜ਼ਿਆਂ ਦੀ ਮੰਗ ਕਰ ਰਿਹਾ ਹੈ। ਮਸਕ ਕਦੇ ਐੱਚ-1ਬੀ ਵੀਜ਼ਾ 'ਤੇ ਨਿਰਭਰ ਸਨ ਅਤੇ ਉਨ੍ਹਾਂ ਦੀ ਇਲੈਕਟ੍ਰਿਕ ਵਾਹਨ ਕੰਪਨੀ ਟੇਸਲਾ ਨੇ ਇਸ ਪ੍ਰੋਗਰਾਮ ਦੀ ਵਰਤੋਂ ਕਰਦੇ ਹੋਏ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਿਆ ਹੈ।

ਸਫ਼ਾ 1 ਦਾ ਬਾਕੀ

## ਅਦਾਲਤ ਵੱਲੋਂ ਜਿਨਸੀ ਸ਼ੋਸ਼ਣ ਮਾਮਲੇ 'ਚ ਟਰੰਪ ਨੂੰ ਰਾਹਤ

ਇੱਕ ਮੈਗਜ਼ੀਨ ਦੇ ਕਾਲਮਨਵੀਸ ਕੈਰੋਲ ਨੇ 2023 ਦੇ ਇੱਕ ਮੁਕੱਦਮੇ ਵਿਚ ਗਵਾਹੀ ਦਿੱਤੀ ਸੀ ਕਿ 1996 ਵਿਚ ਇੱਕ ਦੋਸਤਾਨਾ ਮੁਲਾਕਾਤ ਦੌਰਾਨ ਟਰੰਪ ਨੇ ਉਸ ਦਾ ਜਿਨਸੀ ਸ਼ੋਸ਼ਣ ਕੀਤਾ ਸੀ, ਜਦੋਂ ਖੇਡ-ਖੇਡ ਵਿਚ ਸਟੋਰ ਦੇ ਡਰੈਸਿੰਗ ਰੂਮ ਵਿਚ ਦਾਖਲ ਹੋ ਗਏ। ਟਰੰਪ ਨੇ ਵਾਰ-ਵਾਰ ਇਸ ਗੱਲ ਤੋਂ ਇਨਕਾਰ ਕੀਤਾ ਕਿ ਅਜਿਹੀ ਕੋਈ ਘਟਨਾ ਵਾਪਰੀ ਹੈ।

ਸਫ਼ਾ 1 ਦਾ ਬਾਕੀ

## ਅਮਰੀਕਾ 'ਚ ਬਾਇਡਨ ਪ੍ਰਸ਼ਾਸਨ ਦੇ ਯਤਨਾਂ ਦੇ ਬਾਵਜੂਦ...

ਗਠਿਤ ਨੈਸ਼ਨਲ ਅਲਾਇੰਸ ਦੇ ਸੀ.ਈ.ਓ. ਅਨਾ ਓਲੀਵਾ ਨੇ ਕਿਹਾ ਹੈ ਕਿ ਇਹ ਗਿਣਤੀ ਮੇਰੇ ਮੰਨ ਵਿਚ ਸ਼ੰਕਾ ਪੈਦਾ ਕਰਦੀ ਹੈ। ਪਿਛਲੇ ਸਾਲਾਂ ਦੌਰਾਨ ਬਹੁਤ ਸਾਰੇ ਸ਼ਹਿਰਾਂ 'ਚ ਲੋਕਾਂ ਨੂੰ ਵਧੀਆਂ ਲਾਗਤਾਂ ਕਾਰਨ ਘਰ ਬਣਾਉਣ ਲਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੈ। ਕਈ ਥਾਵਾਂ 'ਤੇ ਸਖਤ ਕਾਨੂੰਨ ਲਾਗੂ ਕਰਕੇ ਖੁੱਲ੍ਹੇ ਵਿਚ ਟੈਂਟ ਲਾ ਕੇ ਸੌਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਇਸ ਲਈ ਬੇਘਰੇ ਲੋਕ ਲਾਚਾਰ ਨਜ਼ਰ ਆਏ ਹਨ। ਆਰਥਿਕ ਮਾਹਿਰਾਂ ਅਨੁਸਾਰ ਹੋਰ ਸਥਾਨਕ ਆਗੂਆਂ ਨੂੰ ਅੱਗੇ ਆਉਣਾ ਪਵੇਗਾ, ਤਾਂ ਜੋ ਬੇਘਰਿਆਂ ਲਈ ਘਰ ਬਣਾਉਣ ਵਾਸਤੇ ਨੀਤੀਗਤ ਨਿਵੇਸ਼ ਵਧਾਇਆ ਜਾ ਸਕੇ। ਜੇਕਰ ਨੀਤੀਗਤ ਢੰਗ ਨਾਲ ਹੋਰ ਨਿਵੇਸ਼ ਨਹੀਂ ਹੁੰਦਾ ਤਾਂ ਬੇਘਰਿਆਂ ਦੀ ਗਿਣਤੀ ਨਿਰੰਤਰ ਵਧਦੀ ਜਾਵੇਗੀ। ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਘਰ ਬਣਾਉਣ ਲਈ ਵਧੀਆਂ ਲਾਗਤਾਂ, ਸ਼ਰਨ ਸਥਾਨਾਂ ਵਿਚ ਪ੍ਰਵਾਸੀਆਂ ਦੀ ਵਧੀ ਗਿਣਤੀ ਤੇ ਜੰਗਲੀ ਅੱਗ ਵਰਗੀਆਂ ਕੁਦਰਤੀ ਆਫਤਾਂ ਕਾਰਨ ਬੇਘਰੇ ਲੋਕਾਂ ਦੀ ਗਿਣਤੀ ਵਧੀ ਹੈ। ਅਧਿਕਾਰੀਆਂ ਅਨੁਸਾਰ ਇਸ ਸਾਲ ਜੂਨ ਵਿਚ ਰਾਸ਼ਟਰਪਤੀ ਜੋਅ ਬਾਇਡਨ ਨੇ ਸਰਹੱਦ ਪਾਰੋਂ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਣ ਵਾਲੇ ਲੋਕਾਂ 'ਤੇ ਸ਼ਿਕੰਜਾ ਕੱਸਿਆ ਸੀ, ਜਿਸ ਕਾਰਨ ਸ਼ਰਨ ਸਥਾਨਾਂ 'ਤੇ ਦਬਾਅ ਘਟਿਆ ਹੈ। ਡੈਨਵਰ ਤੇ ਸ਼ਿਕਾਗੋ ਨੇ ਹਾਲ ਹੀ ਵਿਚ ਪ੍ਰਵਾਸੀਆਂ ਲਈ ਸ਼ਰਨ ਸਥਾਨ ਖਤਮ ਕਰਨ ਦਾ ਐਲਾਨ ਕੀਤਾ ਹੈ। ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ ਅਨੁਸਾਰ ਡਲਾਸ, ਲਾਸ ਏਂਜਲਸ ਤੇ ਚੈਸਟਰ ਕਾਊਂਟੀ, ਪੈਨਸਿਲਵੇਨੀਆ 'ਚ ਬੇਘਰੇ ਲੋਕਾਂ ਦੀ ਵਰਨਣਯੋਗ ਗਿਣਤੀ ਘਟੀ ਹੈ। ਬਜ਼ੁਰਗ ਬੇਘਰੇ ਲੋਕਾਂ ਲਈ ਘਰ ਬਣਾਉਣ ਦੇ ਬਾਇਡਨ ਪ੍ਰਸ਼ਾਸਨ ਦੇ ਯਤਨ ਜ਼ਰੂਰ ਰੰਗ ਲਿਆਏ ਹਨ। ਜੋ ਬਾਇਡਨ ਦੇ ਕਾਰਜਕਾਲ ਦੌਰਾਨ ਬਜ਼ੁਰਗ ਬੇਘਰੇ ਲੋਕਾਂ ਦੀ ਗਿਣਤੀ ਤਕਰੀਬਨ 12% ਘਟੀ ਹੈ। 2022 ਵਿਚ ਬਾਇਡਨ ਨੇ ਆਪਣੇ ਪਹਿਲੇ ਕਾਰਜਕਾਲ ਦੇ ਖਤਮ ਹੋਣ ਤੋਂ ਪਹਿਲਾਂ ਬੇਘਰੇ ਲੋਕਾਂ ਦੀ ਗਿਣਤੀ ਘਟਾਉਣ ਦੇ ਟੀਚੇ ਦਾ ਐਲਾਨ ਕੀਤਾ ਸੀ ਪਰੰਤੂ ਇਸ ਐਲਾਨ ਦੇ ਉਲਟ ਬੇਘਰਿਆਂ ਦੀ ਗਿਣਤੀ ਵਧਣੀ ਨਿਸ਼ਚਿਤ ਤੌਰ 'ਤੇ ਚਿੰਤਾ ਦਾ ਵਿਸ਼ਾ ਹੈ। ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਸਮੱਸਿਆ ਨਾਲ ਕਿਵੇਂ ਨਜਿੱਠਦੇ ਹਨ, ਇਹ ਵੀ ਵੇਖਣ ਵਾਲੀ ਗੱਲ ਹੋਵੇਗੀ।

ਸਫ਼ਾ 1 ਦਾ ਬਾਕੀ

## ਅਮਰੀਕਾ 'ਚ 4 ਭਾਰਤੀ ਨੌਜਵਾਨ ਕਤਲ ਦੇ ਦੋਸ਼ 'ਚ...

ਇਹ ਸਿੱਟਾ ਕੱਢਿਆ ਕਿ ਵਿਅਕਤੀ ਦੀ ਮੌਤ ਛਾਤੀ 'ਤੇ ਕਈ ਗੋਲੀਆਂ ਵੱਜਣ ਕਾਰਨ ਹੋਈ ਸੀ ਅਤੇ ਇਸ ਨੂੰ ਕਤਲ ਮੰਨਿਆ ਗਿਆ ਸੀ। ਐੱਫ.ਬੀ.ਆਈ. ਦੀ ਮਦਦ ਨਾਲ ਉਸ ਵਿਅਕਤੀ ਦੀ ਪਛਾਣ ਭਾਰਤੀ ਮੂਲ ਦੇ ਕੁਲਦੀਪ ਕੁਮਾਰ ਵਜੋਂ ਹੋਈ। 26 ਅਕਤੂਬਰ, 2024 ਨੂੰ ਪਰਿਵਾਰ ਦੇ ਇੱਕ ਮੈਂਬਰ ਨੇ ਕੁਮਾਰ ਦੇ ਲਾਪਤਾ ਹੋਣ ਦੀ ਰਿਪੋਰਟ ਦਰਜ ਕਰਾਈ ਸੀ। ਬਾਅਦ ਵਿਚ ਜਾਂਚ ਵਿਚ ਕੁਲਦੀਪ ਕੁਮਾਰ ਦੀ ਮੌਤ 'ਚ ਸੌਰਵ ਕੁਮਾਰ, ਗੌਰਵ ਸਿੰਘ, ਨਿਰਮਲ ਸਿੰਘ ਅਤੇ ਗੁਰਦੀਪ ਸਿੰਘ ਦੀ ਸ਼ਮੂਲੀਅਤ ਪਾਈ ਗਈ।

20 ਦਸੰਬਰ ਨੂੰ ਇਨ੍ਹਾਂ 4 ਭਾਰਤੀਆਂ ਨੂੰ ਓਸ਼ੀਅਨ ਕਾਊਂਟੀ ਪ੍ਰੌਸੀਕਿਊਟਰ ਦੇ ਦਫ਼ਤਰ ਮੇਜਰ ਕ੍ਰਾਈਮ ਯੂਨਿਟ, ਨਿਊ ਜਰਸੀ ਸਟੇਟ ਪੁਲਸ ਮੇਜਰ ਕ੍ਰਾਈਮ ਯੂਨਿਟ, ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਅਤੇ ਗ੍ਰੀਨਵੁੱਡ ਪੁਲਿਸ ਵਿਭਾਗ ਦੇ ਜਾਸੂਸਾਂ ਦੇ ਵੱਲੋਂ ਗ੍ਰਿਫਤਾਰ ਕੀਤਾ ਗਿਆ ਸੀ। ਇਨ੍ਹਾਂ ਚਾਰਾਂ ਨੂੰ ਜੌਹਨਸਨ ਕਾਊਂਟੀ ਜੇਲ੍ਹ ਵਿਚ ਰੱਖਿਆ ਗਿਆ ਹੈ, ਜਿੱਥੇ ਉਹ ਨਿਊਜਰਸੀ ਵਿਚ ਹਵਾਲਗੀ ਦੀ ਉਡੀਕ ਕਰ ਰਹੇ ਹਨ। ਕਈ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਵਿਆਪਕ ਜਾਂਚ ਤੋਂ ਬਾਅਦ ਨਿਊਜਰਸੀ ਰਾਜ ਪੁਲਿਸ ਅਤੇ ਓਸ਼ੀਅਨ ਕਾਊਂਟੀ ਪ੍ਰੌਸੀਕਿਊਟਰ ਦਫਤਰ ਨੇ ਦੋਸ਼ ਲਗਾਇਆ ਕਿ ਸੌਰਵ ਕੁਮਾਰ, ਗੌਰਵ ਸਿੰਘ, ਨਿਰਮਲ ਸਿੰਘ ਅਤੇ ਗੁਰਦੀਪ ਸਿੰਘ ਨੇ ਮਿਲ ਕੇ ਕੁਲਦੀਪ ਕੁਮਾਰ ਦੇ ਕਤਲ ਨੂੰ ਅੰਜਾਮ ਦਿੱਤਾ।

ਸਫ਼ਾ 1 ਦਾ ਬਾਕੀ

## ਪਾਕਿਸਤਾਨ ਨੇ ਲਾਹੌਰ ਦੇ ਪੁੰਛ ਹਾਊਸ 'ਚ ਸ਼ਹੀਦ ਭਗਤ ਸਿੰਘ ਗੈਲਰੀ...

ਪੁੰਛ ਹਾਊਸ ਵਿਚ ਲਹਿੰਦੇ ਪੰਜਾਬ ਦਾ ਸਨਅਤੀ ਡਾਇਰੈਕਟੋਰੇਟ ਸਥਿਤ ਹੈ। ਉਨ੍ਹਾਂ ਕਿਹਾ, "ਗੈਲਰੀ (ਸ਼ਹੀਦ) ਭਗਤ ਸਿੰਘ ਦੀ ਆਜ਼ਾਦੀ ਲਈ ਜੱਦੋਜਹਿਦ ਨੂੰ ਦਰਸਾਉਂਦੀ ਹੈ।" ਦੱਸਣਯੋਗ ਹੈ ਕਿ ਪਾਕਿਸਤਾਨ ਪੰਜਾਬ ਦੇ ਪੁਰਾਲੇਖ ਵਿਭਾਗ ਨੇ 2018 ਵਿਚ ਪਹਿਲੀ ਵਾਰ ਇਸ ਮਹਾਨ ਆਜ਼ਾਦੀ ਘੁਲਾਟੀਏ ਦੀ ਕੇਸ ਫਾਈਲ ਦੇ ਕੁਝ ਰਿਕਾਰਡ ਜੱਗਜ਼ਾਹਰ ਕੀਤੇ ਸਨ, ਜਿਸ ਵਿਚ ਉਨ੍ਹਾਂ ਦਾ ਫਾਂਸੀ ਸਰਟੀਫਿਕੇਟ, ਪੱਤਰ, ਫੋਟੋਆਂ ਅਤੇ ਅਖ਼ਬਾਰਾਂ ਦੀਆਂ ਕਟਿੰਗਾਂ ਅਤੇ ਹੋਰ ਸਮੱਗਰੀ ਸ਼ਾਮਲ ਸੀ। ਗੌਰਤਲਬ ਹੈ ਕਿ 23 ਸਾਲਾ ਭਗਤ ਸਿੰਘ ਨੂੰ ਅੰਗਰੇਜ਼ ਹਾਕਮਾਂ ਨੇ 23 ਮਾਰਚ, 1931 ਨੂੰ ਲਾਹੌਰ ਵਿਚ ਉਸ ਦੇ ਦੋ ਸਾਥੀਆਂ ਰਾਜਗੁਰੂ ਤੇ ਸੁਖਦੇਵ ਸਣੇ ਫਾਂਸੀ ਦੇ ਦਿੱਤੀ ਸੀ। ਉਨ੍ਹਾਂ ਖ਼ਿਲਾਫ਼ ਬਸਤੀਵਾਦੀ ਸਰਕਾਰ ਵਿਰੁੱਧ ਸਾਜ਼ਿਸ਼ ਰਚਣ ਦੇ ਦੋਸ਼ਾਂ ਤਹਿਤ ਮੁਕੱਦਮਾ ਚਲਾਇਆ ਗਿਆ ਸੀ। ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਵਿਰੁੱਧ ਬ੍ਰਿਟਿਸ਼ ਪੁਲਿਸ ਅਧਿਕਾਰੀ ਜੌਹਨ ਪੀ. ਸਾਂਡਰਸ ਦੇ ਕਤਲ ਦੇ ਦੋਸ਼ ਵਿਚ ਕੇਸ ਦਾਇਰ ਕੀਤਾ ਗਿਆ ਸੀ।

ਗੈਲਰੀ ਵਿਚ ਰੱਖੇ ਗਏ ਰਿਕਾਰਡ ਵਿਚ ਸ਼ਹੀਦ ਭਗਤ ਸਿੰਘ ਵੱਲੋਂ 27 ਅਗਸਤ, 1930 ਨੂੰ ਅਦਾਲਤ ਦਾ ਹੁਕਮ ਮੁਹੱਈਆ ਕਰਾਉਣ ਦੀ ਦਰਖ਼ਾਸਤ ਤੇ ਹੋਰ ਦਸਤਾਵੇਜ਼ ਸ਼ਾਮਲ ਹਨ। ਭਗਤ ਸਿੰਘ ਦੀ ਮੌਤ ਦੀ ਸਜ਼ਾ ਬਾਰੇ ਇੱਕ ਦਸਤਾਵੇਜ਼ ਕਹਿੰਦਾ ਹੈ: "ਮੈਂ (ਜੇਲ੍ਹ ਦਾ ਸੁਪਰਡੈਂਟ) ਇਸ ਰਾਹੀਂ ਪ੍ਰਮਾਣਿਤ ਕਰਦਾ ਹਾਂ ਕਿ ਭਗਤ ਸਿੰਘ ਨੂੰ ਸੁਣਾਈ ਗਈ ਮੌਤ ਦੀ ਸਜ਼ਾ ਨੂੰ ਸਹੀ ਢੰਗ ਨਾਲ ਅਮਲ ਵਿਚ ਲਿਆਂਦਾ ਗਿਆ ਹੈ ਅਤੇ ਉਕਤ ਭਗਤ ਸਿੰਘ ਨੂੰ 23 ਮਾਰਚ 1931 ਦੇ ਦਿਨ ਸੋਮਵਾਰ ਰਾਤ 9 ਵਜੇ ਲਾਹੌਰ ਜੇਲ੍ਹ ਵਿਚ ਮਰਨ ਤੱਕ ਗਲੇ ਤੋਂ ਫਾਹੇ ਟੰਗ ਕੇ ਫਾਂਸੀ ਦਿੱਤੀ ਗਈ ਸੀ। ਲਾਸ਼ ਨੂੰ ਉਦੋਂ ਤੱਕ ਨਹੀਂ ਉਤਾਰਿਆ ਗਿਆ, ਜਦੋਂ ਤੱਕ ਇੱਕ ਮੈਡੀਕਲ ਅਫਸਰ ਦੁਆਰਾ ਜਾਨ ਚਲੇ ਜਾਣ ਦਾ ਪਤਾ ਨਹੀਂ ਲੱਗ ਗਿਆ; ਅਤੇ ਇਹ ਕਿ ਕੋਈ ਹਾਦਸਾ, ਗਲਤੀ ਜਾਂ ਹੋਰ ਕੋਈ ਦੁਰਘਟਨਾ ਨਹੀਂ ਹੋਈ।" ਇਨਕਲਾਬੀ ਯੋਧੇ ਨੇ ਆਪਣੀ ਹਰ ਅਰਜ਼ੀ ਨੂੰ ਰਵਾਇਤੀ 'ਤੁਹਾਡਾ ਸੱਚਾ' ਜਾਂ 'ਆਗਿਆਕਾਰੀ' ਨਾਲ ਖਤਮ ਨਹੀਂ ਕੀਤਾ ਅਤੇ ਇਸ ਦੀ ਬਜਾਏ ਉਸਨੇ "ਤੁਹਾਡਾ ਆਦਿ ਆਦਿ" ਸ਼ਬਦਾਂ ਦੀ ਚੋਣ ਕੀਤੀ।

ਕੇਸ ਫਾਈਲਾਂ ਵਿਚ ਇਹ ਵੀ ਦਸਤਾਵੇਜ਼ ਹਨ ਕਿ ਕਿਵੇਂ ਬ੍ਰਿਟਿਸ਼ ਇੰਡੀਆ ਪੁਲਿਸ ਅਤੇ ਏਜੰਸੀਆਂ ਨੇ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਲਗਭਗ 24 ਤੋਂ 25 ਮੈਂਬਰਾਂ ਵਾਲੀ ਭਗਤ ਸਿੰਘ ਦੀ ਟੀਮ ਦਾ ਪਰਦਾਫਾਸ਼ ਕੀਤਾ ਸੀ ਅਤੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ ਅਤੇ ਨੌਜਵਾਨ ਭਾਰਤ ਸਭਾ ਨਾਲ ਉਨ੍ਹਾਂ ਦੇ ਸਬੰਧ ਸਾਬਤ ਕੀਤੇ ਸਨ।

ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਚੇਅਰਮੈਨ ਐਡਵੋਕੇਟ ਇਮਤਿਆਜ਼ ਰਸ਼ੀਦ ਕੁਰੈਸ਼ੀ ਨੇ ਦੱਸਿਆ ਕਿ ਕਿਉਂਕਿ ਪੰਜਾਬ ਸਰਕਾਰ ਨੇ ਸ਼ਹੀਦ ਭਗਤ ਸਿੰਘ ਗੈਲਰੀ ਖੋਲ੍ਹ ਦਿੱਤੀ ਹੈ, ਇਸ ਲਈ ਸਰਕਾਰ ਨੇ ਸ਼ਾਦਮਾਨ ਚੌਕ (ਜਿੱਥੇ ਸ਼ਹੀਦਾਂ ਨੂੰ ਫਾਂਸੀ ਦਿੱਤੀ ਗਈ ਸੀ) ਦਾ ਨਾਂ ਵੀ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਨਾਂ 'ਤੇ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ, "ਅਸੀਂ ਇਸ ਲਈ ਸਰਕਾਰ 'ਤੇ ਦਬਾਅ ਪਾਉਂਦੇ ਰਹਾਂਗੇ।"

ਸਫ਼ਾ 1 ਦਾ ਬਾਕੀ

## ਲੋਕ ਸਭਾ ਚੋਣਾਂ 'ਚ ਵਿਦੇਸ਼ੀ ਭਾਰਤੀ ਵੋਟਰਾਂ ਦਾ ਮਾੜਾ...

ਅਸਾਮ ਅਤੇ ਬਿਹਾਰ ਨੇ ਵੀ ਬਹੁਤ ਘੱਟ ਮਤਦਾਨ ਦਿਖਾਇਆ, ਕ੍ਰਮਵਾਰ 19 ਅਤੇ 89 ਰਜਿਸਟਰਡ ਵੋਟਰਾਂ ਦੇ ਨਾਲ, ਅਤੇ ਦੋਵਾਂ ਰਾਜਾਂ ਵਿਚ ਕੋਈ ਵੋਟ ਨਹੀਂ ਪਾਈ ਗਈ।

ਗੋਆ, ਜਿਸ ਵਿਚ 84 ਵਿਦੇਸ਼ੀ ਵੋਟਰ ਸਨ, ਵਿਚ ਕੋਈ ਵੋਟਰ ਨਹੀਂ ਆਇਆ, ਅਤੇ ਗੁਜਰਾਤ ਵਿਚ 885 ਵਿਦੇਸ਼ੀ ਵੋਟਰ ਸਨ, ਪਰ ਸਿਰਫ 2 ਵੋਟਰਾਂ ਨੇ ਹਿੱਸਾ ਲਿਆ। ਇਸੇ ਤਰ੍ਹਾਂ, ਹਰਿਆਣਾ ਵਿਚ 746 ਵੋਟਰਾਂ ਦੀ ਰਿਪੋਰਟ ਕੀਤੀ ਗਈ, ਜਿਨ੍ਹਾਂ ਵਿਚ ਸਿਰਫ਼ 37 ਵੋਟਰ ਸਨ, ਜ਼ਿਆਦਾਤਰ ਜਨਰਲ ਵਰਗ ਦੇ ਸਨ। ਹਿਮਾਚਲ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਵਿਚ ਵੀ ਬਹੁਤ ਘੱਟ ਮਤਦਾਨ ਹੋਇਆ, 34 ਅਤੇ 107 ਵੋਟਰਾਂ ਨੇ ਰਜਿਸਟਰ ਕੀਤਾ, ਪਰ ਕੋਈ ਵੋਟ ਨਹੀਂ ਪਾਈ ਗਈ। ਕੇਰਲ, ਸਭ ਤੋਂ ਵੱਧ ਵਿਦੇਸ਼ੀ ਵੋਟਰਾਂ (89,839) ਦੇ ਨਾਲ, ਮੁਕਾਬਲਤਨ ਵੱਧ ਮਤਦਾਨ ਦੇਖਿਆ ਗਿਆ, 2,670 ਵੋਟਰਾਂ ਨੇ ਆਪਣੀ ਵੋਟ ਪਾਈ। ਇਸ ਦੇ ਬਾਵਜੂਦ, ਮਤਦਾਨ ਸਿਰਫ 2.97 ਪ੍ਰਤੀਸ਼ਤ ਰਿਹਾ, ਜੋ ਕਿ ਪ੍ਰਵਾਸੀ ਭਾਰਤੀ ਵੋਟਰਾਂ ਦੀ ਸਮੁੱਚੀ ਉਦਾਸੀਨਤਾ ਨੂੰ ਦਰਸਾਉਂਦਾ ਹੈ।

ਕਰਨਾਟਕ, ਮਹਾਰਾਸ਼ਟਰ ਅਤੇ ਤਾਮਿਲਨਾਡੂ ਨੇ ਇਸ ਤੋਂ ਵੀ ਘੱਟ ਭਾਗੀਦਾਰੀ ਦਰਾਂ ਦਿਖਾਈਆਂ। ਓਡੀਸ਼ਾ, 197 ਵੋਟਰਾਂ ਦੇ ਨਾਲ, ਵੀ ਜ਼ੀਰੋ ਭਾਗੀਦਾਰੀ ਸੀ, ਇੱਕ ਰੁਝਾਨ ਜੋ ਉੱਤਰ ਪ੍ਰਦੇਸ਼, ਪੱਛਮੀ ਬੰਗਾਲ ਅਤੇ ਝਾਰਖੰਡ ਵਰਗੇ ਰਾਜਾਂ ਵਿਚ ਜਾਰੀ ਰਿਹਾ, ਜਿਸ ਨੇ ਇਸੇ ਤਰ੍ਹਾਂ ਆਪਣੇ ਵਿਦੇਸ਼ੀ ਵੋਟਰਾਂ ਵਿਚੋਂ ਕੋਈ ਵੋਟਰ ਦਰਜ ਨਹੀਂ ਕੀਤਾ। ਲੱਦਾਖ, ਲਕਸ਼ਦੀਪ ਅਤੇ ਜੰਮੂ ਅਤੇ ਕਸ਼ਮੀਰ ਵਰਗੇ ਦੂਰ-ਦੁਰਾਡੇ ਦੇ ਖੇਤਰਾਂ ਵਿਚ, ਕੋਈ ਵਿਦੇਸ਼ੀ ਵੋਟਰ ਜਾਂ ਵੋਟਰ ਨਹੀਂ ਸਨ। ਚੰਡੀਗੜ੍ਹ ਅਤੇ ਦਾਦਰਾ ਅਤੇ ਨਗਰ ਹਵੇਲੀ ਅਤੇ ਦਮਨ ਅਤੇ ਦੀਉ ਵਿਚ ਵੀ ਘੱਟ ਭਾਗੀਦਾਰੀ ਸੀ, ਕੁੱਲ ਮਿਲਾ ਕੇ 64 ਵੋਟਰ ਸਨ ਅਤੇ ਚੰਡੀਗੜ੍ਹ ਵਿਚ ਸਿਰਫ 1 ਵੋਟ ਪਾਈ ਗਈ ਸੀ।

ਰਜਿਸਟ੍ਰੇਸ਼ਨਾਂ ਵਿਚ ਵਾਧੇ ਦੇ ਬਾਵਜੂਦ, 2024 ਦੀਆਂ ਲੋਕ ਸਭਾ ਚੋਣਾਂ ਵਿਚ ਵਿਦੇਸ਼ੀ ਭਾਰਤੀਆਂ ਵਿਚ ਵੋਟਰਾਂ ਦਾ ਮਤਦਾਨ ਨਿਰਾਸ਼ਾਜਨਕ ਸੀ, ਬਹੁਤ ਸਾਰੇ ਰਾਜਾਂ ਵਿਚ ਕੋਈ ਵੋਟਰ ਹੀ ਨਹੀਂ ਸੀ। ਅਜਿਹੇ ਘੱਟ ਮਤਦਾਨ ਦੇ ਪਿੱਛੇ ਕਾਰਨ ਗੁੰਝਲਦਾਰ ਰਹਿੰਦੇ ਹਨ, ਵੋਟਿੰਗ ਵਿਚ ਲੌਜਿਸਟਿਕ ਚੁਣੌਤੀਆਂ ਤੋਂ ਲੈ ਕੇ ਚੋਣ ਪ੍ਰਕਿਰਿਆ ਵਿਚ ਜਾਗਰੂਕਤਾ ਦੀ ਦਿਲਚਸਪੀ ਦੀ ਕਮੀ ਤੱਕ।

# ਨਵੇਂ ਸਾਲ ਮੌਕੇ ਹਜ਼ਾਰਾਂ ਸ਼ਰਧਾਲੂ ਹਰਮਿੰਦਰ ਸਾਹਿਬ ਵਿਖੇ ਹੋਏ ਨਤਮਸਤਕ

**ਅੰਮ੍ਰਿਤਸਰ, (ਪੰਜਾਬ ਮੇਲ)**- ਨਵੇਂ ਸਾਲ ਦੇ ਪਹਿਲੇ ਦਿਨ ਵੱਡੀ ਗਿਣਤੀ ਸ਼ਰਧਾਲੂ ਅੰਮ੍ਰਿਤਸਰ ’ਚ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੇ। ਸ਼ਰਧਾਲੂਆਂ ਨੇ ਘੰਟਿਆਂਬੱਧੀ ਕਤਾਰਾਂ ਵਿਚ ਖੜ੍ਹ ਕੇ ਮੱਥਾ ਟੇਕਿਆ ਤੇ ਨਵੇਂ ਸਾਲ ਵਿਚ ਆਪਣੇ ਪਰਿਵਾਰਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ।

ਉਧਰ ਸਿਡਨੀ ਤੋਂ ਮੁੰਬਈ ਤੇ ਨੈਰੋਬੀ ਤੱਕ ਕੁਲ ਆਲਮ ਦੇ ਭਾਈਚਾਰਿਆਂ ਨੇ ਆਤਿਸ਼ਬਾਜ਼ੀ ਤੇ ਬੜੇ ਚਾਵਾਂ ਨਾਲ ਨਵੇਂ ਸਾਲ ਦਾ ਸਵਾਗਤ ਕੀਤਾ। ਸ਼ਿਮਲਾ, ਧਰਮਸ਼ਾਲਾ ਅਤੇ ਮਨਾਲੀ ’ਚ ਵੀ ਲੋਕਾਂ ਨੇ ਨਵੇਂ ਸਾਲ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ।

ਇਸ ਦੌਰਾਨ ਰਾਸ਼ਟਰਪਤੀ ਦਰੋਪਦੀ ਮੁਰਮੂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ਵਾਸੀਆਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ ਹਨ।



ਨਵੇਂ ਸਾਲ ਮੌਕੇ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਪੁੱਜੇ ਸ਼ਰਧਾਲੂ।

# ਮਨੁੱਖੀ ਤਸਕਰੀ ’ਚ ਕੈਨੇਡੀਅਨ ਕਾਲਜਾਂ ਅਤੇ ਭਾਰਤੀ ਸੰਸਥਾਵਾਂ ਦੀ ਭੂਮਿਕਾ ਦੀ ਜਾਂਚ ਕਰ ਰਹੀ ਹੈ ਈ.ਡੀ.

**ਨਵੀਂ ਦਿੱਲੀ, (ਪੰਜਾਬ ਮੇਲ)**- ਐਨਫੋਰਸਮੈਂਟ ਡਾਇਰੈਕਟੋਰੇਟ ਕੈਨੇਡਾ ਦੀ ਸਰਹੱਦ ਤੋਂ ਅਮਰੀਕਾ ’ਚ ਭਾਰਤੀਆਂ ਦੀ ਤਸਕਰੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ’ਚ ਕੁਝ ਕੈਨੇਡੀਅਨ ਕਾਲਜਾਂ ਅਤੇ ਕੁਝ ਭਾਰਤੀ ਸੰਸਥਾਵਾਂ ਦੀ ਕਥਿਤ ਸ਼ਮੂਲੀਅਤ ਦੀ ਜਾਂਚ ਕਰ ਰਿਹਾ ਹੈ। ਇਹ ਜਾਂਚ ਗੁਜਰਾਤ ਦੇ ਡਿੰਗੁਚਾ ਪਿੰਡ ਦੇ ਰਹਿਣ ਵਾਲੇ ਚਾਰ ਮੈਂਬਰੀ ਭਾਰਤੀ ਪਰਿਵਾਰ ਦੀ ਮੌਤ ਨਾਲ ਜੁੜੀ ਹੋਈ ਹੈ। ਜ਼ਿਕਰਯੋਗ ਹੈ ਕਿ 19 ਜਨਵਰੀ 2022 ਨੂੰ ਕੈਨੇਡਾ-ਅਮਰੀਕਾ ਸਰਹੱਦ ਨੂੰ ਗੈਰਕਾਨੂੰਨੀ ਢੰਗ ਨਾਲ ਪਾਰ ਕਰਨ ਦੀ ਕੋਸ਼ਿਸ਼ ਕਰਦੇ ਸਮੇਂ ਇਕੋ ਪਰਿਵਾਰ ਦੇ ਚਾਰਾਂ ਮੈਂਬਰਾਂ ਦੀ ਮੌਤ ਬਹੁਤ ਜ਼ਿਆਦਾ ਠੰਡ ਨਾਲ ਹੋ ਗਈ ਸੀ।

ਈ.ਡੀ. ਨੇ ਕਿਹਾ ਕਿ ਇਸ ਨੇ ਇਸ ਮਾਮਲੇ ਦੇ ਮੁੱਖ ਦੋਸ਼ੀ ਵਜੋਂ ਉਭਰੇ ਭਾਵੇਸ਼ ਅਸ਼ੋਕਭਾਈ ਪਟੇਲ ਦੇ ਖ਼ਿਲਾਫ਼ ਅਹਿਮਦਾਬਾਦ ਪੁਲਿਸ ਐੱਫ.ਆਈ.ਆਰ. ਅਤੇ ਇਕ ਕੁਝ ਹੋਰ ਮਨੀ ਲਾਂਡਰਿੰਗ ਰੋਕੂ ਕਾਨੂੰਨ ਦੀਆਂ ਅਪਰਾਧਿਕ ਧਾਰਾਵਾਂ ਤਹਿਤ ਸ਼ਿਕਾਇਤ ਦਰਜ ਕਰਵਾਉਣ ਦਾ ਨੋਟਿਸ ਲਿਆ ਹੈ। ਪਟੇਲ ਅਤੇ ਹੋਰਾਂ ’ਤੇ ਦੋਸ਼ ਹੈ ਕਿ ਲੋਕਾਂ (ਭਾਰਤੀਆਂ) ਨੂੰ ਗੈਰਕਾਨੂੰਨੀ ਚੈਨਲਾਂ ਕੈਨੇਡਾ ਰਾਹੀਂ ਅਮਰੀਕਾ ਭੇਜਣ ਦੀ ਸੋਚੀ ਸਮਝੀ ਸਾਜ਼ਿਸ਼ ਰਚੀ ਸੀ, ਜਿਸ ਨਾਲ ਮਨੁੱਖੀ ਤਸਕਰੀ ਦਾ ਜੁਰਮ ਕੀਤਾ ਗਿਆ ਸੀ।

ਏਜੰਸੀ ਨੇ ਪਹਿਲਾਂ ਜਾਂਚ ਦੌਰਾਨ ਪਾਇਆ ਸੀ ਕਿ ਰੈਕੇਟ ਦੇ ਹਿੱਸੇ ਵਜੋਂ ਮੁਲਜ਼ਮ ਨੇ ਕੈਨੇਡਾ ਸਥਿਤ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਜਾਣ ਦੇ ਚਾਹਵਾਨ ਲੋਕਾਂ ਲਈ ਦਾਖਲੇ ਦਾ ਪ੍ਰਬੰਧ ਕੀਤਾ ਸੀ। ਏਜੰਸੀ ਨੇ ਇਕ ਬਿਆਨ ਵਿਚ ਕਿਹਾ ਕਿ ਅਜਿਹੇ ਲੋਕਾਂ ਲਈ ਇਕ ਕੈਨੇਡੀਅਨ ਵਿਦਿਆਰਥੀ ਵੀਜ਼ਾ ਅਪਲਾਈ ਕੀਤਾ ਗਿਆ ਸੀ ਅਤੇ ਇਕ ਵਾਰ ਜਦੋਂ ਉਹ ਉਸ ਦੇਸ਼ ਵਿਚ ਪਹੁੰਚ ਗਏ, ਤਾਂ ਕਾਲਜ ਵਿਚ ਸ਼ਾਮਲ ਹੋਣ ਦੀ ਬਜਾਏ ਉਨ੍ਹਾਂ ਨੇ ‘ਗੈਰ-ਕਾਨੂੰਨੀ’ ਤੌਰ ’ਤੇ ਅਮਰੀਕਾ-ਕੈਨੇਡਾ ਸਰਹੱਦ ਪਾਰ ਕੀਤੀ।

## ਲੇਖਾ-ਜੋਖਾ 2024

# ‘ਆਪ’ ਵੱਲੋਂ ਜ਼ਿਮਨੀ, ਪੰਚਾਇਤੀ, ਨਿਗਮ ਚੋਣਾਂ ’ਚ ਵੱਡੀ ਜਿੱਤ ਦਰਜ

- **ਜ਼ਿਮਨੀ ਚੋਣ ਮਗਰੋਂ ਪਾਰਟੀ ਦੇ ਵਿਧਾਇਕਾਂ ਦੀ ਗਿਣਤੀ ਵੀ 94 ’ਤੇ ਪਹੁੰਚੀ**
- **ਪੰਚਾਇਤੀ ਚੋਣਾਂ ’ਚ 90 ਫ਼ੀਸਦੀ ਸੀਟਾਂ ’ਤੇ ਜਿੱਤ ਦਾ ਦਾਅਵਾ**

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਵਿਚ ਢਾਈ ਸਾਲ ਪਹਿਲਾਂ ਵਿਧਾਨ ਸਭਾ ਚੋਣਾਂ ਵਿਚ 117 ਵਿਚੋਂ 92 ਸੀਟਾਂ ’ਤੇ ਜਿੱਤ ਹਾਸਲ ਕਰਨ ਵਾਲੀ ‘ਆਪ’ ਪੰਜਾਬ ਨੇ ਹਾਲ ਹੀ ਵਿਚ ਹੋਈਆਂ ਚਾਰ ਜ਼ਿਮਨੀ ਚੋਣਾਂ, ਪੰਚਾਇਤੀ, ਨਗਰ ਨਿਗਮ ਤੇ ਕੌਂਸਲ ਚੋਣਾਂ ਵਿਚ ਵੀ ਵੱਡੀ ਜਿੱਤ ਦਰਜ ਕੀਤੀ ਹੈ।

ਹਾਲਾਂਕਿ ਸਾਲ 2024 ਵਿਚ ਹੀ ਹੋਈਆਂ ਲੋਕ ਸਭਾ ਚੋਣਾਂ ਵਿਚ ‘ਆਪ’ ਦੇ ਪੱਲੇ ਬਹੁਤਾ ਕੁਝ ਨਹੀਂ ਸੀ ਪਿਆ। ਸਾਲ 2024 ਦੌਰਾਨ ਦੇਸ਼ ਵਿਚ ਲੋਕ ਸਭਾ ਦੀਆਂ ਚੋਣਾਂ ਹੋਈਆਂ। ਇਸ ਦੌਰਾਨ ਪੰਜਾਬ ਦੀਆਂ 13 ਸੀਟਾਂ ’ਚੋਂ ‘ਆਪ’ ਨੂੰ ਸਿਰਫ਼ ਤਿੰਨ ਸੀਟਾਂ ਮਿਲੀਆਂ, ਕਾਂਗਰਸ ਨੂੰ ਸੱਤ, ਸ਼੍ਰੋਮਣੀ ਅਕਾਲੀ ਦਲ ਨੂੰ ਇਕ ਅਤੇ ਦੋ ਸੀਟਾਂ ’ਤੇ ਆਜ਼ਾਦ ਉਮੀਦਵਾਰ ਜੇਤੂ ਰਹੇ ਸਨ। ਇਸੇ ਸਾਲ ਪੰਜਾਬ ਵਿਚ ਚਾਰ ਵਿਧਾਨ ਸਭਾ ਸੀਟਾਂ ’ਤੇ ਹੋਈ ਜ਼ਿਮਨੀ ਚੋਣ ਵਿਚ ‘ਆਪ’ ਤਿੰਨ ਸੀਟਾਂ ਜਿੱਤ ਗਈ, ਜਦੋਂ ਕਿ ਕਾਂਗਰਸ ਪਾਰਟੀ ਦੇ ਪੱਲੇ ਇਕ ਸੀਟ ਹੀ ਪਈ। ‘ਆਪ’ ਨੇ ਜ਼ਿਮਨੀ ਚੋਣਾਂ ਦੌਰਾਨ ਵਿਧਾਨ ਸਭਾ ਹਲਕਾ ਚੱਬੇਵਾਲ, ਡੇਰਾ ਬਾਬਾ ਨਾਨਕ ਤੇ ਗਿੱਦੜਬਾਹਾ ਤੋਂ ਜਿੱਤ ਹਾਸਲ ਕੀਤੀ ਸੀ ਪਰ ਬਰਨਾਲਾ ਤੋਂ ਕਾਂਗਰਸ ਦੇ ਉਮੀਦਵਾਰ ਨੇ ਜਿੱਤ ਹਾਸਲ ਕੀਤੀ। ਇਸ ਜਿੱਤ ਨਾਲ ਪਾਰਟੀ ਦੇ ਵਿਧਾਇਕਾਂ ਦੀ ਗਿਣਤੀ ਵੀ 94 ’ਤੇ ਪਹੁੰਚ ਗਈ ਹੈ।ਇਸੇ ਤਰ੍ਹਾਂ ਪੰਚਾਇਤੀ ਚੋਣਾਂ ਵਿਚ ‘ਆਪ’ ਨੇ 90 ਫ਼ੀਸਦੀ ਸੀਟਾਂ ’ਤੇ ਜਿੱਤ ਦਾ ਦਾਅਵਾ ਕੀਤਾ। ਇਸ ਤੋਂ ਬਾਅਦ ਹਾਲ ਹੀ ਵਿਚ ਹੋਈਆਂ ਪੰਜ ਨਗਰ ਨਿਗਮ ਤੇ 42 ਨਗਰ ਕੌਂਸਲ, ਨਗਰ ਪੰਚਾਇਤ ਤੇ ਚਾਰ ਦਰਜਨ ਦੇ ਕਰੀਬ ਵਾਰਡਾਂ ਵਿਚ ਜ਼ਿਮਨੀ ਚੋਣਾਂ ਦੌਰਾਨ ਸੱਤਾਧਾਰੀ ਧਿਰ ‘ਆਪ’ 55 ਫ਼ੀਸਦ ਸੀਟਾਂ ’ਤੇ ਜਿੱਤ ਹਾਸਲ ਕਰਨ ਵਿਚ ਕਾਮਯਾਬ ਰਹੀ ਹੈ। ‘ਆਪ’ ਪੰਜ ਨਗਰ ਨਿਗਮਾਂ ਵਿਚੋਂ ਪਟਿਆਲਾ ਸਣੇ ਤਿੰਨ ਵਿਚ ਮੇਅਰ ਬਣਾਉਂਦੀ ਦਿਸ ਰਹੀ ਹੈ। ਉੱਧਰ 42 ਨਗਰ ਕੌਂਸਲ ਤੇ ਨਗਰ ਪੰਚਾਇਤ ਵਿਚੋਂ 29 ਵਿਚ ‘ਆਪ’ ਸਪੱਸ਼ਟ ਬਹੁਮਤ ਹਾਸਲ ਕਰ ਸਕੀ ਹੈ। ‘ਆਪ’ ਨੇ ਸਾਲ 2022 ਵਿਚ ਕੀਤੇ ਵਾਅਦਿਆਂ ਵਿਚੋਂ ਸਭ ਤੋਂ ਵੱਡਾ ਔਰਤਾਂ ਨੂੰ ਇਕ ਹਜ਼ਾਰ ਰੁਪਏ ਮਹੀਨਾ ਦੇਣ ਦਾ ਵਾਅਦਾ ਪੂਰਾ ਕਰਨਾ ਹੈ। ਸੂਬੇ ਵਿਚ ਅੱਧ ਦੇ ਕਰੀਬ ਔਰਤ ਵੋਟਰ ਹਨ। ਇਸ ਤੋਂ ਇਲਾਵਾ ਕਈ ਮੌਕਿਆਂ ’ਤੇ ਰਾਜ ਵਿਚ ਕਾਨੂੰਨ ਵਿਵਸਥਾ ਬਾਰੇ ਵੀ ਸੁਆਲ ਖੜ੍ਹੇ ਹੋਏ ਹਨ।

### ‘ਆਪ’ ਪੰਜਾਬ ਨੂੰ ਮਿਲਿਆ ਨਵਾਂ ਪ੍ਰਧਾਨ

ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿਚ ਪਾਰਟੀ ਦਾ ਨਵੇਂ ਪ੍ਰਧਾਨ ਦੀ ਜ਼ਿੰਮੇਵਾਰੀ ਅਮਨ ਅਰੋੜਾ ਨੂੰ ਦਿੱਤੀ ਹੈ, ਹਾਲਾਂਕਿ ਅਮਨ ਅਰੋੜਾ ਦੇ ਨਾਲ ਸ਼ੈਰੀ ਕਲਸੀ ਨੂੰ ਕਾਰਜਕਾਰੀ ਪ੍ਰਧਾਨ ਐਲਾਨਿਆ ਗਿਆ ਹੈ। ਸ਼੍ਰੀ ਅਰੋੜਾ ਦੀ ਅਗਵਾਈ ਹੇਠ ਪਾਰਟੀ ਨੇ ਨਗਰ ਨਿਗਮ, ਕੌਂਸਲ ਤੇ ਨਗਰ ਪੰਚਾਇਤ ਦੀ ਚੋਣ ਲੜੀ ਅਤੇ 55 ਫ਼ੀਸਦੀ ਸੀਟਾਂ ’ਤੇ ਜਿੱਤ ਹਾਸਲ ਕਰ ਸਕੀ ਹੈ।

# ਲੋਕ ਸਭਾ ਚੋਣਾਂ ’ਚ ਹਾਰ ਮਗਰੋਂ ਅਕਾਲੀ ਦਲ ਦੀ ‘ਤੱਕੜੀ’ ਹੋਈ ਡਗਮਗਾਈ

- **ਅਕਾਲ ਤਖਤ ਸਾਹਿਬ ਨੇ ਸੁਖਬੀਰ ਬਾਦਲ ਤੇ ਹੋਰਨਾਂ ਅਕਾਲੀਆਂ ਆਗੂਆਂ ਨੂੰ ਤਨਖਾਹ ਲਾਈ; ਅਸਤੀਫ਼ੇ ਬਾਰੇ ਫ਼ੈਸਲਾ ਲਟਕਿਆ**



ਪੰਜਾਬ ਦੀ ਸਿਆਸਤ ਵਿਚ ਲੰਮਾ ਸਮਾਂ ਰਾਜ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਲਈ ਸਾਲ-2024 ਦਾ ਵਰ੍ਹਾ ਨਿਰਾਸ਼ਾ ਭਰਿਆ ਰਿਹਾ ਹੈ। ਲੋਕ ਸਭਾ ਚੋਣਾਂ ਦੌਰਾਨ ਪਾਰਟੀ ਦੀ ਹਾਰ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਲਈ ਵੱਡਾ ਸੰਕਟ ਖੜ੍ਹਾ ਕਰ ਦਿੱਤਾ ਹੈ। ਇਸ ਵਰ੍ਹੇ ਪਾਰਟੀ ਤੋਂ ਕੁਝ ਆਗੂਆਂ ਨੇ ਬਾਗ਼ੀ ਹੋ ਕੇ ਨਵਾਂ ਧੜਾ ਵੀ ਬਣਾ ਲਿਆ ਸੀ। ਅਕਾਲ ਤਖ਼ਤ ਸਾਹਿਬ ਵੱਲੋਂ ਸੁਖਬੀਰ ਸਿੰਘ ਬਾਦਲ ਸਣੇ ਕਈ ਅਕਾਲੀ ਆਗੂਆਂ ਨੂੰ ਤਨਖ਼ਾਹ ਵੀ ਲਗਾਈ ਗਈ। ਇਸ ਦੌਰਾਨ ਸੇਵਾ ਕਰਨ ਸਮੇਂ ਸੁਖਬੀਰ ’ਤੇ ਜਾਨਲੇਵਾ ਹਮਲਾ ਵੀ ਹੋਇਆ ਪਰ ਸਾਲ ਤੇ ਅੰਤ ਤੱਕ ਸੁਖਬੀਰ ਬਾਦਲ ਦੇ ਅਸਤੀਫ਼ੇ ਬਾਰੇ ਕੋਈ ਫ਼ੈਸਲਾ ਨਹੀਂ ਲਿਆ ਜਾ ਸਕਿਆ।

ਸ਼੍ਰੋਮਣੀ ਅਕਾਲੀ ਦਲ ਨੂੰ ਸਾਲ 2017 ਤੋਂ ਹੀ ਪੰਜਾਬ ਦੀ ਸਿਆਸਤ ਵਿਚ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੂੰ ਸਿਰਫ਼ ਤਿੰਨ ਸੀਟਾਂ ਮਿਲੀਆਂ ਜਦੋਂ ਕਿ ਸਾਲ 2024 ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ 13 ਸੀਟਾਂ ਵਿਚੋਂ ਇਕ ਸੀਟ ਹੀ ਮਿਲੀ। ਲੋਕ ਸਭਾ ਚੋਣਾਂ ਦੌਰਾਨ ਪਾਰਟੀ ਦੇ ਕਈ ਸੀਨੀਅਰ ਆਗੂ ਚੋਣ ਮੈਦਾਨ ਵਿਚ ਨਿੱਤਰੇ ਸਨ। ਇਨ੍ਹਾਂ ਵਿਚੋਂ ਸਿਰਫ਼ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪਤਨੀ ਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਹੀ ਜਿੱਤ ਹਾਸਲ ਕਰ ਸਕੇ ਸਨ। ਇਤਿਹਾਸ ਵਿਚ ਪਹਿਲੀ ਵਾਰ ਹੋਵੇਗਾ ਜਦੋਂ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਦੇ ਜ਼ਿਆਦਾਤਰ ਉਮੀਦਵਾਰਾਂ ਦੀਆਂ ਜ਼ਮਾਨਤਾਂ ਤੱਕ ਜ਼ਬਤ ਹੋ ਗਈਆਂ।

ਲੋਕ ਸਭਾ ਚੋਣਾਂ ਤੋਂ ਬਾਅਦ ਪਾਰਟੀ ਦੇ ਹੀ ਕੁਝ ਆਗੂਆਂ ਨੇ ਸੁਖਬੀਰ ਬਾਦਲ ਵਿਰੁੱਧ ਬਗ਼ਾਵਤ ਕਰ ਦਿੱਤੀ ਤੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਬਣਾ ਲਈ। ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਵਿਚ ਪਾਰਟੀ ਨੂੰ ਉਮੀਦਵਾਰ ਦਾ ਐਲਾਨ ਕਰਨ ਤੋਂ ਬਾਅਦ ਪੈਰ ਪਿੱਛੇ ਨੂੰ ਖਿੱਚਣਾ ਪੈ ਗਿਆ। ਉਸ ਤੋਂ ਬਾਅਦ ਪਾਰਟੀ ਨੇ ਸੂਬੇ ਦੀਆਂ ਚਾਰ ਵਿਧਾਨ ਸਭਾ ਸੀਟਾਂ ’ਤੇ ਹੋਈਆਂ ਜ਼ਿਮਨੀ ਚੋਣਾਂ ਵੀ ਨਾ ਲੜਨ ਦਾ ਫੈਸਲਾ ਕੀਤਾ।

ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਵੱਲੋਂ ਸਾਲ 2007 ਤੋਂ 2017 ਤੱਕ ਹੋਈਆਂ ਗ਼ਲਤੀਆਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਪਹੁੰਚ ਕੀਤੀ ਗਈ। ਉਸ ਮਗਰੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ 30 ਅਗਸਤ ਨੂੰ ਸੁਖਬੀਰ ਸਿੰਘ ਬਾਦਲ ਸਣੇ ਹੋਰਨਾਂ ਆਗੂਆਂ ਨੂੰ ਤਨਖ਼ਾਹੀਆ ਕਰਾਰ ਦਿੱਤਾ।

# ਭਾਜਪਾ ਦਾ ਪੰਜਾਬ ’ਚ ‘ਕਮਲ’ ਖਿੜਾਉਣ ਦਾ ਸੁਪਨਾ ਹੋਇਆ ਨਾਕਾਮ

ਦੇਸ਼ ਦੀ ਸਿਆਸਤ ਵਿਚ ਲਗਾਤਾਰ ਤੀਜੀ ਵਾਰ ਲੋਹਾ ਮਨਵਾਉਣ ਵਾਲੀ ਭਾਜਪਾ ਲਈ ਸਾਲ 2024 ਦਾ ਵਰ੍ਹਾ ਪੰਜਾਬ ਵਿਚ ਬਹੁਤਾ ਵਧੀਆ ਨਹੀਂ ਰਿਹਾ ਹੈ। ਲੋਕ ਸਭਾ ਚੋਣਾਂ ਦੌਰਾਨ ਭਾਵੇਂ ਭਾਜਪਾ ਕੇਂਦਰ ਵਿਚ ਤੀਜੀ ਵਾਰ ਸਰਕਾਰ ਬਣਾਉਣ ਵਿਚ ਕਾਮਯਾਬ ਹੋ ਗਈ ਹੈ, ਪਰ ਪੰਜਾਬ ਵਿਚ ਪੈਰ ਲਾਉਣ ਵਿਚ ਨਾਕਾਮ ਰਹੀ ਹੈ। ਇਸ ਤੋਂ ਇਲਾਵਾ ਪੰਜਾਬ ਵਿਚ ਹੋਈਆਂ ਜ਼ਿਮਨੀ ਚੋਣਾਂ ਦੌਰਾਨ ਵੀ ਪਾਰਟੀ ਦੇ ਪੱਲੇ ਕੁਝ ਨਹੀਂ ਪਿਆ। ਨਗਰ ਨਿਗਮ ਤੇ ਕੌਂਸਲ ਚੋਣਾਂ ਵਿਚ ਵੀ ਪਾਰਟੀ ਦੀ ਕਾਰਗੁਜ਼ਾਰੀ ਚੰਗੀ ਨਹੀਂ ਰਹੀ। ਲੋਕ ਸਭਾ ਚੋਣਾਂ ਦੌਰਾਨ ਵੀ ਪਾਰਟੀ ਵੱਲੋਂ ਬਾਹਰੀ ਆਗੂਆਂ ’ਤੇ ਟੇਕ ਰੱਖਣ ਕਰ ਕੇ ਅੰਦਰੂਨੀ ਕਲੇਸ਼ ਦਾ ਸਾਹਮਣਾ ਕਰਨਾ ਪਿਆ ਹੈ।

ਲੋਕ ਸਭਾ ਚੋਣਾਂ ਦੌਰਾਨ ਭਾਜਪਾ ਵੱਲੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਨੂੰ ਪਟਿਆਲਾ, ਅਰਵਿੰਦ ਖੰਨਾ ਨੂੰ ਸੰਗਰੂਰ ਤੋਂ ਅਰਵਿੰਦ ਖੰਨਾ, ਫ਼ਿਰੋਜ਼ਪੁਰ ਤੋਂ ਰਾਣਾ ਗੁਰਮੀਤ ਸਿੰਘ ਸੋਢੀ, ਫ਼ਰੀਦਕੋਟ ਤੋਂ ਹੰਸ ਰਾਜ ਹੰਸ, ਲੁਧਿਆਣਾ ਤੋਂ ਰਵਨੀਤ ਸਿੰਘ ਬਿੱਟੂ ਅਤੇ ਆਨੰਦਪੁਰ ਸਾਹਿਬ ਤੋਂ ਸੁਭਾਸ਼ ਸ਼ਰਮਾ ਤੇ ਹੋਰਨਾਂ ਆਗੂਆਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ। ਇਨ੍ਹਾਂ ਚੋਣਾਂ ’ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸਣੇ ਕਈ ਸੀਨੀਅਰ ਆਗੂਆਂ ਨੇ ਸੂਬੇ ’ਚ ਪ੍ਰਚਾਰ ਵੀ ਕੀਤਾ ਸੀ ਪਰ ਇਹ ਕਿਸੇ ਕੰਮ ਨਾ ਆਇਆ। ਹਾਲਾਂਕਿ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦੇ ਵੋਟ ਫ਼ੀਸਦੀ ’ਚ ਵਾਧਾ ਜ਼ਰੂਰ ਹੋਇਆ। ਉੱਥੇ ਹੀ ਕੇਂਦਰ ਵਿਚ ਸਰਕਾਰ ਬਣਨ ਤੋਂ ਬਾਅਦ ਭਾਜਪਾ ਨੇ ਲੁਧਿਆਣਾ ਤੋਂ ਚੋਣ ਲੜਨ ਵਾਲੇ ਰਵਨੀਤ ਸਿੰਘ ਬਿੱਟੂ ਨੂੰ ਕੇਂਦਰੀ ਰਾਜ ਮੰਤਰੀ ਜ਼ਰੂਰ ਬਣਾ ਦਿੱਤਾ ਹੈ।

ਇਸ ਤੋਂ ਬਾਅਦ ਭਾਜਪਾ ਨੂੰ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ, ਗਿੱਦੜਬਾਹਾ, ਡੇਰਾ ਬਾਬਾ ਨਾਨਕ, ਬਰਨਾਲਾ ਤੇ ਚੱਬੇਵਾਲ ਵਿਚ ਵੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਸੂਬੇ ਵਿਚ ਹੋਈਆਂ ਪੰਚਾਇਤੀ ਚੋਣਾਂ, ਨਗਰ ਨਿਗਮ, ਨਗਰ ਕੌਂਸਲ ਤੇ ਨਗਰ ਪੰਚਾਇਤ ਦੀਆਂ ਚੋਣਾਂ ਵਿਚ ਵੀ ਪਾਰਟੀ ਦੇ ਪੱਲੇ ਬਹੁਤਾ ਕੁਝ ਨਹੀਂ ਪਿਆ।

ਪੰਜਾਬ ਵਿਚ ਭਾਜਪਾ ਦੇ ਅਜਿਹੇ ਹਾਲਾਤ ਲਈ ਕੇਂਦਰ ਸਰਕਾਰ ਵੱਲੋਂ ਕਿਸਾਨੀ ਨੂੰ ਅਣਦੇਖਿਆ ਕਰਨਾ ਮੰਨਿਆ ਜਾ ਰਿਹਾ ਹੈ। ਤਿੰਨ ਖੇਤੀ ਕਾਨੂੰਨਾਂ ਕਾਰਨ ਕਿਸਾਨਾਂ ਦੇ ਮਨਾਂ ਵਿਚ ਪੈਦਾ ਹੋਇਆ ਰੋਹ ਹਾਲੇ ਤੱਕ ਸ਼ਾਂਤ ਨਹੀਂ ਹੋਇਆ। ਇਸ ਕਰਕੇ ਲੋਕ ਸਭਾ ਚੋਣਾਂ ਤੇ ਜ਼ਿਮਨੀ ਚੋਣਾਂ ਦੌਰਾਨ ਕਿਸਾਨਾਂ ਨੇ ਭਾਜਪਾ ਦਾ ਵਿਰੋਧ ਕੀਤਾ ਹੈ। ਹੁਣ ਵੀ ਇਕ ਮਹੀਨੇ ਤੋਂ ਜ਼ਿਆਦ ਦਿਨਾਂ ਤੋਂ ਮਰਨ ਵਰਤ ’ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸਾਰ ਨਾ ਲੈਣ ਕਾਰਨ ਕਿਸਾਨਾਂ ਦੇ ਮਨਾਂ ਵਿਚ ਭਾਜਪਾ ਖ਼ਿਲਾਫ਼ ਨਾਰਾਜ਼ਗੀ ਹੋਰ ਵਧ ਰਹੀ ਹੈ।

# ਭਾਜਪਾ ਦੀ ਮੋਦੀ, ਸ਼ਾਹ ਸਰਕਾਰ ਵਲੋਂ ਡਾ. ਮਨਮੋਹਨ ਸਿੰਘ ਦੇ ਸਸਕਾਰ ਵਾਸਤੇ ਰਾਜ ਘਾਟ ਵਿਖੇ ਜ਼ਮੀਨ ਨਾ ਦੇ ਕੇ ਆਪਣੇ ਨਾਂ ਨੂੰ ਸਦਾ ਲਈ ਕਲੰਕਿਤ ਕਰ ਲਿਆ !!

ਜੰਗ ਸਿੰਘ ਮਰਸੱਡ
(ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA



ਭਾਰਤ ਦੀ ਸਰਬਪੱਖੀ ਦਰਵੇਸ਼ ਸ਼ਖਸੀਅਤ ਜਿਹੜੀ ਕਿ ਦੇਸ਼ ਵਿਦੇਸ਼ ਦੀਆਂ ਅਣਗਿਣਤ ਡਿਗਰੀਆਂ ਨਾਲ ਓਤ-ਪੋਤ ਸੀ, ਡਾ. ਮਨਮੋਹਨ ਸਿੰਘ, ਜੋ ਕਿ ਭਾਰਤ ਸਰਕਾਰ ਦੇ ਅਣਗਿਣਤ ਉੱਚ ਅਹੁਦਿਆਂ ਦਾ ਬੜੀ ਸਫਲਤਾ ਨਾਲ ਸਫਰ ਕਰਨ ਤੋਂ ਪਹਿਲਾਂ ਕਈ ਕਾਲਜਾਂ ਵਿਚ ਪ੍ਰੋਫੈਸਰੀ ਤੋਂ ਸ਼ੁਰੂ ਕਰਕੇ ਕਈ ਅਹੁਦਿਆਂ 'ਤੇ ਜ਼ਿੰਮੇਵਾਰੀਆਂ ਨਿਭਾਉਣ ਉਪਰੰਤ ਕੇਂਦਰੀ ਪਲੈਨਿੰਗ ਕਮਿਸ਼ਨ ਦੇ ਚੇਅਰਮੈਨ, ਯੂ.ਜੀ.ਸੀ. ਦੇ ਚੇਅਰਮੈਨ, ਰਿਜ਼ਰਵ ਬੈਂਕ ਦੇ ਗਵਰਨਰ, ਕੇਂਦਰੀ ਸਰਕਾਰ ਦੇ ਖਜ਼ਾਨਾ ਮੰਤਰੀ ਬਣਨ ਤੋਂ ਬਾਅਦ ਦਸ ਸਾਲ ਤੱਕ ਭਾਰਤ ਦੇ ਪ੍ਰਧਾਨ ਮੰਤਰੀ ਰਹੇ। ਉਹ ਸਿਖਰਾਂ ਦੇ ਦਿਆਨਤਦਾਰ ਦੇ ਨਾਲ ਕਿਸੇ ਨਾਲ ਵੀ ਭਿੰਨ-ਭੇਦ ਨਾ ਕਰਨ ਵਾਲੇ ਨਿਮਰ ਤੇ ਮਿੱਠਬੋਲੜੇ ਸੱਜਣ ਸਨ। ਜਿਨ੍ਹਾਂ ਦਾ ਬੀਤੇ 26 ਦਸੰਬਰ 2024 ਨੂੰ 92 ਸਾਲ ਦੀ ਉਮਰ ਵਿਚ ਦਿੱਲੀ ਵਿਖੇ ਦਿਹਾਂਤ ਹੋ ਗਿਆ ਸੀ। ਉਨ੍ਹਾਂ ਨੂੰ ਬਤੌਰ ਪ੍ਰਧਾਨ ਮੰਤਰੀ ਹੋਣ 'ਤੇ ਸਸਕਾਰ ਲਈ ਭਾਜਪਾ ਦੀ ਮੋਦੀ, ਸ਼ਾਹ ਸਰਕਾਰ ਵਲੋਂ ਦਿੱਲੀ ਦੇ ਰਾਜ ਘਾਟ ਵਿਖੇ ਸਸਕਾਰ ਲਈ ਬਣਦੀ ਥਾਂ ਨਾ ਦੇ ਕੇ ਆਪਣੇ ਨਾਵਾਂ ਨੂੰ ਦੇਸ਼ ਦੇ ਹੀ ਨਹੀਂ, ਬਲਕਿ ਸੰਸਾਰ ਦੇ ਇਤਿਹਾਸ ਵਿਚ ਕਾਲੇ ਅੱਖਰਾਂ ਵਿਚ ਲਿਖਵਾ ਲਿਆ। ਜੋ ਜਿੰਨੀ ਉਮਰ ਤੱਕ ਉਹ ਜਿਊਂਦੇ ਰਹਿਣਗੇ, ਉਨ੍ਹਾਂ ਨੂੰ ਕੰਡਿਆਂ ਵਾਂਗੂੰ ਚੁੱਭਦਾ ਰਹੇਗਾ। ਸੰਸਾਰ ਭਰ ਦੇ ਲੋਕ ਇਨ੍ਹਾਂ ਆਗੂਆਂ ਨੂੰ ਜਿਥੇ ਸਿਖਰਾਂ ਦੇ ਫਿਰਕਾਪ੍ਰਸਤ ਕਹਿਣਗੇ, ਉਥੇ ਇਹ ਵੀ ਕਹਿ ਕੇ ਲਾਹਨਤਾਂ ਪਾਉਣਗੇ ਕਿ ਇਹ ਉਹ ਆਗੂ ਹਨ, ਜਿਨ੍ਹਾਂ ਨੇ ਫਿਰਕਾਪ੍ਰਸਤੀ ਦਾ ਜਨਾਜ਼ਾ ਕੱਢਦੇ ਹੋਏ ਘੱਟ ਗਿਣਤੀ ਸਿੱਖ ਫਿਰਕੇ ਦੇ ਇਕੋ ਇਕ ਹੋਏ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸਸਕਾਰ ਲਈ ਬਣਦੀ ਥਾਂ 'ਰਾਜ ਘਾਟ' ਵਿਖੇ ਨਹੀਂ ਦਿੱਤੀ। ਉਨ੍ਹਾਂ ਦਾ ਸਸਕਾਰ ਰਾਜ ਘਾਟ ਵਿਖੇ ਕਰਨ ਦੀ ਥਾਂ 'ਤੇ ਦਿੱਲੀ ਦੇ 'ਨਿਗਮ ਬੋਧ' ਜਿਥੇ ਕਿ ਇਕ ਆਮ ਮਨੁੱਖ ਦਾ ਸਸਕਾਰ ਕੀਤਾ ਜਾਂਦਾ ਹੈ, ਵਿਖੇ ਕਰਾਇਆ ਹੈ। ਸੰਸਾਰ ਭਰ ਦੇ ਲੋਕਾਂ ਵਲੋਂ ਇਨ੍ਹਾਂ ਭਾਜਪਾ ਆਗੂਆਂ ਦੀ ਜਹਿਨੀਅਤ ਇੰਨੀ ਗੰਦੀ ਤੇ ਸਿਖਰਾਂ ਦੀ ਨੀਵੀਂ ਦੱਸੀ ਜਾ ਰਹੀ ਹੈ ਕਿ ਜੇਕਰ ਸਿੱਖ ਪ੍ਰਧਾਨ ਮੰਤਰੀ ਦਾ ਸਸਕਾਰ ਰਾਜਘਾਟ ਵਿਖੇ ਸਸਕਾਰ ਲਈ ਥਾਂ ਦਿੱਤੀ ਗਈ, ਤਾਂ ਸਦਾ ਲਈ ਇਹ ਮੋਹਰ ਲੱਗ ਜਾਵੇਗੀ ਕਿ ਭਾਰਤ ਦੇਸ਼ ਇਕ ਧਰਮ ਨਿਰਪੱਖ ਦੇਸ਼ ਹੈ। ਇਹ ਵੀ ਚਰਚਾ ਹੈ ਕਿ ਜੇ ਇਨ੍ਹਾਂ ਦਾ ਵੱਸ ਚਲਦਾ, ਤਾਂ ਇਨ੍ਹਾਂ ਨੇ ਕੋਈ ਨਾ ਕੋਈ ਬਹਾਨਾ ਜਿਵੇਂ ਹੁਣ ਘੜ੍ਹਿਆ ਹੈ, ਘੜ੍ਹ ਕੇ ਮੁਸਲਿਮ ਰਾਸ਼ਟਰਪਤੀ ਸ਼੍ਰੀ ਅਬਦੁਲ ਕਲਾਮ ਦਾ ਵੀ ਰਾਜ ਘਾਟ ਵਿਚ ਸਸਕਾਰ ਨਹੀਂ ਸੀ ਕਰਨ ਦੇਣਾ। ਭਾਜਪਾ ਸੰਸਾਰ ਦੇ ਲੋਕਾਂ ਨੂੰ ਇਹ ਦੱਸਣਾ ਚਾਹੁੰਦੀ ਹੈ ਕਿ ਦੇਸ਼ ਵਿਚ ਸਿਰਫ ਇਕੋ ਇਕ ਹਿੰਦੂ ਧਰਮ ਨਾਲ ਸਬੰਧਤ ਉਚ ਪਾਏ ਦੇ ਆਗੂਆਂ ਦਾ ਹੀ ਹੱਕ ਹੈ ਕਿ ਉਨ੍ਹਾਂ ਦਾ ਰਾਜ ਘਾਟ ਵਿਖੇ ਸਸਕਾਰ ਹੋਵੇ। ਦੇਸ਼ ਦੇ ਲੋਕ ਵੇਖਦੇ ਆ ਰਹੇ ਹਨ ਕਿ ਜਦੋਂ ਤੋਂ ਇਨ੍ਹਾਂ ਨੇ ਭਾਰਤ ਦੇ ਰਾਜ ਭਾਗ ਨੂੰ ਸੰਭਾਲਿਆ ਹੈ, ਇਹ ਹਿੰਦੂਆਂ ਮੁਸਲਮਾਨਾਂ ਨੂੰ ਲੜਾਉਣ ਦੀ ਨੀਤੀ 'ਤੇ ਚੱਲਦੇ ਆ ਰਹੇ ਹਨ, ਤਾਂ ਕਿ ਭਾਰਤ ਨੂੰ ਸਿਰਫ "ਹਿੰਦੂ ਰਾਸ਼ਟਰ" ਬਣਾਇਆ ਜਾ ਸਕੇ। ਜਦੋਂਕਿ ਹੈਰਾਨੀ ਦੀ ਗੱਲ ਹੈ ਕਿ ਦੇਸ਼ ਦੇ ਵੱਡੀ ਗਿਣਤੀ ਵਿਚ ਅਮਨਪਸੰਦ ਤੇ ਨਰੋਈ ਸੋਚ ਰੱਖਣ ਵਾਲੇ ਖੁਦ ਹਿੰਦੂ ਇਸ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਨੂੰ ਸਵੀਕਾਰ ਨਹੀਂ ਕਰ ਰਹੇ। ਉਹ ਮੁਸਲਿਮ ਕਵੀ 'ਮੁਹੰਮਦ ਇਕਬਾਲ' ਦੇ ਕਹੇ ਲਫਜ਼ ਕਿ "ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ" ਭਾਵ ਉਹ ਭਾਰਤ ਨੂੰ ਵੱਖ-ਵੱਖ ਫੁੱਲਾਂ ਦੇ ਗੁੱਲਦਸਤੇ ਦੇ ਰੂਪ ਵਿਚ ਦੇਖਣ ਦੇ ਇੱਛਕ ਹਨ। ਭਾਜਪਾ ਦੀਆਂ ਅੱਖਾਂ ਕਾਫੀ ਹੱਦ ਤੱਕ ਹੁਣ ਖੁੱਲ੍ਹ ਗਈਆਂ ਹੋਣਗੀਆਂ ਕਿ



ਅਸੀਂ ਭਾਜਪਾ ਦੇ ਮੁੱਖ ਆਗੂਆਂ ਨੇ ਡਾ. ਮਨਮੋਹਨ ਸਿੰਘ ਨਾਲ ਸਿਖਰਾਂ ਦੀ ਮਾੜੀ ਤੇ ਕਮੀਨੀ ਸੋਚ ਅਪਨਾ ਕੇ ਰਾਜ ਘਾਟ ਵਿਖੇ ਸਸਕਾਰ ਲਈ ਜ਼ਮੀਨ ਨਾ ਦੇ ਕੇ ਉਨ੍ਹਾਂ ਦਾ ਨਾਂ ਲੋਕਾਂ ਦੇ ਮਨਾਂ ਵਿਚੋਂ ਖਤਮ ਕਰ ਦਿਆਂਗੇ ਪਰ ਡਾ. ਮਨਮੋਹਨ ਸਿੰਘ ਨੂੰ ਸਿਰਫ ਭਾਰਤ ਦੇ ਲੋਕਾਂ ਵਲੋਂ ਹੀ ਨਹੀਂ, ਬਲਕਿ ਸੰਸਾਰ ਭਰ ਦੇ ਦੇਸ਼ਾਂ ਦੇ ਅਣਗਿਣਤ ਰਾਸ਼ਟਰਪਤੀਆਂ, ਪ੍ਰਧਾਨ ਮੰਤਰੀਆਂ ਤੇ ਨਾ ਗਿਣੇ ਜਾਣ ਵਾਲੇ ਉੱਚ ਪਾਏ ਦੇ ਲੀਡਰਾਂ ਵਲੋਂ ਸੱਚੀ-ਸੁੱਚੀ ਰੂਹ ਵਲੋਂ ਨਿਭਾਈਆਂ ਸ਼ਾਨਦਾਰ ਜ਼ਿੰਮੇਵਾਰੀਆਂ ਕਾਰਨ ਇੰਨੀ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਅਮਰੀਕਾ ਦੇ ਦੋ ਵਾਰ ਰਹਿ ਚੁੱਕੇ ਰਾਸ਼ਟਰਪਤੀ ਬਰਾਕ ਉਬਾਮਾ ਨੇ ਆਪਣੀ ਕਿਤਾਬ ਵਿਚ ਡਾ. ਮਨਮੋਹਨ ਸਿੰਘ ਨੂੰ ਅਣਗਿਣਤ ਗੁਣਾਂ ਦਾ ਧਾਰਨੀ ਹੋਣ ਕਰਕੇ ਆਪਣਾ "ਗੁਰੂ" ਲਿਖਿਆ ਹੈ। ਸੱਚਮੁੱਚ ਸ਼੍ਰੀ ਨਰਿੰਦਰ ਮੋਦੀ ਜਿਹੜਾ ਆਪਣੇ ਆਪ ਨੂੰ ਚਾਹ ਵੇਚਣ ਵਾਲਾ ਦੱਸਦੇ ਰਹੇ ਹਨ, ਉਨ੍ਹਾਂ ਦੀ ਸੋਚ ਸੱਚਮੁੱਚ ਚਾਹ ਵੇਚਣ ਵਾਲਿਆਂ ਤੋਂ ਵੀ ਹੇਠਾਂ ਵਾਲਿਆਂ ਦੀ ਹੈ। ਉਨ੍ਹਾਂ ਨੂੰ ਹੁਣ ਕੋਈ ਥਾਂ ਨਹੀਂ ਲੱਭ ਰਹੀ ਕਿ ਉਹ ਆਪਣੇ ਮੂੰਹ ਨੂੰ ਕਿਥੇ ਛੁਪਾਉਣ! ਉਹ ਅੱਖਾਂ ਵਿਚ ਘਸੁੰਨ ਪਾ ਕੇ ਜ਼ਰੂਰ ਫੁੱਟ-ਫੁੱਟ ਕੇ ਰੋਂਦੇ ਹੋਣਗੇ ਕਿ ਅਸੀਂ ਤਾਂ ਡਾ. ਮਨਮੋਹਨ ਸਿੰਘ ਦੇ ਨਾਂ ਨੂੰ ਦਫਨ ਕਰਕੇ ਕਰਨਾ ਕੀ ਚਾਹੁੰਦੇ ਸਾਂ, ਪਰ ਹੋ ਕੀ ਗਿਆ। ਉਨ੍ਹਾਂ ਦਾ ਨਾਂ ਸੰਸਾਰ ਵਿਚ ਤਾਂ ਸੂਰਜ ਦੀ ਰੌਸ਼ਨੀ ਵਾਂਗੂੰ ਕਿਤੇ ਵੱਧ ਲਿਸ਼ਕਾਂ ਮਾਰ ਰਿਹਾ ਹੈ। ਉਨ੍ਹਾਂ ਦੀ ਪ੍ਰਸ਼ੰਸਾ ਵਿਦੇਸ਼ ਦੀ ਪ੍ਰੈੱਸ ਹੀ ਨਹੀਂ ਕਰ ਰਹੀ, ਬਲਕਿ ਆਪਣੇ ਦੇਸ਼ ਦੀ ਪ੍ਰੈੱਸ ਵੀ ਡਾ. ਮਨਮੋਹਨ ਸਿੰਘ ਦੇ ਨਾਂ ਨਾਲ ਅਨੇਕਾਂ ਵਿਸ਼ੇਸ਼ਣ ਲਗਾ ਕੇ ਉਨ੍ਹਾਂ ਨੂੰ ਅੰਤਾਂ ਦਾ ਸਤਿਕਾਰ ਦੇ ਰਹੀ ਹੈ। ਉਨ੍ਹਾਂ ਨੇ ਆਪਣੇ ਰਾਜਕਾਲ ਵਿਚ ਜਦੋਂ ਸੰਸਾਰ ਭਰ ਵਿਚ ਮੰਦੀ ਛਾਈ ਹੋਈ ਸੀ, ਇਥੋਂ ਤਕ ਕਿ ਸੰਸਾਰ ਵਿਚ ਆਪਣੇ ਆਪ ਨੂੰ ਇਕ ਨੰਬਰ ਦਾ ਦੇਸ਼ ਕਹਾਉਣ ਵਾਲਾ ਖੁਦ ਅਮਰੀਕਾ ਮੰਦੀ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਗਿਆ ਸੀ, ਇਹੋ ਅਰਥਸ਼ਾਸ਼ਤਰੀ ਡਾ. ਮਨਮੋਹਨ ਸਿੰਘ ਸਨ, ਜਿਨ੍ਹਾਂ ਨੇ ਆਪਣੀ ਉਚ ਪੱਧਰੀ ਸੋਚ ਨਾਲ ਭਾਰਤ ਨੂੰ ਮੰਦੀ ਦਾ ਸ਼ਿਕਾਰ ਹੋਣ ਤੋਂ ਬਚਾਇਆ ਸੀ। ਇਹ ਹੀ ਨਹੀਂ, ਜਦੋਂ ਸ਼੍ਰੀ ਚੰਦਰ ਸ਼ੇਖਰ ਦੀ ਸਰਕਾਰ ਸਮੇਂ ਜਦੋਂ ਵੱਡੀ ਮਾਤਰਾ ਵਿਚ ਸੋਨਾ ਵਿਦੇਸ਼ਾਂ ਵਿਚ ਗਿਰਵੀ ਰੱਖਿਆ ਗਿਆ ਸੀ, ਤਾਂ ਸ. ਮਨਮੋਹਨ ਸਿੰਘ ਨੇ ਆਪਣੀ ਆਰਥਿਕ ਸੂਝ-ਬੂਝ ਨਾਲ ਥੋੜ੍ਹੇ ਜਿਹੇ ਸਮੇਂ ਵਿਚ ਉਹ ਸਾਰਾ ਗਿਰਵੀ ਰੱਖਿਆ ਸੋਨਾ ਵਾਪਸ ਹੀ ਨਹੀਂ ਸੀ ਲਿਆਂਦਾ, ਬਲਕਿ ਇਕ ਲੱਖ ਕਰੋੜ ਡਾਲਰ ਭਾਰਤ ਦੇ ਖਜ਼ਾਨੇ ਵਿਚ ਹੋਰ ਜਮਾ ਕਰਵਾ ਦਿੱਤੇ ਸਨ। ਉਨ੍ਹਾਂ ਨੇ 2005 ਵਿਚ ਰੁਜ਼ਗਾਰ ਗਰੰਟੀ ਦੀ ਯੋਜਨਾ, ਸੂਚਨਾ ਅਧਿਕਾਰ, 2006 ਵਿਚ ਅਮਰੀਕਾ ਨਾਲ ਨਿਊਕਲੀਅਰ ਡੀਲ ਕੀਤੀ, ਤਾਂ ਉਸ ਵੇਲੇ ਉਨ੍ਹਾਂ ਦੀ ਸਰਕਾਰ ਜਿਹੜੀ ਕਈ ਪਾਰਟੀਆਂ ਨਾਲ ਰਲ ਕੇ ਚਲਾਈ ਜਾ ਰਹੀ ਸੀ, ਜਿਨ੍ਹਾਂ ਵਿਚ ਖੱਬੇ ਪੱਖੀ ਪਾਰਟੀਆਂ ਵੀ ਸ਼ਾਮਲ ਸਨ। ਉਨ੍ਹਾਂ ਨੇ ਇਸ ਡੀਲ ਦਾ ਵਿਰੋਧ ਕਰਦੇ ਹੋਏ ਡਾ. ਮਨਮੋਹਨ ਸਿੰਘ ਦੀ ਸਰਕਾਰ ਵਿਰੁੱਧ ਬੇਵਸਾਹੀ ਦਾ ਮੱਤਾ ਲੋਕ ਸਭਾ ਵਿਚ ਲੈ ਆਂਦਾ ਪਰ ਉਨ੍ਹਾਂ ਨੇ ਆਪਣੀ ਸਿਆਣਪ ਨਾਲ ਵਿਰੋਧੀਆਂ ਨੂੰ ਚਿੱਤ ਕਰਦੇ ਹੋਏ ਸ਼ਾਨਦਾਰ ਜਿੱਤ ਹਾਸਲ ਕੀਤੀ ਕਿ ਸਭ ਹੱਕੇ-ਬੱਕੇ ਰਹਿ ਗਏ। 2006 ਵਿਚ ਹੀ ਆਦੀਵਾਸੀ ਸਮਾਜ ਦੇ ਅਧਿਕਾਰਾਂ ਦਾ ਬਿੱਲ ਲਿਆਂਦਾ, 2009 ਵਿਚ ਆਧਾਰ ਕਾਰਡ, 2010 ਵਿਚ ਸਿੱਖਿਆ ਕਾਨੂੰਨ, ਮਿਡ ਡੇ ਮੀਲ ਵਰਗੇ ਕਾਨੂੰਨ, 2013 ਵਿਚ ਰਾਸ਼ਟਰੀ ਖਾਦ ਸੁਰੱਖਿਆ ਕਾਨੂੰਨ, 2013 ਵਿਚ ਹੀ ਜ਼ਮੀਨ ਐਕਵਾਇਰ ਦੇ ਵੱਧ ਰੇਟ ਦੇਣ ਦਾ ਐਲਾਨ ਵੀ ਕੀਤਾ। ਭਾਜਪਾ ਦੀ ਮੋਦੀ ਸਰਕਾਰ ਉਨ੍ਹਾਂ ਵਲੋਂ ਪਾਸ ਕੀਤੇ ਇਨ੍ਹਾਂ ਕਾਨੂੰਨਾਂ ਨੂੰ ਹੁਣ ਤੱਕ ਆਪਣੇ ਰਾਜ ਵਿਚ ਲਾਗੂ ਕਰਦੀ ਆ ਰਹੀ ਹੈ। ਦੇਸ਼ ਦੇ ਲੋਕ ਇਹ ਵੀ ਜਾਣਦੇ ਹਨ ਕਿ ਇਸ ਮੋਦੀ ਸਰਕਾਰ ਨੇ ਜਦੋਂ ਕਰੰਸੀ ਵਿਚ ਤਬਦੀਲੀ ਕੀਤੀ ਸੀ, ਉਸ ਵੇਲੇ ਲੋਕਾਂ ਨੂੰ ਕਿੰਨੀਆਂ





ਪ੍ਰੇਸ਼ਾਨੀਆ ਦਾ ਸਾਹਮਣਾ ਕਰਨਾ ਪਿਆ ਸੀ, ਸਵਾ ਸੌ ਦੇ ਲਗਭਗ ਲੋਕ ਬੈਂਕਾਂ ਅੱਗੇ ਲਾਈਨਾਂ ਵਿਚ ਲੱਗੇ ਨੋਟਾਂ ਨੂੰ ਬਦਲਾਉਂਦੇ ਰੱਬ ਨੂੰ ਪਿਆਰੇ ਹੋ ਗਏ ਸਨ। ਇਹ ਸਭ ਕੁਝ ਉੱਚ ਕਾਰਪੋਰੇਟਾਂ ਤੇ ਅਮੀਰ ਘਰਾਣੇ ਦੇ ਲੋਕਾਂ ਦੇ 'ਕਾਲੇ ਧੰਨ' ਨੂੰ 'ਚਿੱਟਾ ਕਰਨ' ਦਾ ਕੋਝਾ ਯਤਨ ਦੱਸਿਆ ਜਾ ਰਿਹਾ ਹੈ। ਕੀ ਇਹ ਸਰਕਾਰ ਇਹ ਦੱਸ ਸਕਦੀ ਹੈ ਕਿ ਰਾਜ ਭਾਗ ਸੰਭਾਲਣ ਤੋਂ ਪਹਿਲਾਂ ਜਿਹੜੇ ਵਾਅਦੇ ਇਨ੍ਹਾਂ ਨੇ ਦੇਸ਼ ਦੀ ਜਨਤਾ ਨਾਲ ਕੀਤੇ ਸਨ, ਕੀ ਹੁਣ ਤੱਕ ਨੇਪਰੇ ਚਾੜ੍ਹੇ ਹਨ! ਇਹ ਸਰਕਾਰ ਆਪਣੀ ਕੋਈ ਵੀ ਚੰਗੀ ਕਾਰਗੁਜ਼ਾਰੀ ਦੱਸ ਸਕਦੀ ਹੈ! ਹਾਂ ਇਨ੍ਹਾਂ ਨੇ ਆਪਣੇ ਰਾਜ ਭਾਗ ਵਿਚ ਫਿਰਕੂ ਦੰਗੇ ਕਰਾ ਕੇ ਹਿੰਦੂ ਮੁਸਲਮਾਨਾਂ ਨੂੰ ਮਰਵਾਇਆ ਜ਼ਰੂਰ ਹੈ। ਡਾ. ਮਨਮੋਹਨ ਸਿੰਘ ਦੇ ਸਸਕਾਰ ਲਈ ਰਾਜ ਘਾਟ ਵਿਖੇ ਥਾਂ ਨਾ ਦੇਣ ਦੀ ਇਸ ਘਟਨਾ ਨੇ ਸੰਸਾਰ ਭਰ ਵਿਚ ਭਾਜਪਾ ਸਰਕਾਰ ਦਾ ਸਾਰਾ ਹੀਜ ਪਿਆਜ ਨੰਗਾ ਕਰਕੇ ਜ਼ਰੂਰ ਰੱਖ ਦਿੱਤਾ ਹੈ। ਭਾਜਪਾ ਦੀ ਮੋਦੀ ਸਰਕਾਰ ਚਾਹੁੰਦੀ ਤਾਂ ਇਹ ਸੀ ਕਿ ਸਿੱਖਾਂ ਦੇ ਵਕਾਰ ਨੂੰ ਸੰਸਾਰ ਵਿਚ ਡਾ. ਮਨਮੋਹਨ ਸਿੰਘ ਨੂੰ ਸਸਕਾਰ ਲਈ ਰਾਜ ਘਾਟ ਵਿਚ ਥਾਂ ਨਾ ਦੇ ਕੇ ਘਟਾਇਆ ਜਾਵੇ ਪਰ ਉਨ੍ਹਾਂ ਨੂੰ ਇਹ ਸਭ ਕੁਝ ਸਿਖਰਾਂ ਦਾ ਉਲਟ ਪੈ ਗਿਆ ਹੈ। ਵਿਦੇਸ਼ੀ ਚੈਨਲਾਂ ਤੇ ਪ੍ਰੈੱਸ ਨੇ ਡਾ. ਮਨਮੋਹਨ ਸਿੰਘ ਵਲੋਂ ਦੇਸ਼ ਨੂੰ ਦਿੱਤੀਆਂ ਦੇਣਾਂ ਦੀ ਪ੍ਰਸ਼ੰਸਾ ਤਾਂ ਕਰਨੀ ਹੀ ਸੀ, ਲੇਕਿਨ ਭਾਰਤ ਭਰ ਦੇ ਸਿਰਕੱਢ ਪੱਤਰਕਾਰ ਕੀ ਸ਼੍ਰੀ ਰਵੀਸ਼ ਕੁਮਾਰ, ਸ਼੍ਰੀ ਸੁਭਾਸ਼ ਸ਼ਰਮਾ, ਸ਼੍ਰੀ ਅਭੀਸ਼ੇਕ, ਅਜੀਤ ਅੰਜੁਮ, ਬੀ.ਬੀ.ਸੀ. ਦੇ ਮੁਕੇਸ਼ ਸ਼ਰਮਾ, ਕੁਮਕੁਮ ਬੇਨਵਾਲ, ਨੀਲੂ ਵਿਆਸ, ਪਰਦੀਪ ਚੌਹਾਨ ਹੋਰ ਕਿੰਨੇ ਕੁ ਭਾਰਤੀ ਪ੍ਰੈੱਸ ਦੇ ਪੱਤਰਕਾਰਾਂ ਦੇ ਨਾਂ ਲਵਾਂ, ਦੇਸ਼ ਦੇ ਟੀ.ਵੀ. ਚੈਨਲ ਚਾਹੇ ਲੈਂਜ, ਆਰਟੀਕਲ 19, 4 ਪੀ.ਐੱਮ., ਬਾਤ ਤੋ ਹੋ ਗਈ, ਪਬਲਿਕ ਇੰਡੀਆ, ਬੀ.ਬੀ.ਸੀ. ਹਨ, ਆਦਿ ਦੇ ਐਂਕਰ ਜੋ ਜੋ ਪ੍ਰਸ਼ੰਸਾ ਡਾ. ਮਨਮੋਹਨ ਸਿੰਘ ਵਲੋਂ ਕੀਤੇ ਕੰਮਾਂ ਦੀ ਕਰ ਰਹੇ ਹਨ, ਉਨ੍ਹਾਂ ਨਾਲ ਸਿੱਖ ਜਗਤ ਦਾ ਨਾਂ ਮਾਨ ਨਾਲ ਉੱਚਾ ਹੋ ਰਿਹਾ ਹੈ। ਉਹ ਇਹ ਵੀ ਕਹਿ ਰਹੇ ਹਨ ਕਿ ਸਿਖਰਾਂ ਦੇ ਦਿਆਨਤਦਾਰ, ਪ੍ਰਤਿਭਾਸ਼ੀਲ, ਆਰਥਿਕ ਮਾਹਰ ਡਾ. ਮਨਮੋਹਨ ਸਿੰਘ 'ਤੇ ਹੁਣ ਤੱਕ ਭ੍ਰਿਸ਼ਟਾਚਾਰ ਦਾ ਕੋਈ ਵੀ ਦੋਸ਼ ਸਾਬਤ ਨਹੀਂ ਕਰ ਸਕੇ। ਇਸ ਸਮੇਂ ਸਵ. ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਮਰਨ ਸਮੇਂ ਸੰਪਤੀ ਸਿਰਫ ਤੇ ਸਿਰਫ 15.5 ਕਰੋੜ ਰੁਪਏ ਤੇ ਇਕ ਮਾਰੂਤੀ ਕਾਰ 800 ਹੈ। ਭਾਜਪਾ ਦਾ ਆਗੂ ਸੁਬਰਾਮਨੀਅਮ ਸੁਆਮੀ ਇਕ ਟੀ.ਵੀ. ਚੈਨਲ 'ਤੇ ਕਹਿ ਰਹੇ ਸਨ ਕਿ ਡਾ. ਮਨਮੋਹਨ ਸਿੰਘ ਨੂੰ ਰਾਜ ਘਾਟ ਵਿਖੇ ਸਸਕਾਰ ਲਈ ਜ਼ਮੀਨ ਨਾ ਦੇ ਕੇ ਮੋਦੀ, ਸ਼ਾਹ ਜੋੜੀ ਨੇ ਆਪਣਾ ਨਾਂ ਤਾਂ ਖਰਾਬ ਕੀਤਾ ਹੀ ਹੈ, ਉਨ੍ਹਾਂ ਨੇ ਭਾਜਪਾ ਦੀ ਰਹਿੰਦੀ-ਖੂੰਹਦੀ ਭੰਡੀ ਵੀ ਕਰਾ ਦਿੱਤੀ ਹੈ। ਸਵਰਗੀ ਡਾ. ਮਨਮੋਹਨ ਸਿੰਘ ਦੇ ਮੀਡੀਆ ਐਡਵਾਈਜਰ ਪੰਕਜ ਪਿਚੌਰੀ ਟੀ.ਵੀ. ਚੈਨਲਾਂ 'ਤੇ ਦੱਸ ਰਹੇ ਸਨ ਕਿ ਉਹ ਹਮੇਸ਼ਾਂ ਇਹ ਹੀ ਕਹਿੰਦੇ ਸਨ ਕਿ "ਮੇਰਾ ਕੰਮ ਬੋਲਦਾ ਹੈ" ਜੋ ਭਾਰਤ ਦੇ ਲੋਕਾਂ ਦੇ ਸਾਹਮਣੇ ਹੈ। ਉਨ੍ਹਾਂ ਨੇ ਤਾਂ ਇਹ ਵੀ ਕਿਹਾ ਹੈ ਕਿ ਦੇਸ਼ ਦੇ ਮੌਜੂਦਾ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜਿਹੜੇ ਡਾ. ਮਨਮੋਹਨ ਸਿੰਘ ਨੂੰ ਭੰਡਦੇ ਨਹੀਂ ਥਕਦੇ। ਅੱਜ ਉਹ ਹੀ ਉਨ੍ਹਾਂ ਦੀਆਂ ਬਣਾਈਆਂ ਸ਼ਾਨਦਾਰ ਪਾਲਿਸੀਆਂ ਨੂੰ ਲਾਗੂ ਕਰਦੇ ਆ ਰਹੇ ਹਨ। ਸ਼੍ਰੀ ਪਿਚੌਰੀ ਨੇ ਇਹ ਵੀ ਦੱਸਿਆ ਕਿ ਜਦੋਂ ਵੀ ਡਾ. ਮਨਮੋਹਨ ਸਿੰਘ ਵਿਦੇਸ਼ ਯਾਤਰਾ ਤੋਂ ਵਾਪਿਸ ਆਉਂਦੇ ਸਨ, ਤਾਂ ਦੇਸ਼ ਦੀ ਸਾਰੀ ਪ੍ਰੈੱਸ ਨੂੰ ਇੱਕਠਾ ਕਰਕੇ ਪ੍ਰੈੱਸ ਕਾਨਫਰੰਸ ਰਾਹੀਂ ਉਨ੍ਹਾਂ ਨੂੰ ਪੂਰੀ ਜਾਣਕਾਰੀ ਦੇਂਦੇ ਸਨ ਕਿ ਉਹ ਕੀ ਕੁਝ ਕਰ ਕੇ ਆਏ ਹਨ? ਉਨ੍ਹਾਂ ਨੇ ਆਪਣੇ ਰਾਜਕਾਲ ਵਿਚ ਸਵਾ ਸੋ ਦੇ ਲਗਭਗ ਪ੍ਰੈੱਸ ਮਿਲਣੀਆਂ ਕੀਤੀਆਂ ਸਨ ਤੇ ਪੱਤਰਕਾਰ ਵੀ ਉਨ੍ਹਾਂ ਤੋਂ ਔਖੇ ਤੋਂ ਔਖਾ ਸੁਆਲ ਪੁੱਛਦੇ ਹੁੰਦੇ ਸਨ। ਅੱਜਕੱਲ੍ਹ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਕੋਲ ਜਿਹੜੇ ਵੀ ਪੱਤਰਕਾਰ ਕਲ-ਮੁਕਲੇ ਜਦ ਕਦੀ ਮਿਲਣ ਜਾਣ, ਤਾਂ ਇਹੋ ਜਿਹੇ ਹੀ ਸੁਆਲ ਪੁੱਛਦੇ ਹਨ ਕਿ ਆਪ ਨੇ "ਆਮ ਕਾਟ ਕਰ ਖਾਇਆ ਥਾ ਯਾ ਕਿ ਚੂਸਾ ਥਾ", ਆਪ ਕੀ ਐਨਕ, ਕੋਟ ਵਗੈਰਾ-ਵਗੈਰਾ ਬਹੁਤ ਸੁੰਦਰ ਹੈ। ਇਹ ਹੈ ਮੋਦੀ ਪ੍ਰੈੱਸ ਦਾ ਮੌਜੂਦਾ ਵਕਾਰ। ਦਸ ਸਾਲ ਤੋਂ ਵਧੇਰੇ ਦਾ ਸਮਾਂ ਹੋ ਗਿਆ ਮੋਦੀ ਸਾਹਿਬ ਨੂੰ ਬਤੌਰ ਪ੍ਰਧਾਨ ਮੰਤਰੀ ਬਣਿਆਂ, ਉਹ ਹੁਣ ਤੱਕ ਕੋਈ ਜ਼ੁਅਰਤ ਨਹੀਂ ਕਰ ਸਕੇ ਕਿ 'ਇਕ ਵੀ ਪ੍ਰੈੱਸ ਮਿਲਣੀ ਕਰ ਸਕੇ ਹੋਣ'। ਬੜੀ ਅਜੀਬ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਸਾਡੇ ਕਈ ਫਿਲਮੀ ਕਲਾਕਾਰ ਸ਼੍ਰੀ ਅਮਿਤਾਭ ਬਚਨ, ਸ਼ਿਲਪਾ ਸ਼ੈਟੀ, ਜੂਹੀ ਚਾਵਲਾ, ਅਕਸ਼ੇ ਕੁਮਾਰ, ਰੋਹਿਤ ਕੁਮਾਰ ਆਦਿ ਵਰਗੇ ਵੀ ਹਨ, ਜਿਨ੍ਹਾਂ ਦੇ ਮੂੰਹ ਵਿਚੋਂ ਡਾ. ਮਨਮੋਹਨ ਸਿੰਘ ਦੀ ਮੌਤ 'ਤੇ ਇਕ ਲਫਜ਼ ਵੀ ਨਹੀਂ ਨਿਕਲ ਸਕਿਆ। ਓਮ ਕਸ਼ਿਅਪ ਵਰਗੇ ਕੁਝ ਹੋਰ ਪੱਤਰਕਾਰ ਤਾਂ ਅਜਿਹੇ ਹਨ ਕਿ ਉਨ੍ਹਾਂ ਦੀ ਪੱਤਰਕਾਰੀ 'ਤੇ ਰੋਣਾ ਵੀ ਆਉਂਦਾ ਹੈ ਤੇ ਹਾਸਾ ਵੀ, ਕਿ ਉਹ ਕਿਸ ਤਰ੍ਹਾਂ ਦੇ ਪੱਤਰਕਾਰ ਹਨ ਕਿ ਉਨ੍ਹਾਂ ਨੂੰ ਮੋਦੀ, ਮੋਦੀ ਕਰਨ ਤੋਂ ਬਿਨਾਂ ਹੋਰ ਕੋਈ ਨਾਂ ਮੂੰਹ 'ਤੇ ਨਹੀਂ ਆਉਂਦਾ। ਕਿੰਨੀ ਅਜਬ ਗੱਲ ਹੈ ਕਿ ਮੋਦੀ ਪ੍ਰੈੱਸ ਇਕ ਪੱਤਰਕਾਰ ਉਹ ਡਾ. ਮਨਮੋਹਨ ਸਿੰਘ ਦੇ ਦਿਹਾਂਤ ਦੀ ਖਬਰ ਆਪਣੇ ਚੈਨਲ 'ਤੇ ਇਹ ਬੋਲ ਕੇ ਸੁਣਾ ਰਹੇ ਸਨ ਕਿ "92 ਸਾਲਾ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦਾ ਨਿਧਨ ਹੋ ਗਿਆ" ਵਾਰੇ ਜਾਈਏ ਇਸ ਗੋਦੀ ਤੇ ਮੋਦੀ ਮੀਡੀਏ ਦੇ! ਜਿਨ੍ਹਾਂ ਨੂੰ ਸੁਪਨੇ ਵਿਚ ਵੀ ਸ਼ਾਇਦ ਮੋਦੀ ਤੋਂ ਬਿਨਾ ਹੋਰ ਕੁਝ ਨਹੀਂ ਸੁੱਝਦਾ। ਡਾ. ਮਨਮੋਹਨ ਸਿੰਘ ਨੂੰ ਜ਼ੀਰੋ ਕਰਦੀ-ਕਰਦੀ ਭਾਜਪਾ ਦੇ ਆਗੂਆਂ ਦੀ ਇਹ ਜੋੜ੍ਹੀ, ਆਪ ਹੀ ਸੰਸਾਰ ਭਰ ਵਿਚ ਜੀਰੋ ਹੋ ਗਈ ਪ੍ਰਤੀਤ ਹੋ ਰਹੀ ਹੈ ।

# ਡਾ. ਮਨਮੋਹਨ ਸਿੰਘ ਦੇ ਤੁਰ ਜਾਣ ਨਾਲ ਇੱਕ ਸੁਨਹਿਰੀ ਯੁਗ ਦਾ ਅੰਤ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਡਾ. ਮਨਮੋਹਨ ਸਿੰਘ ਦੇ ਤੁਰ ਜਾਣ ਨਾਲ ਇੱਕ ਯੁੱਗ ਦਾ ਅੰਤ ਹੋ ਗਿਆ। ਉਹ ਕਰਮਯੋਗੀ ਸਨ, ਜਿਨ੍ਹਾਂ ਸਾਰੀ ਉਮਰ ਸਾਦਗੀ ਦਾ ਪੱਲਾ ਨਹੀਂ ਛੱਡਿਆ। ਸੰਸਾਰ ਵਿਚ ਸਭ ਤੋਂ ਵੱਧ ਇਮਾਨਦਾਰੀ, ਕਾਬਲੀਅਤ ਅਤੇ ਸਾਦਗੀ ਦੇ ਪ੍ਰਤੀਕ ਦੇ ਤੌਰ 'ਤੇ ਸਤਿਕਾਰੇ ਜਾਣ ਵਾਲੇ ਇਨਸਾਨ ਜੋ ਭਾਰਤ ਦੀ ਸਿਆਸਤ ਵਿਚ ਇਮਾਨਦਾਰੀ ਦਾ ਧਰੂ ਤਾਰਾ ਕਰਕੇ ਜਾਣੇ ਜਾਂਦੇ ਸਨ, ਡਾ. ਮਨਮੋਹਨ ਸਿੰਘ 26 ਦਸੰਬਰ 2024 ਨੂੰ 92 ਸਾਲ ਦੀ ਉਮਰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਹ ਸੰਸਾਰ ਵਿਚ ਇਮਾਨਦਾਰੀ ਦੇ ਪ੍ਰਤੀਕ ਦੇ ਤੌਰ 'ਤੇ ਪ੍ਰਸਿੱਧੀ ਪ੍ਰਾਪਤ ਆਰਥਿਕ ਮਾਹਿਰ ਸਿਆਸਤਦਾਨਾਂ ਲਈ ਰਾਹ ਦਸੇਰਾ ਬਣਕੇ ਵਿਚਰਦੇ ਰਹੇ। ਭਾਰਤ ਦੇ ਭ੍ਰਿਸ਼ਟ ਨਿਜ਼ਾਮ ਵਿਚ ਡਾ. ਮਨਮੋਹਨ ਸਿੰਘ ਆਪਣੀ ਕਾਬਲੀਅਤ, ਇਮਾਨਦਾਰੀ, ਦਿਆਨਤਦਾਰੀ, ਸੰਵੇਦਨਸ਼ੀਲਤਾ, ਸ਼ਹਿਨਸ਼ੀਲਤਾ ਅਤੇ ਸਾਦਗੀ ਕਰਕੇ ਦਿਨ ਨੂੰ ਸੂਰਜ ਦੀ ਤਰ੍ਹਾਂ ਅਤੇ ਰਾਤ ਨੂੰ ਧਰੂ ਤਾਰੇ ਦੀ ਤਰ੍ਹਾਂ ਚਮਕਦੇ ਰਹੇ ਹਨ। ਭਾਵੇਂ ਭਾਰਤੀ ਪਰਜਾਤੰਤਰ ਨੇ ਉਨ੍ਹਾਂ ਦੀ ਕਾਬਲੀਅਤ ਦਾ ਆਪਣੀ ਲੋੜ ਅਨੁਸਾਰ ਲਾਭ ਤਾਂ ਉਠਾ ਲਿਆ ਪ੍ਰੰਤੂ ਉਨ੍ਹਾਂ ਨੂੰ ਬਣਦੀ ਇੱਜ਼ਤ ਤੇ ਮਾਣ ਨਹੀਂ ਦਿੱਤਾ। 1991 ਵਿਚ ਦੇਸ਼ ਦੀ ਆਰਥਿਕ ਤੌਰ 'ਤੇ ਡੁੱਬਦੀ ਬੇੜੀ ਨੂੰ ਪਾਰ ਲੰਘਾਉਣ ਵਾਲਾ ਡਾ. ਮਨਮੋਹਨ ਸਿੰਘ ਕਾਂਗਰਸ ਪਾਰਟੀ ਨੇ ਇਕ ਵਾਰ ਤਾਂ ਛੱਜ ਵਿਚ ਪਾ ਕੇ ਛੱਟ ਦਿੱਤਾ ਸੀ। ਪ੍ਰੰਤੂ ਮੁੜਕੇ ਫਿਰ ਕਾਂਗਰਸ ਪਾਰਟੀ ਨੂੰ ਡਾ. ਮਨਮੋਹਨ ਸਿੰਘ ਦਾ ਸਹਾਰਾ ਲੈਣਾ ਪਿਆ। ਡਾ. ਮਨਮੋਹਨ ਸਿੰਘ ਨੇ ਹੀ ਕਾਂਗਰਸ ਪਾਰਟੀ ਦੀ ਬੇੜੀ ਪਾਰ ਕੀਤੀ।

2004 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਜਦੋਂ ਸੋਨੀਆਂ ਗਾਂਧੀ ਦਾ ਵਿਦੇਸ਼ੀ ਹੋਣ ਦਾ ਮੁੱਦਾ ਜ਼ੋਰਾਂ 'ਤੇ ਸੀ, ਤਾਂ ਉਨ੍ਹਾਂ ਨੇ ਮਜ਼ਬੂਰੀ ਵਸ ਡਾ. ਮਨਮੋਹਨ ਸਿੰਘ ਦੀ ਇਮਾਨਦਾਰੀ, ਕਾਬਲੀਅਤ ਅਤੇ ਦਿਆਨਤਦਾਰੀ ਨੂੰ ਮੁੱਖ ਰੱਖਕੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਚੋਣ ਕਰਕੇ ਉਨ੍ਹਾਂ ਦੇ ਸਿਰ 'ਤੇ ਪ੍ਰਧਾਨ ਮੰਤਰੀ ਬਦਾ ਤਾਜ ਰੱਖਿਆ। ਡਾ. ਮਨਮੋਹਨ ਸਿੰਘ ਨੇ ਆਪਣੀ ਯੋਗਤਾ ਦੀ ਛਾਪ ਨਾਲ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਮਾਣ ਵਧਾਇਆ ਅਤੇ ਦੇਸ਼ ਦਾ ਰਾਜ ਭਾਗ ਸਫਲਤਾ ਨਾਲ ਚਲਾਇਆ, ਜਿਸ ਕਰਕੇ ਦੁਨੀਆਂ ਵਿਚ ਭਾਰਤ ਦੀ ਅਤੇ ਡਾ. ਮਨਮੋਹਨ ਸਿੰਘ ਦੀ ਤੂਤੀ ਬੋਲਣ ਲੱਗ ਪਈ। ਘੱਟ ਗਿਣਤੀ ਦੀ ਮਿਲੀਜੁਲੀ ਸਰਕਾਰ ਨੂੰ ਬਾਖ਼ੂਬੀ ਚਲਾਉਣ ਦਾ ਸਿਹਰਾ ਵੀ ਡਾ. ਮਨਮੋਹਨ ਸਿੰਘ ਨੂੰ ਹੀ ਜਾਂਦਾ ਹੈ। 2009 ਦੀਆਂ ਲੋਕ ਸਭਾ ਚੋਣਾਂ ਡਾ. ਮਨਮੋਹਨ ਸਿੰਘ ਦੇ ਨਾਂ 'ਤੇ ਲੜੀਆਂ ਗਈਆਂ, ਜਿਸ ਕਰਕੇ ਦੂਜੀ ਵਾਰ ਕਾਂਗਰਸ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿਚ ਸਰਕਾਰ ਬਣਾਉਣ ਵਿਚ ਸਫਲ ਹੋਈ। ਕਾਂਗਰਸ ਦੀਆਂ ਭਾਈਵਾਲ ਪਾਰਟੀਆਂ ਨੇ ਮਨਮਰਜ਼ੀ ਕਰਦਿਆਂ ਕੇਂਦਰ ਸਰਕਾਰ ਦਾ ਅਕਸ ਡਾ. ਮਨਮੋਹਨ ਸਿੰਘ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਖ਼ਰਾਬ ਕੀਤਾ। ਇਸ ਵਿਚ ਡਾ. ਮਨਮੋਹਨ ਸਿੰਘ ਦਾ ਕੋਈ ਕਸੂਰ ਨਹੀਂ ਸੀ, ਇਹ ਸਾਂਝੀ ਸਰਕਾਰ ਦੀਆਂ ਮਜਬੂਰੀਆਂ ਸਨ। ਇਹ ਡਾ. ਮਨਮੋਹਨ ਸਿੰਘ ਹੀ ਸੀ, ਜਿਸਨੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਦਾ ਸਾਹਮਣਾ ਕਰਨ ਵਾਲੇ ਮੰਤਰੀਆਂ ਦੀ ਛਾਂਟੀ ਕੀਤੀ, ਭਾਵੇਂ ਉਸਨੂੰ ਪਤਾ ਸੀ ਕਿ ਸਰਕਾਰ ਦੀ ਹੋਂਦ ਲਈ ਖ਼ਤਰਾ ਪੈਦਾ ਹੋ ਸਕਦਾ ਹੈ। ਡਾ. ਮਨਮੋਹਨ ਸਿੰਘ ਦੀ ਇਮਾਨਦਾਰੀ ਦਾ ਸਿੱਕਾ ਅਜੇ ਤੱਕ ਵੀ ਸਾਰਾ ਸੰਸਾਰ ਮੰਨਦਾ ਹੈ। ਅਮਰੀਕਾ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਹੈ ਤੇ ਉਸਦੇ ਉਦੋਂ ਦੇ ਮੁਖੀ ਰਾਸ਼ਟਰਪਤੀ ਬਰਾਕ ਓਬਾਮਾ ਡਾ. ਮਨਮੋਹਨ ਸਿੰਘ ਦਾ ਰੈਡ ਕਾਰਪੈਟ ਨਾਲ ਸਵਾਗਤ ਕਰਦੇ ਸਨ ਅਤੇ ਉਨ੍ਹਾਂ ਤੋਂ ਅਗਵਾਈ ਲੈਂਦੇ ਰਹੇ ਹਨ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਭਾਰਤ ਦੇ ਸਿਆਸਤਦਾਨਾਂ ਨੇ ਆਪਣੇ ਨਿੱਜੀ ਮੁਫਾਦਾਂ ਕਰਕੇ ਬਣਦਾ ਸਤਿਕਾਰ ਨਹੀਂ ਦਿੱਤਾ। ਇਤਿਹਾਸ ਵਿਚ ਉਨ੍ਹਾਂ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਣ ਤੋਂ ਭਾਰਤੀ ਸਿਆਸਤਦਾਨ ਵੀ ਰੋਕ ਨਹੀਂ ਸਕਣਗੇ। ਯੂ.ਪੀ.ਏ. ਨੇ ਆਪਣੀਆਂ ਅਸਫਲਤਾਵਾਂ ਡਾ. ਮਨਮੋਹਨ ਸਿੰਘ ਦੇ ਨਾਂ 'ਤੇ ਮੜ੍ਹਨ ਦੀ ਕੋਸ਼ਿਸ਼ ਕੀਤੀ ਹੈ। ਇਨਾ ਸਾਧਾਰਨ ਤੇ ਸਾਦਾ ਜੀਵਨ ਬਤੀਤ ਕਰਨ ਵਾਲਾ ਪ੍ਰਧਾਨ ਮੰਤਰੀ ਦੁਨੀਆਂ ਵਿਚ ਕੋਈ ਹੋ ਹੀ ਨਹੀਂ ਸਕਦਾ।



ਡਾ. ਮਨਮੋਹਨ ਸਿੰਘ ਦਾ ਜਨਮ ਪਾਕਿਸਤਾਨ ਦੇ ਗਾਹ ਪਿੰਡ ਵਿਚ ਸ. ਗੁਰਮੁਖ ਸਿੰਘ ਅਤੇ ਸ਼੍ਰੀਮਤੀ ਅੰਮ੍ਰਿਤ ਕੌਰ ਦੇ ਘਰ 26 ਸਤੰਬਰ 1932 ਨੂੰ ਹੋਇਆ ਸੀ। ਬਚਪਨ ਵਿਚ ਹੀ ਉਨ੍ਹਾਂ ਦੀ ਮਾਤਾ ਦਾ ਦਿਹਾਂਤ ਹੋ ਗਿਆ ਅਤੇ ਉਨ੍ਹਾਂ ਦੀ ਪਾਲਣ-ਪੋਸ਼ਣ ਉਨ੍ਹਾਂ ਦੀ ਨਾਨੀ ਨੇ ਹੀ ਕੀਤੀ। ਉਨ੍ਹਾਂ ਨੇ ਆਪਣੀ ਮੁੱਢਲੀ ਪੜ੍ਹਾਈ ਪਾਕਿਸਤਾਨ ਵਾਲੇ ਪੰਜਾਬ ਵਿਚ ਹੀ ਕੀਤੀ। ਦੇਸ਼ ਦੀ ਵੰਡ ਸਮੇਂ ਉਨ੍ਹਾਂ ਦਾ ਪਰਿਵਾਰ ਅੰਮ੍ਰਿਤਸਰ ਵਿਚ ਆ ਕੇ ਰਹਿਣ ਲੱਗ ਪਿਆ। ਬੀ.ਏ. ਉਨ੍ਹਾਂ ਨੇ ਹਿੰਦੂ ਕਾਲਜ ਤੋਂ 1952 ਵਿਚ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਐੱਮ.ਏ. ਅਰਥ ਸ਼ਾਸਤਰ ਦੀ ਆਨਰਜ਼ ਵੀ ਪੰਜਾਬ ਯੂਨੀਵਰਸਿਟੀ ਤੋਂ 1954 ਵਿਚ ਕੀਤੀ। ਉਦੋਂ ਪੰਜਾਬ ਯੂਨੀਵਰਸਿਟੀ ਹੁਸ਼ਿਆਰਪੁਰ ਵਿਚ ਹੁੰਦੀ ਸੀ। ਉਹ ਹਰ ਇਮਤਿਹਾਨ ਵਿਚ ਕਲਾਸ ਵਿਚੋਂ ਪਹਿਲੇ ਨੰਬਰ 'ਤੇ ਹੀ ਆਉਂਦੇ ਸਨ। ਫਿਰ ਉਨ੍ਹਾਂ ਨੇ ਉੱਚ ਵਿਦਿਆ ਲਈ ਯੂਨੀਵਰਸਿਟੀ ਆਫ਼ ਕੈਂਬਰਿਜ ਦੇ ਸੈਂਟ ਜਾਹਨਜ਼ ਕਾਲਜ ਵਿਚ ਦਾਖਲਾ ਲੈ ਲਿਆ। ਇਸ ਤੋਂ ਬਾਅਦ ਯੂਨੀਵਰਸਿਟੀ ਆਫ਼ ਆਕਸਫੋਰਡ ਦੇ ਨੂਈਫਡ ਕਾਲਜ ਵਿਚ ਦਾਖਲਾ ਲਿਆ, ਜਿਥੋਂ 1962 ਵਿਚ ਪੜ੍ਹਾਈ ਖਤਮ ਕੀਤੀ। ਉਨ੍ਹਾਂ ਨੂੰ ਉਪਰੋਕਤ ਯੂਨੀਵਰਸਿਟੀਆਂ ਨੇ ਸਕਾਲਰਸ਼ਿਪ ਦੇ ਕੇ ਪੜ੍ਹਾਇਆ। ਉਨ੍ਹਾਂ ਨੇ ਆਪਣੀ ਪੀ.ਐੱਚ.ਡੀ. ਇੰਡੀਅਨ ਐਕਸਪੋਰਟ ਪਰਫਾਰਮੈਂਸ 1951-60 ਐਕਸਪੋਰਟ ਪ੍ਰਾਸਪੈਕਟਸ ਐਂਡ ਪਾਲਿਸੀ ਇੰਪਲੀਕੇਸ਼ਨਜ ਦੇ ਵਿਸ਼ੇ 'ਤੇ ਕੀਤੀ। ਉਨ੍ਹਾਂ ਨੇ ਇੱਕ ਪੁਸਤਕ 'ਇੰਡੀਆਜ਼ ਐਕਸਪੋਰਟ ਟਰੈਂਡਜ਼ ਐਂਡ ਪਰਾਸਪੈਕਟਸ ਫਾਰ ਸੈਲਫ ਸਸਟੇਂਡ ਗਰੋਥ' ਲਿਖੀ, ਜੋ ਕਿ ਉਨ੍ਹਾਂ ਦੇ ਪੀ.ਐੱਚ.ਡੀ. ਥੀਸਜ਼ 'ਤੇ ਹੀ ਆਧਾਰਿਤ ਹੈ। ਉਹ ਦਿੱਲੀ ਯੂਨੀਵਰਸਿਟੀ ਵਿਚ 1957 ਤੋਂ 59 ਤੱਕ ਅਰਥ ਸ਼ਾਸਤਰ ਦੇ ਸੀਨੀਅਰ ਲੈਕਚਰਾਰ, 1959 ਤੋਂ 63 ਤੱਕ ਰੀਡਰ ਅਤੇ 65 ਤੋਂ 67 ਤੱਕ ਪ੍ਰੋਫੈਸਰ ਰਹੇ। ਇਸ ਤੋਂ ਬਾਅਦ 1969 ਤੋਂ 71 ਤੱਕ ਪ੍ਰੋਫੈਸਰ ਇੰਟਰਨੈਸ਼ਨਲ ਟਰੇਡ ਰਹੇ। ਉਹ 1966 ਤੋਂ 69 ਤੱਕ ਯੂਨਾਈਟਡ ਨੇਸ਼ਨਜ਼ ਕਾਨਫਰੰਸ ਆਨ ਟਰੇਡ ਐਂਡ ਡਿਵੈਲਪਮੈਂਟ ਵਿਚ ਵੀ ਕੰਮ ਕਰਦੇ ਰਹੇ। ਇਕ ਵਾਰ ਉਹ ਜਹਾਜ਼ ਵਿਚ ਜਾ ਰਹੇ ਸਨ, ਤਾਂ ਉਨ੍ਹਾਂ ਦੀ ਮੁਲਾਕਾਤ ਉਦੋਂ ਦੇ ਭਾਰਤ ਦੇ ਵਿਦੇਸ਼ ਮੰਤਰੀ ਲਲਿਤ ਨਰਾਇਣ ਮਿਸ਼ਰਾ ਨਾਲ ਹੋ ਗਈ, ਮਿਸ਼ਰਾ ਡਾਕਟਰ ਮਨਮੋਹਨ ਸਿੰਘ ਨਾਲ ਹੋਈ ਗੱਲਬਾਤ ਤੋਂ ਏਨੇ ਪ੍ਰਭਾਵਤ ਹੋਏ, ਤਾਂ ਉਨ੍ਹਾਂ ਨੇ ਡਾ. ਮਨਮੋਹਨ ਸਿੰਘ ਨੂੰ 1982 ਵਿਚ ਆਪਣੇ ਵਿਦੇਸ਼ ਮੰਤਰਾਲੇ ਵਿਚ ਸਲਾਹਕਾਰ ਨਿਯੁਕਤ ਕਰ ਲਿਆ। ਇਸ ਨਿਯੁਕਤੀ ਤੋਂ ਬਾਅਦ ਉਨ੍ਹਾਂ ਨੂੰ ਰਿਜ਼ਰਵ ਬੈਂਕ ਆਫ਼ ਇੰਡੀਆ ਦਾ ਗਵਰਨਰ ਨਿਯੁਕਤ ਕਰ ਦਿੱਤਾ ਗਿਆ, ਜਿਸ ਅਹੁਦੇ 'ਤੇ ਉਹ 1985 ਤੱਕ ਰਹੇ। ਉਨ੍ਹਾਂ ਦੀ ਕਾਬਲੀਅਤ ਦੀ ਧਾਂਕ ਚਾਰੇ ਪਾਸੇ ਫੈਲ ਗਈ, ਤਦ ਉਨ੍ਹਾਂ ਨੂੰ ਭਾਰਤ ਦੇ ਯੋਜਨਾ ਕਮਿਸ਼ਨ ਦਾ ਉਪ ਚੇਅਰਮੈਨ ਲਗਾ ਦਿੱਤਾ ਗਿਆ ਕਿਉਂਕਿ ਕਮਿਸ਼ਨ ਦਾ ਚੇਅਰਮੈਨ ਤਾਂ ਹਮੇਸ਼ਾ ਪ੍ਰਧਾਨ ਮੰਤਰੀ ਹੀ ਹੁੰਦਾ ਹੈ। ਉਹ ਇਸ ਅਹੁਦੇ 'ਤੇ 1987 ਤੱਕ ਰਹੇ। ਆਰਥਿਕ ਪਾਲਿਸੀ 'ਤੇ ਇੱਕ ਆਜ਼ਾਦ ਥਿੰਕ ਟੈਂਕ ਸਾਊਥ ਕਮਿਸ਼ਨ ਹੈ, ਜਿਸਦਾ ਹੈੱਡਕਵਾਰਟਰ ਸਵਿਟਜ਼ਰਲੈਂਡ ਦੇ ਜਨੇਵਾ ਸ਼ਹਿਰ ਵਿਚ ਹੀ ਹੁੰਦਾ ਹੈ। ਡਾ. ਮਨਮੋਹਨ ਸਿੰਘ ਨੂੰ ਇਸ ਦਾ ਜਨਰਲ ਸਕੱਤਰ ਬਣਾਇਆ ਗਿਆ ਤੇ ਉਨ੍ਹਾਂ ਨੇ 87 ਤੋਂ 90 ਤੱਕ ਉਸ ਵਿਚ ਕੰਮ ਕੀਤਾ। ਜਦੋਂ ਉਨ੍ਹਾਂ ਦੀ ਕਾਬਲੀਅਤ ਦੀ ਦੁਨੀਆਂ ਵਿਚ ਪ੍ਰਸ਼ੰਸਾ ਹੋ ਰਹੀ ਸੀ, ਤਾਂ ਭਾਰਤ ਦੇ ਉਦੋਂ ਦੇ ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਓ ਨੇ 1991 ਵਿਚ ਡਾ. ਮਨਮੋਹਨ ਸਿੰਘ ਨੂੰ ਭਾਰਤ ਸਰਕਾਰ ਦਾ ਖ਼ਜ਼ਾਨਾ ਮੰਤਰੀ ਬਣਾਇਆ। ਉਸ ਸਮੇਂ ਦੇਸ਼ ਦੀ ਆਰਥਿਕਤਾ ਬਹੁਤ ਹੀ ਡਾਵਾਂਡੋਲ ਸੀ। ਡਾ. ਮਨਮੋਹਨ ਸਿੰਘ ਨੇ ਆਪਣੀਆਂ ਆਰਥਿਕ ਨੀਤੀਆਂ ਨਾਲ ਦੇਸ਼ ਦੀ ਆਰਥਿਕਤਾ ਨੂੰ ਸਥਿਰ ਕੀਤਾ। ਉਨ੍ਹਾਂ ਨੇ ਲਿਬਰਲਾਈਜ਼ੇਸ਼ਨ ਦੀ ਪਾਲਿਸੀ ਅਪਣਾਈ। ਵਿਦੇਸ਼ੀ ਵਪਾਰੀਆਂ ਨੂੰ ਭਾਰਤ ਦੀ ਮਾਰਕੀਟ ਵਿਚ ਆਉਣ ਦੀ ਇਜਾਜ਼ਤ ਦਿੱਤੀ। ਲਾਇਸੈਂਸ ਰਾਜ ਸਿਸਟਮ ਖ਼ਤਮ ਕਰ ਦਿੱਤਾ। ਹਰ ਖੇਤਰ ਵਿਚ ਸਰਕਾਰ ਦੀ ਮਨਾਪਲੀ ਖ਼ਤਮ ਕਰ ਦਿੱਤੀ ਤਾਂ ਕਿਤੇ ਜਾਕੇ ਭਾਰਤ ਦੀ ਆਰਥਿਕਤਾ ਮਜ਼ਬੂਤ ਹੋਈ। ਉਨ੍ਹਾਂ ਨੂੰ ਭਾਰਤ ਦੀ ਆਰਥਿਕਤਾ ਨੂੰ ਸੋਸ਼ਲਿਸਟ ਰੂਪ ਦੇਣ ਵਾਲਾ ਵਿੱਤ ਮੰਤਰੀ ਕਿਹਾ ਜਾ ਸਕਦਾ ਹੈ। ਦੁਨੀਆਂ ਦੇ ਦੂਜੇ ਦੇਸ਼ਾਂ ਦੇ ਲੀਡਰਾਂ ਨੇ ਡਾ. ਮਨਮੋਹਨ ਸਿੰਘ ਦੀ ਕਾਬਲੀਅਤ ਦੀ ਈਨ ਮੰਨ ਲਈ ਅਤੇ ਉਨ੍ਹਾਂ ਨੂੰ ਆਪਣਾ ਰੋਲ ਮਾਡਲ ਬਣਾਉਣਾ ਸ਼ੁਰੂ ਕਰ ਦਿੱਤਾ। ਨਿਊਜ਼ ਵੀਕ ਮੈਗਜ਼ੀਨ ਨੇ ਲਿਖਿਆ ਦੂਜੇ ਲੀਡਰਾਂ ਦਾ ਪਿਆਰਾ ਲੀਡਰ ਡਾ. ਮਨਮੋਹਨ ਸਿੰਘ। ਮੁਹੰਮਦ ਇਲਬਰਾਲ ਨੇ ਲਿਖਿਆ ਕਿ ਡਾ. ਮਨਮੋਹਨ ਸਿੰਘ ਦੁਨੀਆਂ ਦੇ ਦੂਜੇ ਲੀਡਰਾਂ ਦਾ ਰੋਲ ਮਾਡਲ ਲੀਡਰ ਹੈ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਹਮੇਸ਼ਾ ਉਨ੍ਹਾਂ ਤੋਂ ਆਰਥਿਕ ਮਾਮਲਿਆਂ ਵਿਚ ਸਲਾਹ ਲੈਂਦੇ ਰਹੇ ਹਨ। ਫੋਰਬਜ਼ ਮੈਗਜ਼ੀਨ ਨੇ ਵੀ ਮੋਸਟ ਪਾਵਰਫੁਲ ਲੀਡਰਾਂ ਵਿਚ ਡਾ. ਮਨਮੋਹਨ ਸਿੰਘ ਨੂੰ 18ਵੇਂ ਨੰਬਰ 'ਤੇ ਰੱਖਿਆ ਹੈ। ਪੰਡਤ ਜਵਾਹਰ ਲਾਲ ਨਹਿਰੂ ਤੋਂ ਬਾਅਦ ਬੈਸਟ ਪ੍ਰਾਈਮ ਮਨਿਸਟਰ ਕਿਹਾ ਅਤੇ ਨਹਿਰੂ ਤੋਂ ਬਾਅਦ ਆਪਣੀ ਟਰਮ ਪੂਰੀ ਕਰਕੇ ਦੁਬਾਰਾ ਪ੍ਰਧਾਨ ਮੰਤਰੀ ਬਣਨ ਵਾਲੇ ਉਹ ਪਹਿਲੇ ਪ੍ਰਧਾਨ ਮੰਤਰੀ ਸਨ। ਕਾਂਗਰਸ ਦੇ ਸਤਵੇਂ ਤੇ ਪਹਿਲੇ ਨਾਨ ਹਿੰਦੂ ਪ੍ਰਧਾਨ ਮੰਤਰੀ ਸਨ। ਦੇਸ਼ ਦਾ ਅਠਾਰਵਾਂ ਰਾਜ ਸਭਾ ਵਿਚੋਂ ਪ੍ਰਧਾਨ ਮੰਤਰੀ ਬਣਨ ਵਾਲਾ ਦੂਜਾ ਪ੍ਰਧਾਨ ਮੰਤਰੀ ਹੈ। ਉਹ ਰਾਜ ਸਭਾ ਲਈ 1991, 97, 2003, 2009, 2014 ਅਤੇ 2019 ਵਿਚ ਚੁਣੇ ਗਏ ਸਨ। ਉਹ 22 ਮਈ 2004 ਤੋ ਮਈ 2009 ਤੱਕ ਅਤੇ ਮਈ 2009 ਤੋਂ ਮਈ 2014 ਤੱਕ ਪ੍ਰਧਾਨ ਮੰਤਰੀ ਰਹੇ ਹਨ।

ਡਾ. ਮਨਮੋਹਨ ਸਿੰਘ ਨੂੰ ਬਹੁਤ ਸਾਰੀਆਂ ਯੂਨੀਵਰਸਿਟੀਆਂ ਨੇ ਆਨਰੇਰੀ ਡਾਕਟਰੇਟ ਦੀ ਡਿਗਰੀ ਦਿੱਤੀ ਸੀ। ਸਾਲ 1997 ਵਿਚ ਯੂਨੀਵਰਸਿਟੀ ਆਫ਼ ਅਲਬਰਟਾ ਨੇ ਆਨਰੇਰੀ ਡਾਕਟਰ ਆਫ਼ ਲਾਅ, ਯੂਨੀਵਰਸਿਟੀ ਆਫ਼ ਆਕਸਫੋਰਡ ਨੇ ਜੁਲਾਈ 2005 ਵਿਚ ਡਾਕਟਰ ਆਫ਼ ਸਿਵਲ ਲਾਅ, ਯੂਨੀਵਰਸਿਟੀ ਆਫ ਕੈਂਬਰਿਜ਼ ਨੇ ਡਾਕਟਰ ਆਫ਼ ਸਿਵਲ ਲਾਅ, ਸੇਂਟ ਜਾਹਨਜ਼ ਕਾਲਜ ਨੇ ਉਨ੍ਹਾਂ ਦੇ ਨਾਂ 'ਤੇ ਪੀ.ਐੱਚ.ਡੀ. ਦੀ ਡਿਗਰੀ ਕਰਨ ਲਈ ਡਾ. ਮਨਮੋਹਨ ਸਿੰਘ ਸਕਾਲਰਸ਼ਿਪ ਦੇਣ ਦਾ ਫੈਸਲਾ ਕੀਤਾ, ਬਨਾਰਸ ਹਿੰਦੂ ਯੂਨੀਵਰਸਿਟੀ ਨੇ ਡਾਕਟਰੇਟ ਆਫ਼ ਲੈਟਰਜ਼ 2008, ਯੂਨੀਵਰਸਿਟੀ ਆਫ਼ ਮਦਰਾਸ ਨੇ 2008 ਵਿਚ ਆਨਰੇਰੀ ਡਾਕਟਰੇਟ ਦੀ ਡਿਗਰੀ ਅਤੇ ਕਿੰਗ ਸਾਊਤ ਯੂਨੀਵਰਸਿਟੀ ਨੇ ਡਾਕਟਰੇਟ ਦੀ ਆਨਰੇਰੀ ਡਿਗਰੀ 2010 ਵਿਚ ਦਿੱਤੀ।

ਉਨ੍ਹਾਂ ਨੂੰ 1987 ਵਿਚ ਪਦਮ ਵਿਭੂਸ਼ਣ ਦਾ ਖ਼ਿਤਾਬ ਦਿੱਤਾ ਗਿਆ ਸੀ। ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਬਹੁਤ ਹੀ ਮਾਅਰਕੇ ਦੇ ਕੰਮ ਕੀਤੇ ਭਾਵੇਂ ਸਾਂਝੀ ਸਰਕਾਰ ਦੀਆਂ ਆਪਣੀਆਂ ਵੱਖਰੀ ਤਰ੍ਹਾਂ ਦੀਆਂ ਮੁਸ਼ਕਲਾਂ ਹੁੰਦੀਆਂ ਹਨ। ਉਨ੍ਹਾਂ ਵਿਚੋਂ ਕੁਝ ਕੁ ਵਰਨਣਯੋਗ ਹਨ, ਜਿਵੇਂ ਕਿ ਰਾਈਟ ਟੂ ਇਨਫਾਰਮੇਸ਼ਨ ਕਾਨੂੰਨ, ਗ਼ਰੀਬਾਂ ਲਈ ਨਰੇਗਾ, ਰੂਰਲ ਹੈਲਥ ਮਿਸ਼ਨ, ਆਈ.ਆਈ.ਟੀਜ, ਤੇ ਆਈ.ਆਈ. ਮੈਨੇਜਮੈਂਟ ਦਾ ਸਥਾਪਤਕਰਨਾ ਸ਼ਾਮਲ ਹਨ। ਉਨ੍ਹਾਂ ਦਾ ਵਿਆਹ ਸ਼੍ਰੀਮਤੀ ਗੁਰਸ਼ਰਨ ਕੌਰ ਨਾਲ 1958 ਵਿਚ ਹੋਇਆ। ਉਹ ਦੋਵੇਂ ਕੋਹਲੀ ਪਰਿਵਾਰ ਵਿਚੋਂ ਹਨ ਪ੍ਰੰਤੂ ਆਪਣੇ ਨਾਂ ਨਾਲ ਕੋਹਲੀ ਨਹੀਂ ਲਿਖਦੇ। ਉਨ੍ਹਾਂ ਦੇ ਤਿੰਨ ਲੜਕੀਆਂ ਉਪਿੰਦਰ, ਦਮਨ ਅਤੇ ਅੰਮ੍ਰਿਤਾ ਸਿੰਘ ਹਨ। ਡਾ. ਮਨਮੋਹਨ ਸਿੰਘ ਅਜਿਹੇ ਪਹਿਲੇ ਪ੍ਰਧਾਨ ਮੰਤਰੀ ਵੀ ਹੋਣਗੇ, ਜਿਨ੍ਹਾਂ ਨੇ ਆਪਣਾ ਅਹੁਦਾ ਛੱਡਣ ਤੋਂ ਤੁਰੰਤ ਬਾਅਦ ਪ੍ਰਧਾਨ ਮੰਤਰੀ ਦਾ ਨਿਵਾਸ ਖਾਲੀ ਕਰ ਦਿੱਤੀ ਸੀ। ਆਮ ਤੌਰ 'ਤੇ ਸਿਆਸਤਦਾਨ ਸਰਕਾਰੀ ਸਹੂਲਤਾਂ ਦਾ ਰਿਟਾਇਰਮੈਂਟ ਤੋਂ ਬਾਅਦ ਵੀ ਆਨੰਦ ਮਾਣਦੇ ਰਹਿੰਦੇ ਹਨ। ਭਾਰਤ ਸਰਕਾਰ ਉਨ੍ਹਾਂ ਦੇ ਸਤਿਕਾਰ ਵਜੋਂ 7 ਦਿਨ ਦਾ ਰਾਸ਼ਟਰੀ ਸੋਗ ਦਾ ਐਲਾਨ ਕੀਤਾ ਹੈ।

# ਸਮੇਂ ਦੇ ਪਾਬੰਦ ਅਤੇ ਯੋਗਤਾ ਦੀ ਕਦਰ ਕਰਨ ਵਾਲੇ ਸਨ ਪ੍ਰਧਾਨ ਮੰਤਰੀ ਮਨਮੋਹਨ ਸਿੰਘ

ਪ੍ਰਿੰਸੀਪਲ ਵਿਜੈ ਕੁਮਾਰ
98726-27236
ਪੰਜਾਬ ਮੇਲ USA

ਕਾਲਜ ਅਧਿਆਪਕ ਦੇ ਅਹੁਦੇ ਤੋਂ ਲੈ ਕੇ ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਗਵਰਨਰ, ਕੇਂਦਰੀ ਖਜ਼ਾਨਾ ਮੰਤਰੀ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਦੇ ਸਨਮਾਨ ਯੋਗ ਪਦ ਉੱਤੇ ਰਹਿਣ ਵਾਲੇ ਸ. ਮਨਮੋਹਣ ਸਿੰਘ ਦਾ ਜੀਵਨ ਸੱਚਾ ਸੁੱਚਾ, ਬੇਦਾਗ, ਪ੍ਰੇਰਨਾਦਾਇਕ, ਆਦਰਸ਼ਮਈ

ਅਤੇ ਸਿਧਾਂਤਾਂ ਉੱਤੇ ਅਧਾਰਿਤ ਸੀ। ਚੁੱਪ ਸ਼ਾਂਤ ਰਹਿਣ ਵਾਲੇ, ਡੂੰਘੀ ਸੋਚ ਵਾਲੇ, ਧਰਤੀ ਨਾਲ ਜੁੜੇ ਹੋਏ ਇਮਾਨਦਾਰੀ ਦੇ ਪੁੰਜ, ਸਾਦਗੀ ਦੇ ਪੁਜਾਰੀ ਤੇ ਸਭ ਦੇ ਹਰਮਨਪਿਆਰੇ ਸ. ਮਨਮੋਹਨ ਸਿੰਘ ਦੇਸ਼ ਦੇ ਦੂਜੇ ਸਿਆਸਤਦਾਨਾਂ ਤੋਂ ਵੱਖਰੇ ਸਨ। ਉਨ੍ਹਾਂ ਦੀ ਜ਼ਿੰਦਗੀ ਦਾ ਇੱਕ ਪ੍ਰੇਰਨਾਦਾਇਕ ਪ੍ਰਸੰਗ ਇਹ ਦਰਸਾਉਂਦਾ ਹੈ ਕਿ ਉਹ ਸਮੇਂ ਦੀ ਪਾਬੰਦੀ ਅਤੇ ਯੋਗਤਾ ਦੇ ਕਦਰਦਾਨ ਸਨ। ਉਹ ਜਦੋਂ ਕਾਂਗਰਸ ਸਰਕਾਰ 'ਚ ਦੇਸ਼ ਦੇ ਕੇਂਦਰੀ ਖਜ਼ਾਨਾ ਮੰਤਰੀ ਦੇ ਅਹੁਦੇ ਉੱਤੇ ਸਨ, ਤਾਂ ਉਨ੍ਹਾਂ ਨੂੰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਤੋਂ ਅਰਥ ਸ਼ਾਸਤਰ ਵਿਸ਼ੇ ਦੇ ਪ੍ਰੋਫੈਸਰ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਅਤੇ ਸਮਾਜ ਅਤੇ ਧਰਮ ਨਾਂ ਦਾ ਮੈਗਜ਼ੀਨ ਕੱਢਣ ਵਾਲੇ ਭੋਲਾਨਾਥ ਕਸ਼ਅਪ ਨੇ ਉਨ੍ਹਾਂ ਨੂੰ ਦੇਸ਼ ਦੀ ਆਰਥਿਕਤਾ 'ਚ ਸੁਧਾਰ ਲਿਆਉਣ ਲਈ ਸੁਝਾਅ ਦੇਣ ਦੇ ਮਕਸਦ ਨਾਲ ਉਨ੍ਹਾਂ ਨੂੰ ਮਿਲਣ ਲਈ ਇੱਕ ਪੱਤਰ ਲਿਖਿਆ। ਉਨ੍ਹਾਂ ਦਾ ਪੱਤਰ ਮਿਲਦਿਆਂ ਹੀ ਭੋਲਾਨਾਥ ਕਸ਼ਅਪ ਨੂੰ ਉਨ੍ਹਾਂ ਦੇ ਦਫਤਰ ਤੋਂ ਪੱਤਰ ਚਲਾ ਗਿਆ ਕਿ ਉਨ੍ਹਾਂ ਨੂੰ ਕੇਂਦਰੀ ਖਜ਼ਾਨਾ ਮੰਤਰੀ ਦੇ ਦਫਤਰ ਤੋਂ ਦੇਸ਼ ਦੀ ਆਰਥਿਕਤਾ 'ਚ ਸੁਧਾਰ ਲਿਆਉਣ ਲਈ ਸੁਝਾਅ ਦੇਣ ਲਈ ਬੁਲਾਇਆ ਜਾ ਰਿਹਾ ਹੈ। ਉਹ ਦੇਸ਼ ਦੇ ਕੇਂਦਰੀ ਖਜ਼ਾਨਾ ਮੰਤਰੀ ਨੂੰ ਸੁਝਾਅ ਦੇਣ ਲਈ ਪੱਤਰ 'ਚ ਦਿੱਤੇ ਹੋਏ ਦਿਨ ਅਤੇ ਸਮੇਂ ਅਨੁਸਾਰ ਉਨ੍ਹਾਂ ਦੇ ਦਫਤਰ ਵਿਚ ਪਹੁੰਚ ਜਾਣ।



ਉਨ੍ਹਾਂ ਨੂੰ ਮੀਟਿੰਗ ਲਈ ਇੱਕ ਘੰਟੇ ਦਾ ਸਮਾਂ ਦਿੱਤਾ ਗਿਆ ਸੀ। ਸ਼੍ਰੀ ਭੋਲਾ ਨਾਥ ਕਸ਼ਅਪ ਜੀ ਨੇ ਸਿਆਸਤਦਾਨਾਂ ਬਾਰੇ ਆਪਣੇ ਪਹਿਲੇ ਤਜ਼ਰਬੇ ਅਨੁਸਾਰ ਸੋਚਿਆ ਕਿ ਉਹ ਦੇਸ਼ ਦੇ ਖਜ਼ਾਨਾ ਮੰਤਰੀ ਹਨ। ਉਨ੍ਹਾਂ ਨੂੰ ਮਿਲਣ ਲਈ ਉਨ੍ਹਾਂ ਤੋਂ ਪਹਿਲਾਂ ਬਹੁਤ ਸਾਰੇ ਲੋਕ ਹੋਣਗੇ। ਉਨ੍ਹਾਂ ਨੂੰ ਮਿਲਣ ਲਈ ਉਨ੍ਹਾਂ ਨੂੰ ਕਾਫੀ ਸਮਾਂ ਲੱਗੇਗਾ। ਉਨ੍ਹਾਂ ਦੀ ਵਾਰੀ ਦੇਰ ਨਾਲ ਆਵੇਗੀ, ਇਸ ਲਈ ਉਹ ਪੱਚੀ ਮਿੰਟ ਦੇਰ ਨਾਲ ਪਹੁੰਚੇ। ਉਨ੍ਹਾਂ ਨੇ ਉਨ੍ਹਾਂ ਦੇ ਦਫਤਰ ਪਹੁੰਚ ਕੇ ਉਨ੍ਹਾਂ ਦੇ ਨਿੱਜੀ ਸਕੱਤਰ ਨੂੰ ਆਪਣੇ ਪਹੁੰਚਣ ਦੀ ਸੂਚਨਾ ਦਿੱਤੀ। ਸੂਚਨਾ ਮਿਲਣ ਤੋਂ ਬਾਅਦ ਸ. ਮਨਮੋਹਣ ਸਿੰਘ ਦੇ ਨਿੱਜੀ ਸਕੱਤਰ ਨੇ ਉਨ੍ਹਾਂ ਨੂੰ ਇਹ ਨਹੀਂ ਕਿਹਾ ਕਿ ਤੁਸੀਂ ਦੇਰ ਨਾਲ ਆਏ ਹੋ, ਹੁਣ ਤੁਸੀਂ ਬੈਠਕੇ ਆਪਣੀ ਵਾਰੀ ਆਉਣ ਦੀ ਉਡੀਕ ਕਰੋ, ਸਗੋਂ ਉਸਨੇ ਉਨ੍ਹਾਂ ਨੂੰ ਬੜੇ ਹੀ ਸਨਮਾਨ ਨਾਲ ਅੰਦਰ ਲਿਜਾਕੇ ਬਿਠਾ ਦਿੱਤਾ ਤੇ ਸ. ਮਨਮੋਹਨ ਸਿੰਘ ਨੂੰ ਉਨ੍ਹਾਂ ਦੇ ਆਉਣ ਦੀ ਸੂਚਨਾ ਦੇ ਦਿੱਤੀ। ਸੂਚਨਾ ਮਿਲਦੇ ਹੀ ਉਨ੍ਹਾਂ ਨੂੰ ਮੀਟਿੰਗ ਲਈ ਬੁਲਾ ਲਿਆ ਗਿਆ ਪਰ ਅੰਦਰ ਭੇਜਣ ਤੋਂ ਪਹਿਲਾਂ ਸ਼੍ਰੀ ਭੋਲਾ ਨਾਥ ਕਸ਼ਅਪ ਨੂੰ ਇਸ ਗੱਲ ਤੋਂ ਅਗਾਹ ਕਰ ਦਿੱਤਾ ਗਿਆ ਕਿ ਉਨ੍ਹਾਂ ਨੂੰ ਮੀਟਿੰਗ ਲਈ ਇਕ ਘੰਟੇ ਦਾ ਸਮਾਂ ਦਿੱਤਾ ਗਿਆ ਸੀ ਪਰ ਉਹ ਪੱਚੀ ਮਿੰਟ ਦੇਰ ਨਾਲ ਪਹੁੰਚੇ ਹਨ, ਇਸ ਲਈ ਹੁਣ ਉਨ੍ਹਾਂ ਨੂੰ ਮੀਟਿੰਗ ਲਈ ਕੇਵਲ ਪੈਂਤੀ ਮਿੰਟ ਹੀ ਮਿਲਣਗੇ, ਉਨ੍ਹਾਂ ਨੂੰ ਆਪਣੀ ਗੱਲ ਪੈਂਤੀ ਮਿੰਟ 'ਚ ਖਤਮ ਕਰਨੀ ਹੋਵੇਗੀ। ਜਿਵੇਂ ਹੀ ਉਨ੍ਹਾਂ ਦੀ ਮੀਟਿੰਗ ਦੇ ਪੈਂਤੀ ਮਿੰਟ ਖਤਮ ਹੋਏ, ਨਿੱਜੀ ਸਕੱਤਰ ਨੇ ਉਨ੍ਹਾਂ ਨੂੰ ਬਾਹਰ ਆਉਣ ਲਈ ਇਸ਼ਾਰਾ ਕਰ ਦਿੱਤਾ ।

ਸ਼੍ਰੀ ਭੋਲਾ ਨਾਥ ਕਸ਼ਅਪ ਜੀ ਨੇ ਸ. ਮਨਮੋਹਨ ਸਿੰਘ ਨਾਲ ਹੋਈ ਮੀਟਿੰਗ ਅਤੇ ਉਨ੍ਹਾਂ ਵਲੋਂ ਸਮੇਂ ਦੀ ਕੀਤੀ ਜਾਣ ਵਾਲੀ ਕਦਰ ਨੂੰ ਬਕਾਇਦਾ ਆਪਣੇ ਮੈਗਜ਼ੀਨ 'ਚ ਛਾਪਿਆ ਅਤੇ ਖੁਦ ਦੇਰ ਨਾਲ ਪਹੁੰਚਣ ਦਾ ਜ਼ਿਕਰ ਵੀ ਕੀਤਾ। ਸ਼੍ਰੀ ਭੋਲਾ ਨਾਥ ਕਸ਼ਅਪ ਜੀ ਨੂੰ ਲੱਗਾ ਕਿ ਉਨ੍ਹਾਂ ਵਲੋਂ ਕੇਂਦਰੀ ਖਜ਼ਾਨਾ ਮੰਤਰੀ ਨਾਲ ਕੀਤੀ ਗਈ ਮੀਟਿੰਗ 'ਚ ਸੁਝਾਅ ਦੇਣ ਨਾਲ ਕੰਮ ਖਤਮ ਹੋ ਗਿਆ ਹੈ। ਉਨ੍ਹਾਂ ਨੂੰ ਇੱਕ ਹਫਤੇ ਮਗਰੋਂ ਉਨ੍ਹਾਂ ਦੇ ਖਜ਼ਾਨਾ ਸਕੱਤਰ ਵਲੋਂ ਲਿਖਿਆ ਗਿਆ ਪੱਤਰ ਆ ਗਿਆ, ਜਿਸ ਵਿਚ ਲਿਖਿਆ ਗਿਆ ਸੀ ਕਿ ਦੇਸ਼ ਦੀ ਆਰਥਿਕਤਾ ਵਿਚ ਸੁਧਾਰ ਲਿਆਉਣ ਲਈ ਆਪ ਜੀ ਵਲੋਂ ਦਿੱਤੇ ਗਏ ਸੁਝਾਵਾਂ ਵਾਸਤੇ ਤੁਹਾਡਾ ਧੰਨਵਾਦ ਕੀਤਾ ਜਾਂਦਾ ਹੈ ਤੇ ਉਨ੍ਹਾਂ ਨੂੰ ਲਾਗੂ ਕਰਨ ਲਈ ਬਹੁਤ ਛੇਤੀ ਮੀਟਿੰਗ ਬੁਲਾਈ ਜਾ ਰਹੀ ਹੈ, ਭਵਿੱਖ 'ਚ ਆਪ ਜੀ ਵਲੋਂ ਅਜਿਹੇ ਸੁਝਾਵਾਂ ਦੀ ਉਡੀਕ ਰਹੇਗੀ। ਜੇਕਰ ਹਰ ਸਿਆਸਤਦਾਨ ਦੇਸ਼ ਦੇ ਵਿਦਵਾਨ ਲੋਕਾਂ ਵਲੋਂ ਦਿੱਤੇ ਗਏ ਸੁਝਾਵਾਂ ਦੀ ਕਦਰ ਕਰੇ, ਉਨ੍ਹਾਂ ਨੂੰ ਲਾਗੂ ਕਰੇ ਤਾਂ ਵਿਦਵਾਨ ਲੋਕਾਂ ਨੂੰ ਹੱਲਾਸ਼ੇਰੀ ਮਿਲੇਗੀ। ਉਹ ਦੇਸ਼ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਉਣ ਲਈ ਉਤਸਾਹਿਤ ਹੋਣਗੇ। ਹਰ ਸਿਆਸਤਦਾਨ ਨੂੰ ਸਮੇਂ ਦੀ ਕਦਰ ਕਰਨ ਦਾ ਸਬਕ ਇਸ ਪ੍ਰਸੰਗ ਤੋਂ ਜ਼ਰੂਰ ਸਿੱਖਣਾ ਚਾਹੀਦਾ ਹੈ।

# ਵਿਸ਼ਵ ਦੇ ਉੱਘੇ ਅਰਥ ਸ਼ਾਸਤਰੀ ਅਤੇ ਭਾਰਤ ਦੇ ਰਹਿ ਚੁੱਕੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ

## ਡਾਕਟਰ ਮਨਮੋਹਨ ਸਿੰਘ ਦੇ ਵਿਛੋੜੇ 'ਤੇ ਵਿਸ਼ੇਸ਼ ਲੇਖ



ਸੁਖਵਿੰਦਰ ਸਿੰਘ ਮੁੱਲਾਂਪੁਰ
ਵ.ਅੱਪ : +91-99141-84794
ਪੰਜਾਬ ਮੇਲ USA



ਆਰਥਿਕ ਸੁਧਾਰਾਂ ਦੇ ਮੋਢੀ ਭਾਰਤ ਦੀ ਆਰਥਿਕ ਸਥਿਤੀ ਨੂੰ ਵਿਸ਼ਵ ਪੱਧਰ 'ਚ ਬਦਲਣ ਵਾਲੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਅਤੇ ਸਮੁੱਚੇ ਭਾਰਤ ਦਾ ਵਿਕਾਸ ਕਰਵਾਉਣ ਵਾਲੇ ਡਾਕਟਰ ਮਨਮੋਹਨ ਸਿੰਘ ਦਾ ਜਨਮ 26 ਸਤੰਬਰ 1932 ਨੂੰ ਪਿੰਡ ਗਾਹ (ਪਾਕਿਸਤਾਨ) ਵਿਖੇ ਹੋਇਆ। 1947 ਦੀ ਵੰਡ ਦੌਰਾਨ ਇਹ ਪਰਿਵਾਰ ਭਾਰਤ ਆ ਗਿਆ। ਉਸ ਸਮੇਂ ਇਨ੍ਹਾਂ ਦੀ ਉਮਰ 15 ਕੁ ਸਾਲ ਦੀ ਸੀ।

ਇਨ੍ਹਾਂ ਨੇ ਮੈਟ੍ਰਿਕ ਦੀ ਪੜ੍ਹਾਈ 1948 ਵਿਚ ਪੰਜਾਬ ਯੂਨੀਵਰਸਿਟੀ ਤੋਂ ਪੂਰੀ ਕੀਤੀ। ਫਿਰ ਵਿੱਦਿਅਕ ਭਵਿੱਖ ਇਨ੍ਹਾਂ ਨੂੰ ਪੰਜਾਬ ਤੋਂ ਇੰਗਲੈਂਡ ਕੈਂਬ੍ਰਿਜ ਯੂਨੀਵਰਸਿਟੀ ਤੱਕ ਲੈ ਗਿਆ। ਇੱਥੇ ਇਨ੍ਹਾਂ 1957 ਵਿਚ ਅਰਥ ਸ਼ਾਸਤਰ ਵਿਚ ਪਹਿਲੇ ਦਰਜੇ ਵਿਚ ਆਨਰਸ ਦੀ ਡਿਗਰੀ ਹਾਸਲ ਕੀਤੀ। 1958 ਵਿਚ ਇਨ੍ਹਾਂ ਦੀ ਸ਼ਾਦੀ ਬੀਬੀ ਗੁਰਸ਼ਰਨ ਕੌਰ ਨਾਲ ਹੋਈ, ਜਿਸ ਦੀ ਕੁਖੋਂ ਤਿੰਨ ਧੀਆਂ ਨੇ ਜਨਮ ਲਿਆ।

ਇਨ੍ਹਾਂ ਨੇ ਅਰਥ ਸ਼ਸਤਰ ਵਿਚ ਹੀ ਆਕਸਫੋਰਡ ਯੂਨੀਵਰਸਿਟੀ ਦੇ ਨਫੀਲਡ ਕਾਲਜ ਤੋਂ 1962 ਵਿਚ ਮਾਸਟਰਜ਼ ਦੀ ਡਿਗਰੀ ਪਾਸ ਕੀਤੀ, ਫਿਰ ਆਕਸਫੋਰਡ ਯੂਨੀਵਰਸਿਟੀ ਤੋਂ ਡਾਕਟਰ ਆਫ਼ ਫਿਲਾਸਫੀ ਦੀ ਉਪਾਧੀ ਪੀ.ਐੱਚ.ਡੀ. ਹਾਸਲ ਕੀਤੀ। 1957 ਤੋਂ 1965 ਤੱਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਅਧਿਆਪਕ ਰਹੇ। 1969 ਤੋਂ 1971 ਤੱਕ ਦਿੱਲੀ ਸਕੂਲ ਆਫ਼ ਇਕੋਨਾਮਿਕਸ ਵਿਚ ਅੰਤਰਰਾਸ਼ਟਰੀ ਵਿਉਪਾਰ ਦੇ ਪ੍ਰੋਫ਼ੈਸਰ ਰਹੇ। 1976 ਵਿਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਆਨਰੇਰੀ ਪ੍ਰੋਫ਼ੈਸਰ ਰਹੇ। 1982 ਤੋਂ 1985 ਤੱਕ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਰਹੇ। 1985-87 ਤੱਕ ਯੋਜਨਾ ਕਮਿਸ਼ਨ ਦੇ ਉਪ ਪ੍ਰਧਾਨ ਰਹੇ ਅਤੇ 1990-91 ਤੱਕ ਇੱਕ ਸਾਲ ਭਾਰਤ ਦੇ ਪ੍ਰਧਾਨ ਮੰਤਰੀ ਦੇ ਆਰਥਿਕ ਸਲਾਹਕਾਰ ਰਹੇ।

ਡਾਕਟਰ ਮਨਮੋਹਨ ਸਿੰਘ ਦੀ ਸਿਆਸਤ ਵਿਚ ਸ਼ਮੂਲੀਅਤ 1991 ਵਿਚ ਕੇਂਦਰੀ ਵਿੱਤ ਮੰਤਰੀ ਬਣਨ ਨਾਲ ਹੋਈ, ਜਦੋਂ ਦੇਸ਼ ਮੰਦਹਾਲੀ ਦੀ ਆਰਥਿਕ ਕਗਾਰ ਉੱਤੇ ਖੜ੍ਹਾ ਸੀ। ਜੂਨ 1991 ਵਿਚ ਕੇਂਦਰੀ ਕੈਬਨਿਟ ਮੰਤਰੀ ਬਣਨ ਤੋਂ ਬਾਅਦ ਡਾਕਟਰ ਮਨਮੋਹਨ ਸਿੰਘ ਉਸੇ ਸਾਲ ਅਕਤੂਬਰ ਵਿਚ ਰਾਜ ਸਭਾ ਦੇ ਮੈਂਬਰ ਵੀ ਬਣੇ।

1991 ਤੋਂ 2019 ਤੱਕ ਅਸਾਮ ਰਾਜ ਦੀ ਅਤੇ 2019 ਤੋਂ 2024 ਤੱਕ ਰਾਜਸਥਾਨ ਰਾਜ ਦੀ ਪ੍ਰਤੀਨਿਧਤਾ ਕਰਦੇ ਹੋਏ ਰਾਜ ਸਭਾ ਮੈਂਬਰ ਵਜੋਂ ਸੇਵਾ ਕੀਤੀ।

ਉਨ੍ਹਾਂ ਨੂੰ ਪਹਿਲਾਂ ਵਿਤ ਮੰਤਰੀ ਵਜੋਂ ਅਤੇ ਫਿਰ 2004 ਤੋਂ 2014 ਤੱਕ 10 ਸਾਲ ਭਾਰਤ ਦੇ 13ਵੇਂ ਪ੍ਰਧਾਨ ਮੰਤਰੀ ਵਜੋਂ ਦੇਸ਼ ਦੀ ਆਰਥਿਕਤਾ ਤੇ ਉਦਾਰੀਕਰਨ ਦਾ ਮੋਢੀ ਹੋਣ ਦਾ ਮਾਣ ਪ੍ਰਾਪਤ ਹੈ।

ਡਾਕਟਰ ਮਨਮੋਹਨ ਸਿੰਘ ਪਹਿਰਾਵੇ ਵਿਚ ਚਿੱਟੀ ਪੈਂਟ, ਮਿੱਟੀ ਰੰਗੀ ਕਮੀਜ਼ ਅਤੇ ਅਸਮਾਨੀ ਪੱਗ ਬੰਨਣ ਦੇ ਸ਼ੌਕੀਨ ਸਨ। ਆਮ ਤੌਰ 'ਤੇ ਇਹ ਹੀ ਰੰਗ ਦੇ ਕੱਪੜੇ ਪਹਿਨਕੇ ਰੱਖਦੇ ਸਨ। 27 ਦਸੰਬਰ 2024 ਨੂੰ ਮਨਮੋਹਨ ਸਿੰਘ 92 ਸਾਲ ਦੀ ਆਯੂ ਵਿਚ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ। ਅਜਿਹੇ ਸ਼ਾਂਤ ਸੁਭਾਅ ਦੇ, ਡਿਗਰੀਆਂ ਨਾਲ ਭਰਪੂਰ, ਔਖੇ ਵੇਲਿਆਂ 'ਚੋਂ ਦੇਸ਼ ਨੂੰ ਆਰਥਿਕ ਸੰਕਟ ਵਿਚੋਂ ਕੱਢਣ ਵਾਲੇ ਨੇਤਾ ਦੀ ਘਾਟ ਹਮੇਸ਼ਾ ਰੜਕਦੀ ਰਹੇਗੀ। 28 ਦਸੰਬਰ ਨੂੰ ਉਨ੍ਹਾਂ ਦਾ ਅੰਤਿਮ ਸਸਕਾਰ ਨਿਗਮਬੋਧ ਘਾਟ ਵਿਖੇ ਸਰਕਾਰੀ ਸਨਮਾਨਾਂ ਨਾਲ 21 ਤੋਪਾਂ ਦੀ ਸਲਾਮੀ ਦੇ ਕੇ, ਸੇਜਲ ਅੱਖਾਂ ਨਾਲ ਕਰ ਦਿੱਤਾ ਗਿਆ। ਮ੍ਰਿਤਕ ਦੇਹ ਨੂੰ ਮੁੱਖ ਅਗਨੀ ਉਨ੍ਹਾਂ ਦੀ ਧੀ ਵਲੋਂ ਦਿੱਤੀ ਗਈ।

# ਬੰਦ ਦਰਵਾਜ਼ਿਆਂ ਦੀਆਂ ਝੀਥਾਂ ਵਿਚ ਝਾਕਦਿਆਂ - ਡਾ: ਮਨਮੋਹਨ ਸਿੰਘ



ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



ਡਾ: ਮਨਮੋਹਨ ਸਿੰਘ ਦੇ ਇਸ ਦੁਨੀਆਂ ਤੋਂ ਰੁਖ਼ਸਤ ਹੋਣ 'ਤੇ ਸੀਨੀਅਰ ਪੱਤਰਕਾਰ ਵੀਰ ਸਾਂਘਵੀ ਨੇ ਫ਼ਿਲਮ "ਦਿ ਐਕਸੀਡੈਂਟਲ ਪ੍ਰਾਈਮ ਮਨਿਸਟਰ" ਨੂੰ ਲੈ ਕੇ ਲਿਖਿਆ "ਜੇ ਕਿਸੇ ਨੂੰ ਡਾ: ਮਨਮੋਹਨ ਸਿੰਘ ਬਾਰੇ ਬੋਲੇ ਗਏ ਝੂਠ ਨੂੰ ਯਾਦ ਕਰਨਾ ਹੋਵੇ, ਤਾਂ ਉਸਨੂੰ ਉਕਤ ਫ਼ਿਲਮ ਫਿਰ ਦੇਖਣੀ ਚਾਹੀਦੀ ਹੈ। ਇਹ ਨਾ ਸਿਰਫ਼ ਸਭ ਤੋਂ ਬੁਰੀਆਂ ਫ਼ਿਲਮਾਂ 'ਚੋਂ ਇੱਕ ਹੈ, ਬਲਕਿ ਇਹ ਇੱਕ ਉਦਾਹਰਨ ਹੈ ਕਿ ਕਿਵੇਂ ਇੱਕ ਚੰਗੇ ਆਦਮੀ ਦਾ ਨਾਂ ਖਰਾਬ ਕਰਨ ਲਈ ਮੀਡੀਆ ਦੀ ਵਰਤੋਂ ਕੀਤੀ ਗਈ ਸੀ।"

ਭਾਰਤੀ ਲੋਕਾਂ ਲਈ ਕੀਤੇ ਵੱਡੇ ਕੰਮਾਂ ਦਾ ਮੁੱਲ ਨਾ ਪਾਉਣ ਵਾਲੇ ਛੋਟੀ ਸੋਚ ਵਾਲੇ ਲੋਕਾਂ ਨੇ ਕਦੇ ਵੀ ਉਨ੍ਹਾਂ ਦੀ ਸ਼ਖ਼ਸੀਅਤ ਨਾਲ ਇਨਸਾਫ਼ ਨਹੀਂ ਕੀਤਾ, ਸਗੋਂ ਉਨ੍ਹਾਂ ਦੇ ਕੰਮਾਂ ਨੂੰ ਛੁਟਿਆਉਣ ਦਾ ਯਤਨ ਕੀਤਾ।

ਡਾ: ਮਨਮੋਹਨ ਸਿੰਘ ਨੂੰ ਆਰਥਿਕ ਸੁਧਾਰਾਂ ਬਾਰੇ ਘੜੀਆਂ ਗਈਆਂ ਨੀਤੀਆਂ ਵਿਚ ਉਨ੍ਹਾਂ ਦੀ ਅਹਿਮ ਭੂਮਿਕਾ ਬਾਰੇ ਜਾਣਿਆ ਜਾਂਦਾ ਹੈ। ਪਰ ਉਨ੍ਹਾਂ ਦੀ ਭਾਰਤੀ ਸੰਵਿਧਾਨ ਅਨੁਸਾਰ ਆਮ ਲੋਕਾਂ ਨੂੰ ਦਿੱਤੇ ਉਨ੍ਹਾਂ ਤੋਹਫ਼ਿਆਂ ਦੀ ਦੇਣ ਵੱਡੀ ਹੈ, ਜਿਨ੍ਹਾਂ ਨੇ ਗਰੀਬ, ਨਿਤਾਣੇ ਲੋਕਾਂ ਦੇ ਜੀਵਨ ਪੱਧਰ ਨੂੰ ਉਚਿਆਂ ਚੁੱਕਣ ਲਈ ਸਾਰਥਿਕ ਭੂਮਿਕਾ ਨਿਭਾਈ।

ਡਾ: ਮਨਮੋਹਨ ਸਿੰਘ 10 ਸਾਲ ਤੋਂ ਵੱਧ ਦਾ ਸਮਾਂ ਭਾਰਤ ਦੇ ਪ੍ਰਧਾਨ ਮੰਤਰੀ ਰਹੇ। ਇਨ੍ਹਾਂ ਵਰ੍ਹਿਆਂ ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਉਹ ਨਿਧੜਕ ਹੋ ਕੇ ਕੰਮ ਕਰਦੇ ਰਹੇ, ਭਾਵੇਂ ਕਿ ਉਨ੍ਹਾਂ ਦੀ ਸਰਕਾਰ ਦੇ ਸਾਂਝੀਵਾਲਾਂ ਅਤੇ ਵਿਰੋਧੀਆਂ ਵਲੋਂ ਉਨ੍ਹਾਂ ਨੂੰ ਸਮੇਂ-ਸਮੇਂ ਵੱਡੇ ਚੈਲਿੰਜ ਪੇਸ਼ ਕੀਤੇ, ਜਿਨ੍ਹਾਂ ਦਾ ਉਨ੍ਹਾਂ ਬੇਖ਼ੌਫ ਹੋ ਕੇ ਸਾਹਮਣਾ ਕੀਤਾ। ਹਾਲਾਂਕਿ ਪ੍ਰਧਾਨ ਮੰਤਰੀ ਦੇ ਰੂਪ ਵਿਚ ਉਨ੍ਹਾਂ ਦਾ ਦੂਜਾ ਕਾਰਜਕਾਲ ਵਿਵਾਦਾਂ ਵਾਲਾ ਰਿਹਾ। ਉਨ੍ਹਾਂ ਦੇ ਕਈ ਮੰਤਰੀਆਂ ਉਤੇ ਘੁਟਾਲੇ ਦੇ ਦੋਸ਼ ਲੱਗੇ, ਉਨ੍ਹਾਂ ਨੂੰ ਸਭ ਤੋਂ ਕਮਜ਼ੋਰ ਪ੍ਰਧਾਨ ਮੰਤਰੀ ਕਿਹਾ ਜਾਣ ਲੱਗਿਆ ਪਰ ਉਹ ਕਦੇ ਸੱਚਾਈ ਤੋਂ ਪਿੱਛੇ ਨਹੀਂ ਹਟੇ। ਬੇਸ਼ੱਕ ਉਹ ਘੱਟ ਬੋਲਦੇ ਸਨ ਅਤੇ ਲੋਕਾਂ ਨੂੰ ਲੱਗਦਾ ਸੀ ਕਿ ਉਹ ਸਾਹਸੀ ਨਹੀਂ ਹਨ, ਪਰ ਉਨ੍ਹਾਂ ਨੇ ਆਪਣੀ ਸਰਕਾਰ ਨੂੰ ਦਾਅ 'ਤੇ ਲਗਾਕੇ ਜਿਸ ਤਰ੍ਹਾਂ ਅਮਰੀਕਾ ਦੇ ਨਾਲ ਪ੍ਰਮਾਣੂ ਸਮਝੌਤਾ ਕੀਤਾ, ਉਹ ਉਨ੍ਹਾਂ ਦੀ ਹਿੰਮਤ ਦੀ ਦਾਦ ਦੇਣ ਵਾਲਾ ਸੀ।

ਉਨ੍ਹਾਂ ਨੇ ਸੂਚਨਾ ਦਾ ਅਧਿਕਾਰ ਕਾਨੂੰਨ, ਸਿੱਖਿਆ ਦਾ ਅਧਿਕਾਰ ਕਾਨੂੰਨ, ਭੋਜਨ ਦਾ ਅਧਿਕਾਰ ਕਾਨੂੰਨ ਅਤੇ ਆਪਣੇ ਪ੍ਰਧਾਨ ਮੰਤਰੀ ਹੋਣ ਦੇ ਆਖ਼ਰੀ ਸਾਲਾਂ 'ਚ ਉਨ੍ਹਾਂ ਨੇ ਲੋਕਪਾਲ ਕਾਨੂੰਨ ਬਣਾਕੇ ਇਹ ਸਾਬਤ ਕਰ ਦਿੱਤਾ ਕਿ ਉਨ੍ਹਾਂ ਦਾ ਲਗਾਅ ਅਤੇ ਸਾਂਝ ਆਮ ਲੋਕਾਂ ਦੇ ਜੀਵਨ ਵਿਚ ਬੇਹਤਰੀ ਅਤੇ ਸ਼ਾਸਨ ਪ੍ਰਸ਼ਾਸਨ ਵਿਚ ਪਾਰਦਰਸ਼ਤਾ ਲਿਆਉਣ ਦੀ ਸੀ। ਇਹੋ ਹੀ ਕਾਰਨ ਹੈ ਕਿ ਉਹ ਲੋਕ ਜਿਹੜੇ ਕਦੇ ਭਾਰਤ ਦੇ ਇਸ ਸੂਝਵਾਨ, ਵਿਚਾਰਕ ਪ੍ਰਧਾਨ ਮੰਤਰੀ ਨੂੰ 'ਮੋਨ ਪ੍ਰਧਾਨ ਮੰਤਰੀ' ਕਹਿੰਦੇ ਸਨ, ਉਨ੍ਹਾਂ ਦੀ ਆਲੋਚਨਾ ਕਰਿਆ ਕਰਦੇ ਸਨ, ਅੱਜ ਉਨ੍ਹਾਂ ਦੀ ਪ੍ਰਸ਼ੰਸਾ ਕਰ ਰਹੇ ਹਨ।

ਡਾ: ਮਨਮੋਹਨ ਸਿੰਘ ਸਾਦਗੀ ਦੇ ਮੁਜੱਸਮੇ ਸਨ। ਘੱਟ ਬੋਲਣ ਵਾਲੇ ਅਤੇ ਸ਼ਾਂਤ ਸੁਭਾਅ ਦੇ ਮਾਲਕ ਸਨ। ਉਨ੍ਹਾਂ ਨੇ ਸਦਾ ਸੱਚਾਈ ਉਤੇ ਯਕੀਨ ਕੀਤਾ। ਇਸੇ ਲਈ ਉਨ੍ਹਾਂ ਦਾ ਵਿਅਕਤੀਗਤ ਜੀਵਨ ਸਦਾ ਬੇਦਾਗ ਰਿਹਾ। ਉਹ ਵਿਵਹਾਰਿਕ ਰੂਪ 'ਚ ਜ਼ਮੀਨੀ ਨੇਤਾ ਨਹੀਂ ਸਨ। (ਉਹ ਕਦੇ ਵੀ ਲੋਕ ਸਭਾ ਦੀ ਚੋਣ ਨਾ ਜਿੱਤ ਸਕੇ।) ਪਰ ਦੇਸ਼ ਦੇ ਲੋਕਾਂ ਦੀ ਰਗ-ਰਗ ਨੂੰ ਪਛਾਨਣ ਵਾਲੀ ਸ਼ਖਸੀਅਤ ਸਨ।

ਉਨ੍ਹਾਂ ਦਾ ਲੋਕਾਂ ਪ੍ਰਤੀ ਅਥਾਹ ਪਿਆਰ ਸੀ। ਉਹ ਭਾਰਤੀ ਲੋਕਾਂ ਦੀਆਂ ਸਮੱਸਿਆਵਾਂ ਨੂੰ ਬਾਖ਼ੂਬੀ ਸਮਝਦੇ ਸਨ। ਇਸੇ ਲਈ ਉਹ ਦੇਸ਼ ਦੀ ਆਰਥਿਕ ਸਥਿਤੀ ਨੂੰ ਲੈ ਕੇ ਫਿਕਰਮੰਦ ਰਹਿੰਦੇ ਸਨ।

ਭਾਰਤ ਦੇ ਵਿੱਤ ਮੰਤਰੀ ਵਜੋਂ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਨੇ ਦੇਸ਼ 'ਚ ਉਦਾਰੀਕਰਨ ਦੀ ਨੀਤੀ ਲਿਆਂਦੀ। ਬਿਨ੍ਹਾਂ ਸ਼ੱਕ ਡਾ: ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਕਾਰਜਕਾਲ ਵਿਚ ਲਾਗੂ ਕੀਤੀਆਂ ਨੀਤੀਆਂ ਨਾਲ ਦੇਸ਼ ਨੇ ਵਿਕਾਸ ਦੀਆਂ ਵੱਡੀਆਂ ਪੁਲਾਘਾਂ ਪੁੱਟੀਆਂ, ਪਰ ਇਸਦੇ ਨਾਲ-ਨਾਲ ਇਨ੍ਹਾਂ ਨੀਤੀਆਂ ਨਾਲ ਗਰੀਬ-ਅਮੀਰ ਦਾ ਪਾੜਾ ਵਧਿਆ ਹੈ। ਡਾ: ਮਨਮੋਹਨ ਸਿੰਘ ਇਸ ਬਾਰੇ ਪੂਰੀ ਤਰ੍ਹਾਂ ਸੁਚੇਤ ਸਨ ਤੇ ਉਨ੍ਹਾਂ ਨੇ ਇਸ ਨੂੰ ਮੁੱਖ ਰੱਖਦਿਆਂ ਬਹੁਤ ਸਾਰੀਆਂ ਗਰੀਬ ਅਤੇ ਹੇਠਲੇ ਮੱਧ ਵਰਗ ਨੂੰ ਰਾਹਤ ਦੇਣ ਵਾਲੀਆਂ ਸਕੀਮਾਂ ਤੇ ਨੀਤੀਆਂ ਲਾਗੂ ਕੀਤੀਆਂ ਸਨ, ਜਿਨ੍ਹਾਂ ਨਾਲ ਕਿ ਭਾਰਤੀ ਸਮਾਜ ਵਿਚ ਵਧਦੇ ਆਰਥਿਕ ਪਾੜੇ ਨੂੰ ਘਟਾਇਆ ਜਾ ਸਕੇ।

ਡਾ: ਮਨਮੋਹਨ ਸਿੰਘ ਵਲੋਂ ਕੀਤੇ ਵਿਸ਼ੇਸ਼ ਕਾਰਜਾਂ, ਜਿਨ੍ਹਾਂ ਵਿਚ 'ਅਧਾਰ ਕਾਰਡ' ਵੀ ਸ਼ਾਮਲ ਹੈ, ਦੀ ਵਿਰੋਧੀ ਧਿਰ ਵਲੋਂ ਵਿਰੋਧਤਾ ਕੀਤੀ ਗਈ ਸੀ, ਪਰ ਇਸਨੂੰ ਲਾਗੂ ਕਰਨ ਲਈ ਡਾ: ਮਨਮੋਹਨ ਸਿੰਘ ਨੇ ਪਹਿਲਕਦਮੀ ਕੀਤੀ। ਉਹੀ ਵਿਰੋਧੀ ਧਿਰ (ਜਿਹੜੀ ਅੱਜ ਹਾਕਮ ਧਿਰ ਹੈ), ਇਸ ਆਧਾਰ ਕਾਰਡ ਨੂੰ ਪੂਰੇ ਦੇਸ਼ ਦੇ ਨਾਗਰਿਕਾਂ ਲਈ ਸ਼ਨਾਖ਼ਤੀ ਕਾਰਡ ਵਜੋਂ ਮੰਨਣ 'ਤੇ ਮਜਬੂਰ ਹੋਈ ਦਿੱਸਦੀ ਹੈ। ਇਹ ਅਧਾਰ ਕਾਰਡ ਉਸ ਵੇਲੇ ਸ਼ੁਰੂ ਕੀਤਾ ਗਿਆ ਸੀ, ਜਦੋਂ ਦੇਸ਼ ਦੇ ਨਾਗਰਿਕਾਂ ਕੋਲ ਕੋਈ ਸ਼ਨਾਖਤੀ ਕਾਰਡ ਹੀ ਨਹੀਂ ਸੀ, ਜਦਕਿ ਵਿਕਸਿਤ ਦੇਸ਼ ਆਪਣੇ ਨਾਗਰਿਕਾਂ ਲਈ ਖ਼ਾਸ ਨੰਬਰ ਜਾਰੀ ਕਰਦੇ ਹਨ, ਜੋ ਭਾਰਤ ਦੇ ਨਾਗਰਿਕਾਂ ਕੋਲ ਨਹੀਂ ਸੀ।

ਮਗਨਰੇਗਾ (ਮਹਾਤਮਾ ਗਾਂਧੀ ਨੈਸ਼ਨਲ ਰੂਰਲ ਇੰਪਲਾਇਮੈਂਟ ਗਰੰਟੀ ਐਕਟ) ਡਾ: ਮਨਮੋਹਨ ਸਿੰਘ ਵਲੋਂ ਸ਼ੁਰੂ ਕਰਵਾਈ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ ਸੀ, ਜਿਹੜੀ ਪੇਂਡੂ ਲੋਕਾਂ ਨੂੰ 100 ਦਿਨਾਂ ਦਾ ਕਾਨੂੰਨੀ ਰੁਜ਼ਗਾਰ ਦਿੰਦੀ ਸੀ। ਇਸ ਯੋਜਨਾ 'ਚ ਘੱਟੋ-ਘੱਟ ਮਜ਼ਦੂਰੀ 220 ਰੁਪਏ ਉਸ ਸਮੇਂ ਨੀਅਤ ਕੀਤੀ ਗਈ। ਪਰ ਕਿਉਂਕਿ ਡਾ: ਮਨਮੋਹਨ ਸਿੰਘ ਤੋਂ ਬਾਅਦ ਸਰਕਾਰ, ਭਾਜਪਾ ਅਤੇ ਉਨ੍ਹਾਂ ਦੇ ਸਹਿਯੋਗੀਆਂ ਹੱਥ ਆ ਗਈ, ਉਨ੍ਹਾਂ ਵਲੋਂ ਇਸ ਯੋਜਨਾ ਨੂੰ ਉਹ ਥਾਂ ਪ੍ਰਦਾਨ ਨਹੀਂ ਕੀਤੀ, ਜਿਹੜੀ ਇਸ ਪੇਂਡੂ ਰੁਜ਼ਗਾਰ ਯੋਜਨਾ ਲਈ ਲੋੜੀਂਦੀ ਸੀ। ਵਰ੍ਹੇ ਦਰ ਵਰ੍ਹੇ ਮਗਨਰੇਗਾ ਫੰਡਾਂ 'ਚ ਕਟੌਤੀ ਹੋਈ ਅਤੇ ਘੱਟੋ-ਘੱਟ ਰੋਜ਼ਾਨਾ ਦਿਹਾੜੀ ਵੀ ਵਧਾਈ ਨਹੀਂ ਗਈ। ਯਾਦ ਰੱਖਣਯੋਗ ਹੈ ਕਿ ਇਹ ਯੋਜਨਾ, ਦੁਨੀਆਂ ਦੀ ਸਭ ਤੋਂ ਵੱਡੀ ਰੁਜ਼ਗਾਰ ਯੋਜਨਾ ਹੈ।

ਡਾ: ਮਨਮੋਹਨ ਸਿੰਘ ਦੀ ਵੱਡੀ ਪ੍ਰਾਪਤੀ ਭਾਰਤੀ ਬੱਚਿਆਂ ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਐਕਟ ਦਾ ਲਾਗੂ ਕੀਤਾ ਜਾਣਾ ਸੀ। ਇਸ ਐਕਟ ਨਾਲ ਉਨ੍ਹਾਂ ਗਰੀਬੀ ਵਰਗ ਦੇ ਲੋਕਾਂ ਨੂੰ ਰਾਹਤ ਮਿਲੀ, ਜਿਨ੍ਹਾਂ ਦੇ ਬੱਚਿਆਂ ਨੂੰ ਸਕੂਲ ਦਾ ਮੂੰਹ ਵੇਖਣਾ ਵੀ ਨਸੀਬ ਨਹੀਂ ਸੀ ਹੁੰਦਾ, ਹਾਲਾਂਕਿ ਸੰਵਿਧਾਨ ਵਿਚ ਦੇਸ਼ ਦੇ ਹਰ ਨਾਗਰਿਕ ਲਈ ਸਿੱਖਿਆ ਮੁੱਢਲਾ ਹੱਕ ਹੈ। ਬਿਨ੍ਹਾਂ ਸ਼ੱਕ ਇਸ ਐਕਟ ਨੂੰ ਅੱਗੋਂ "ਸਭ ਲਈ ਸਿੱਖਿਆ, ਪਰ ਸਭ ਲਈ ਬਰਾਬਰ ਦੀ ਸਿੱਖਿਆ" ਵਿਚ ਬਦਲਣਾ ਲੋੜੀਂਦਾ ਸੀ, ਪਰ ਦੇਸ਼ ਦੇ ਹੁਣ ਹਾਕਮ ਕਿਉਂਕਿ ਧੰਨ-ਕੁਬੇਰਾਂ, ਕਾਰਪੋਰੇਟਾਂ ਦੀਆਂ ਨੀਤੀਆਂ ਨੂੰ ਲਾਗੂ ਕਰਨ ਵਾਲੇ ਹਨ, ਉਨ੍ਹਾਂ ਲਈ ਲੋਕਾਂ ਦੀ ਸਿੱਖਿਆ, ਸਿਹਤ, ਚੰਗਾ ਵਾਤਾਵਰਨ ਕੋਈ ਮਾਅਨੇ ਨਹੀਂ ਰੱਖਦਾ। ਇਸ ਕਰਕੇ ਉਨ੍ਹਾਂ ਵਲੋਂ ਅੱਗੋਂ ਕਦਮ ਹੀ ਨਹੀਂ ਪੁੱਟੇ ਗਏ। ਸਗੋਂ ਸਿੱਖਿਆ ਦੇ ਨਿੱਜੀਕਰਨ ਵੱਲ ਕਦਮ ਵਧਾਏ।

ਡਾ: ਮਨਮੋਹਨ ਸਿੰਘ ਵਲੋਂ ਲਾਗੂ ਕੀਤਾ ਨੈਸ਼ਨਲ ਫੂਡ ਸਕਿਊਰਿਟੀ ਐਕਟ ਦੇਸ਼ ਦੇ ਹਰ ਨਾਗਰਿਕ ਲਈ ਭੋਜਨ ਅਤੇ ਸੰਤੁਲਿਤ ਭੋਜਨ ਦੇਣ ਦੀ ਸ਼ਾਅਦੀ ਭਰਦਾ ਹੈ, ਤਾਂ ਕਿ ਦੇਸ਼ ਦਾ ਆਮ ਨਾਗਰਿਕ ਭੁੱਖਾ ਨਾ ਸੌਂਵੇ ਅਤੇ ਭੋਜਨ ਉਸਦੀ ਪਹੁੰਚ 'ਚ ਹੋਵੇ। ਇਸ ਐਕਟ ਦੇ ਤਹਿਤ 81.34 ਕਰੋੜ ਭਾਰਤੀ ਲੋਕਾਂ ਨੂੰ ਇੱਕ ਜਾਂ ਦੋ ਰੁਪਏ ਕਿਲੋ ਕੀਮਤ ਉਤੇ ਅਨਾਜ ਮੁਹੱਈਆ ਕੀਤਾ ਗਿਆ। ਇਸ ਐਕਟ ਦੇ ਲਾਗੂ ਹੋਣ ਦੇ 10 ਸਾਲਾਂ ਬਾਅਦ ਤੱਕ ਵੀ ਇੱਕ ਸਰਵੇ ਅਨੁਸਾਰ 19 ਕਰੋੜ ਇਹੋ ਜਿਹੇ ਲੋਕ ਹਨ, ਜਿਹੜੇ ਅੱਜ ਵੀ ਭੁੱਖਮਰੀ ਦਾ ਸ਼ਿਕਾਰ ਹਨ। ਔਰਤਾਂ ਅਨੀਮੀਆ ਦਾ ਸ਼ਿਕਾਰ ਹਨ। ਬੱਚਿਆਂ ਨੂੰ ਸੰਤੁਲਿਤ ਭੋਜਨ ਨਹੀਂ ਮਿਲਦਾ। ਕਾਰਨ ਭਾਵੇਂ ਹੋਰ ਬਥੇਰੇ ਹੋ ਸਕਦੇ ਹਨ, ਪਰ ਵੱਡਾ ਕਾਰਨ ਦੇਸ਼ ਵਿਚ ਬੇਰੁਜ਼ਗਾਰੀ ਹੈ। ਕੰਮ ਦੀ ਘਾਟ ਹੈ। ਪਰ ਸਰਕਾਰ ਇਸ ਮਾਮਲੇ 'ਤੇ ਬੇਫ਼ਿਕਰ ਹੈ ਅਤੇ ਚੁੱਪ ਹੈ।

ਪਰ ਡਾ: ਮਨਮੋਹਨ ਸਿੰਘ ਕਿਉਂਕਿ ਲੋਕ ਹਿੱਤਾਂ ਦੀ ਰਾਖੀ ਕਰਨ ਵਾਲੇ ਜਾਣੇ ਜਾਂਦੇ ਸਨ, ਇਸੇ ਕਰਕੇ ਉਨ੍ਹਾਂ ਨੇ ਇਹੋ ਜਿਹੇ ਕਾਨੂੰਨ ਚੁੱਪ-ਚੁਪੀਤੇ ਪੂਰੀ ਮਿਹਨਤ ਅਤੇ ਸ਼ਿੱਦਤ ਨਾਲ ਬਣਾਏ, ਜਿਨ੍ਹਾਂ ਦਾ ਵਾਸਤਾ ਸਿੱਧਾ ਆਮ ਲੋਕਾਂ ਨਾਲ ਸੀ। ਉਨ੍ਹਾਂ ਸਭਨਾਂ ਕਾਰਜਾਂ ਦੇ ਵਿਚ ਇੱਕ ਕਾਰਜ ਇਹੋ ਜਿਹਾ ਸੀ, ਜਿਹੜਾ ਦੇਸ਼ ਦੇ ਹਰ ਨਾਗਰਿਕ ਨੂੰ ਹਰ ਕਿਸਮ ਦੀ ਸੂਚਨਾ ਲੈਣ ਦਾ ਅਧਿਕਾਰ ਦਿੰਦਾ ਸੀ। ਸੂਚਨਾ ਦੇ ਅਧਿਕਾਰ ਨੇ ਵੱਡੇ ਧੁਰੰਤਰਾਂ ਦੇ ਪੋਲ ਖੋਲ੍ਹੇ। ਅਧਿਕਾਰੀ ਅਤੇ ਵੱਡੇ ਸਿਆਸੀ ਘਾਗ ਜਿਹੜੇ ਆਪਣੇ ਕੀਤੇ ਬੁਰੇ ਕੰਮਾਂ ਨੂੰ ਲੁਕਾਉਣ ਲਈ ਜਾਣੇ ਜਾਂਦੇ ਸਨ, ਉਨ੍ਹਾਂ ਦਾ ਪਰਦਾ ਇਸ ਕਾਨੂੰਨ ਨਾਲ ਨੰਗਾ ਹੋਇਆ। ਭਾਵੇਂ ਕਿ ਇਸ ਸੂਚਨਾ ਦੇ ਅਧਿਕਾਰ ਨੂੰ ਅੱਜ ਬਹੁਤੀ ਅਹਿਮੀਅਤ ਨਹੀਂ ਦਿੱਤੀ ਜਾਂਦੀ ਅਤੇ ਅਧਿਕਾਰੀ ਸੂਚਨਾਵਾਂ ਦੇਣ ਲਈ ਟਾਲ ਮਟੋਲ ਕਰਦੇ ਹਨ, ਪਰ ਇਸ ਐਕਟ ਨੇ ਲੋਕਾਂ ਲਈ ਇਨਸਾਫ਼ ਲੈਣ ਦਾ ਰਾਹ ਖੋਲ੍ਹਿਆ।

ਆਪਣੇ ਰਾਜ ਭਾਗ ਦੇ ਅੰਤਲੇ ਸਮੇਂ ਦੌਰਾਨ ਲੋਕ ਪਾਲ ਬਿੱਲ ਪਾਸ ਕਰਕੇ ਡਾ: ਮਨਮੋਹਨ ਸਿੰਘ ਨੇ ਵਿਖਾ ਦਿੱਤਾ ਸੀ ਕਿ ਉਹ ਦੇਸ਼ ਵਿਚ ਪਾਰਦਰਸ਼ਤਾ ਦੇ ਵੱਡੇ ਹਾਮੀ ਹਨ। ਉਨ੍ਹਾਂ ਦੀ ਸਰਕਾਰ ਉਤੇ ਵਿਰੋਧੀਆਂ ਵਲੋਂ ਇਸ ਬਿੱਲ ਨੂੰ ਪਾਸ ਕਰਨ ਵਾਸਤੇ ਵੱਡਾ ਦਬਾਅ ਪਾਇਆ ਹੋਇਆ ਸੀ, ਪਰ ਇਹ ਲੋਕ ਪਾਲ ਬਿੱਲ ਦੇਸ਼ ਵਿਚ ਅਤੇ ਕਈ ਸੂਬਿਆਂ ਦੀਆਂ ਸਰਕਾਰਾਂ ਵਲੋਂ ਪਾਸ ਹੋਣ ਦੇ ਬਾਵਜੂਦ ਵੀ ਲਾਗੂ ਨਹੀਂ ਕੀਤਾ ਗਿਆ, ਕਿਉਂਕਿ ਇਹ ਸਿਆਸੀ ਲੋਕਾਂ ਦੇ ਦਾਗੀ ਚਿਹਰੇ ਨੰਗੇ ਕਰਨ ਵਾਲਾ ਐਕਟ ਸੀ।

ਡਾ: ਮਨਮੋਹਨ ਸਿੰਘ ਆਪਣੇ ਸੁਭਾਅ ਅਨੁਸਾਰ, ਦ੍ਰਿੜ੍ਹਤਾ ਨਾਲ ਦੇਸ਼ ਨੂੰ ਪਾਰਦਰਸ਼ੀ ਰਾਜ ਪ੍ਰਬੰਧ ਦੇਣ ਦਾ ਯਤਨ ਕਰਦੇ ਰਹੇ, ਦੇਸ਼ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਸਕੀਮਾਂ ਘੜਦੇ ਰਹੇ, ਲੋਕ ਭਲਾਈ ਕਾਰਜਾਂ ਨੂੰ ਸਿਰੇ ਲਾਉਣ ਲਈ ਸੰਵਿਧਾਨ ਅਨੁਸਾਰ ਨੀਤੀਆਂ ਬਣਾਉਂਦੇ ਰਹੇ ਅਤੇ ਮਾਣ ਵਾਲੀ ਗੱਲ ਇਹ ਕਿ ਆਪਣੇ ਵਿਰੋਧੀਆਂ ਦੇ ਹੋ-ਹਲਿਆਂ ਦੇ ਬਾਵਜੂਦ ਸਾਹਸ ਨਾਲ ਉਨ੍ਹਾਂ ਦਾ ਮੁਕਾਬਲਾ ਵੀ ਕਰਦੇ ਰਹੇ।

ਡਾ: ਮਨਮੋਹਨ ਸਿੰਘ ਜਿਹੀ ਸ਼ਖ਼ਸੀਅਤ ਉਤੇ ਮਰਨ ਉਪਰੰਤ ਵਿਸ਼ਵ ਪੱਧਰੀ ਇਸ ਸ਼ਖ਼ਸੀਅਤ ਦੀ ਸਮਾਰਕ ਬਣਾਉਣ ਉਤੇ ਵਿਵਾਦ ਉਤਨਾ ਹੀ ਨਿੰਦਣਯੋਗ ਹੈ, ਜਿੰਨਾ ਨਿੰਦਣਯੋਗ ਉਨ੍ਹਾਂ ਦੇ ਅੰਤਿਮ ਸਸਕਾਰ ਲਈ ਰਾਜ ਘਾਟ ਵਿਖੇ ਸਥਾਨ ਨਾ ਦੇਣਾ, ਕਿਉਂਕਿ ਹੁਣ ਤੱਕ ਸਾਰੇ ਸਾਬਕਾ ਪ੍ਰਧਾਨ ਮੰਤਰੀਆਂ ਦੇ ਰੁਤਬੇ ਦਾ ਸਨਮਾਨ ਕਰਦੇ ਹੋਏ ਸਸਕਾਰ ਅਧਿਕਾਰਤ ਸਮਾਧੀ ਵਾਲੀਆਂ ਥਾਵਾਂ ਉਤੇ ਹੀ ਕੀਤੇ ਗਏ, ਤਾਂ ਜੋ ਹਰ ਵਿਅਕਤੀ ਦਰਸ਼ਨ ਕਰ ਸਕੇ। ਮੰਨਿਆ ਜਾ ਰਿਹਾ ਹੈ ਕਿ ਸਰਕਾਰ ਨੇ ਇੰਜ ਨਾ ਕਰਕੇ ਉਨ੍ਹਾਂ ਦਾ ਨਿਰਾਦਰ ਕੀਤਾ ਹੈ।

ਡਾ: ਮਨਮੋਹਨ ਸਿੰਘ ਨੇ ਆਪਣੀ ਮਿਹਨਤ, ਲਗਨ ਅਤੇ ਪ੍ਰਤਿਭਾ ਦੇ ਜ਼ੋਰ ਨਾਲ ਜਗਤ ਪ੍ਰਸਿੱਧ ਯੂਨੀਵਰਸਿਟੀ ਕੈਂਬਰਿਜ਼, ਆਕਸਫੋਰਡ ਵਿਚ ਉੱਚ ਡਿਗਰੀਆਂ ਪ੍ਰਾਪਤ ਕੀਤੀਆਂ। ਉਹ ਭਾਰਤ ਸਰਕਾਰ ਦੇ ਸਲਾਹਕਾਰ, ਵਿੱਤ ਮੰਤਰਾਲੇ ਦੇ ਮੁੱਖ ਸਲਾਹਕਾਰ, ਯੋਜਨਾ ਆਯੋਗ ਦੇ ਮੈਂਬਰ, ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ, ਫਿਰ ਵਿੱਤ ਮੰਤਰੀ ਅਤੇ ਪ੍ਰਧਾਨ ਮੰਤਰੀ ਬਣੇ।

ਉਹ ਜ਼ਿੰਦਗੀ ਭਰ ਆਪਣੇ-ਆਪ ਨੂੰ ਦੇਸ਼ ਦਾ ਕਰਜ਼ਦਾਰ ਸਮਝਦੇ ਰਹੇ ਕਿ ਦੇਸ਼ ਦੀ ਵੰਡ ਦੇ ਬਾਅਦ ਇੱਕ ਬੇਘਰ ਹੋਏ ਆਦਮੀ ਨੂੰ ਦੇਸ਼ ਨੇ ਉੱਚ ਅਹੁਦੇ ਉਤੇ ਬਿਰਾਜਮਾਨ ਕੀਤਾ।

# ਨਵਾਂ ਸਾਲ, ਨਵੀਂ ਸ਼ੁਰੂਆਤ

## ਨਵਾਂ ਸਾਲ ਸਿਰਫ਼ ਇੱਕ ਜਸ਼ਨ ਹੀ ਨਹੀਂ, ਸਗੋਂ ਸਵੈ-ਜਾਂਚ ਅਤੇ ਸੁਧਾਰ ਦਾ ਮੌਕਾ ਵੀ ਹੈ



ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ, ਆਰੀਆਨਗਰ, ਹਿਸਾਰ (ਹਰਿਆਣਾ)
70153-75570
ਪੰਜਾਬ ਮੇਲ USA




ਨਵਾਂ ਸਾਲ ਇੱਕ ਨਵੀਂ ਸ਼ੁਰੂਆਤ ਹੈ। ਇਹ ਇੱਕ ਨਵੇਂ ਜਨਮ ਵਾਂਗ ਹੈ। ਜਿਵੇਂ ਹੀ ਨਵਾਂ ਸਾਲ ਸ਼ੁਰੂ ਹੁੰਦਾ ਹੈ, ਅਸੀਂ ਮਹਿਸੂਸ ਕਰਦੇ ਹਾਂ ਕਿ ਸਾਨੂੰ ਆਪਣੇ ਜੀਵਨ ਵਿਚ ਤਬਦੀਲੀਆਂ ਕਰਨ ਦੀ ਲੋੜ ਹੈ, ਇੱਕ ਨਵੇਂ ਰਾਹ 'ਤੇ ਚੱਲਣਾ ਚਾਹੀਦਾ ਹੈ, ਨਵੇਂ ਕੰਮ ਕਰਨੇ ਚਾਹੀਦੇ ਹਨ ਅਤੇ ਪੁਰਾਣੀਆਂ ਆਦਤਾਂ, ਸਮੱਸਿਆਵਾਂ ਅਤੇ ਮੁਸ਼ਕਲਾਂ ਨੂੰ ਅਲਵਿਦਾ ਕਹਿਣਾ ਚਾਹੀਦਾ ਹੈ। ਅਕਸਰ ਅਸੀਂ ਨਵੀਆਂ ਯੋਜਨਾਵਾਂ ਅਤੇ ਨਵੇਂ ਸੰਕਲਪ ਬਣਾਉਣਾ ਸ਼ੁਰੂ ਕਰ ਦਿੰਦੇ ਹਾਂ। ਅਸੀਂ ਉਤਸ਼ਾਹਿਤ, ਪ੍ਰੇਰਿਤ ਅਤੇ ਆਸ਼ਾਵਾਦੀ ਮਹਿਸੂਸ ਕਰ ਸਕਦੇ ਹਾਂ, ਪਰ ਕਈ ਵਾਰ ਡਰਦੇ ਵੀ ਹੋ ਸਕਦੇ ਹਾਂ। ਕਵੀਆਂ ਅਤੇ ਦਾਰਸ਼ਨਿਕਾਂ ਨੇ ਅਕਸਰ ਦੁਹਰਾਇਆ ਹੈ ਕਿ ਭਵਿੱਖ ਵਿਚ ਅਸੀਂ ਜੋ ਵੀ ਕਰਦੇ ਹਾਂ, ਉਸ ਵਿਚ ਜੀਵਨ ਨੇ ਸਾਨੂੰ ਜੋ ਸਬਕ ਸਿਖਾਏ ਹਨ, ਉਸ ਨੂੰ ਲਾਗੂ ਕਰਨਾ ਮਹੱਤਵਪੂਰਨ ਹੈ। ਪਰ ਇਹ ਕਰਨ ਨਾਲੋਂ ਕਹਿਣਾ ਸੌਖਾ ਹੈ।

ਲੋਕ ਇੱਕ ਦੂਜੇ ਨੂੰ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੰਦੇ ਹਨ। ਸੰਦੇਸ਼ਾਂ, ਗ੍ਰੀਟਿੰਗ ਕਾਰਡਾਂ ਅਤੇ ਤੋਹਫ਼ਿਆਂ ਦਾ ਆਦਾਨ-ਪ੍ਰਦਾਨ ਕਰਨਾ ਨਵੇਂ ਸਾਲ ਦੇ ਜਸ਼ਨਾਂ ਦਾ ਇੱਕ ਅਨਿੱਖੜਵਾਂ ਅੰਗ ਹੈ। ਮੀਡੀਆ ਨਵੇਂ ਸਾਲ ਦੇ ਕਈ ਸਮਾਗਮਾਂ ਨੂੰ ਕਵਰ ਕਰਦਾ ਹੈ, ਜੋ ਜ਼ਿਆਦਾਤਰ ਦਿਨ ਲਈ ਪ੍ਰਾਈਮ ਚੈਨਲਾਂ 'ਤੇ ਦਿਖਾਈਆਂ ਜਾਂਦੀਆਂ ਹਨ। ਜੋ ਲੋਕ ਘਰ ਦੇ ਅੰਦਰ ਰਹਿਣ ਦਾ ਫੈਸਲਾ ਕਰਦੇ ਹਨ, ਉਹ ਮਨੋਰੰਜਨ ਅਤੇ ਮੌਜ-ਮਸਤੀ ਲਈ ਇਨ੍ਹਾਂ ਨਵੇਂ ਸਾਲ ਦੇ ਸ਼ੋਅ ਵੱਲ ਮੁੜਦੇ ਹਨ।

ਨਵਾਂ ਸਾਲ ਸਿਰਫ਼ ਜਸ਼ਨ ਮਨਾਉਣ ਦਾ ਸਮਾਂ ਨਹੀਂ ਹੈ, ਸਗੋਂ ਸਵੈ-ਜਾਂਚ ਅਤੇ ਸੁਧਾਰ ਦਾ ਮੌਕਾ ਵੀ ਹੈ। ਸਾਨੂੰ ਅਤੀਤ ਦੀਆਂ ਗਲਤੀਆਂ ਤੋਂ ਸਿੱਖ ਕੇ ਆਪਣੇ ਜੀਵਨ ਵਿਚ ਸਕਾਰਾਤਮਕ ਬਦਲਾਅ ਲਿਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਆਓ ਅਸੀਂ ਆਪਣੇ ਟੀਚਿਆਂ ਨੂੰ ਸਪੱਸ਼ਟ ਕਰੀਏ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਇੱਕ ਯੋਜਨਾ ਬਣਾਈਏ। ਆਓ ਨਕਾਰਾਤਮਕਤਾ ਨੂੰ ਪਿੱਛੇ ਛੱਡ ਕੇ ਸਕਾਰਾਤਮਕ ਰਵੱਈਆ ਅਪਣਾਈਏ। ਆਓ ਲੋੜਵੰਦਾਂ ਦੀ ਮਦਦ ਕਰਕੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਈਏ। ਆਓ ਅਸੀਂ ਸਵੈ-ਵਿਕਾਸ ਅਤੇ ਨਵੀਆਂ ਚੀਜ਼ਾਂ ਸਿੱਖਣ ਲਈ ਯਤਨਸ਼ੀਲ ਰਹੀਏ। ਲੋਕ ਰੰਗੀਨ ਕੱਪੜੇ ਪਹਿਨਦੇ ਹਨ ਅਤੇ ਗਾਉਣ, ਵਜਾਉਣ, ਨੱਚਣਾ ਅਤੇ ਪਾਰਟੀਆਂ ਵਿਚ ਜਾਣਾ ਵਰਗੀਆਂ ਮਜ਼ੇਦਾਰ ਗਤੀਵਿਧੀਆਂ ਕਰਦੇ ਹਨ। ਨਾਈਟ ਕਲੱਬ, ਮੂਵੀ ਥੀਏਟਰ, ਰਿਜ਼ੋਰਟ, ਰੈਸਟੋਰੈਂਟ ਅਤੇ ਮਨੋਰੰਜਨ ਪਾਰਕ ਹਰ ਉਮਰ ਦੇ ਲੋਕਾਂ ਨਾਲ ਭਰੇ ਹੋਏ ਹਨ। ਆਉਣ ਵਾਲੇ ਸਾਲ ਲਈ ਨਵੇਂ ਸੰਕਲਪਾਂ ਦੀ ਯੋਜਨਾ ਬਣਾਉਣ ਦੀ ਸਦੀਆਂ ਪੁਰਾਣੀ ਪ੍ਰੰਪਰਾ ਆਮ ਹੈ। ਕੁਝ ਸਭ ਤੋਂ ਪ੍ਰਸਿੱਧ ਸੰਕਲਪਾਂ ਵਿਚ ਭਾਰ ਘਟਾਉਣਾ, ਚੰਗੀਆਂ ਆਦਤਾਂ ਵਿਕਸਿਤ ਕਰਨਾ, ਅਤੇ ਸਖ਼ਤ ਮਿਹਨਤ ਕਰਨਾ ਸ਼ਾਮਲ ਹੈ। ਅੱਜ ਦੇ ਸਮੇਂ ਵਿਚ ਜਦੋਂ ਵਾਤਾਵਰਣ ਦਾ ਮੁੱਦਾ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ ਤਾਂ ਇਹ ਸਾਡੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਅਸੀਂ ਨਵੇਂ ਸਾਲ ਨੂੰ ਵਾਤਾਵਰਨ ਪ੍ਰਤੀ ਸੰਵੇਦਨਸ਼ੀਲ ਤਰੀਕਿਆਂ ਨਾਲ ਮਨਾਈਏ। ਪਟਾਕਿਆਂ ਦੀ ਵਰਤੋਂ ਨੂੰ ਘਟਾਉਣਾ, ਰੁੱਖ ਲਗਾਉਣਾ ਅਤੇ ਪਾਣੀ ਦੀ ਸੰਭਾਲ ਇਸ ਦਿਸ਼ਾ ਵਿਚ ਹਾਂ-ਪੱਖੀ ਕਦਮ ਹੋ ਸਕਦੇ ਹਨ।

ਨਵਾਂ ਸਾਲ ਸਾਨੂੰ ਅਤੀਤ ਦੀ ਕੁੜੱਤਣ ਭੁੱਲ ਕੇ ਨਵੇਂ ਰਿਸ਼ਤਿਆਂ ਦੀ ਸ਼ੁਰੂਆਤ ਕਰਨਾ ਸਿਖਾਉਂਦਾ ਹੈ। ਆਓ ਆਪਾਂ ਇੱਕ ਦੂਜੇ ਪ੍ਰਤੀ ਪਿਆਰ ਅਤੇ ਸਦਭਾਵਨਾ ਦਾ ਪ੍ਰਗਟਾਵਾ ਕਰੀਏ। ਆਉ ਉਨ੍ਹਾਂ ਨੂੰ ਸਹੀ ਰਸਤੇ 'ਤੇ ਲਿਆਉਣ ਦੀ ਕੋਸ਼ਿਸ਼ ਕਰੀਏ, ਜੋ ਆਪਣਾ ਰਾਹ ਭੁੱਲ ਗਏ ਹਨ। ਭਗਵਦ ਗੀਤਾ ਵਿਚ ਭਗਵਾਨ ਕ੍ਰਿਸ਼ਨ ਦੀਆਂ ਸਿੱਖਿਆਵਾਂ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਸਾਨੂੰ ਆਪਣਾ ਕੰਮ ਕਰਨਾ ਚਾਹੀਦਾ ਹੈ ਅਤੇ ਨਤੀਜੇ ਪ੍ਰਮਾਤਮਾ 'ਤੇ ਛੱਡਣੇ ਚਾਹੀਦੇ ਹਨ। ਨਵਾਂ ਸਾਲ ਸਿਰਫ਼ ਕੈਲੰਡਰ ਬਦਲਣ ਦਾ ਹੀ ਨਹੀਂ ਹੈ, ਸਗੋਂ ਇਹ ਸਾਡੀ ਜ਼ਿੰਦਗੀ ਨੂੰ ਨਵੀਂ ਦਿਸ਼ਾ ਦੇਣ ਦਾ ਮੌਕਾ ਹੈ। ਨਵੀਂ ਊਰਜਾ, ਉਤਸ਼ਾਹ ਅਤੇ ਸਕਾਰਾਤਮਕ ਰਵੱਈਏ ਨਾਲ ਅੱਗੇ ਵਧਣ ਦਾ ਸਮਾਂ ਹੈ। ਆਓ ਸਾਰੇ ਰਲ ਕੇ ਇਸ ਨਵੇਂ ਸਾਲ ਨੂੰ ਆਪਣੇ ਅਤੇ ਸਮਾਜ ਲਈ ਬਦਲਾਅ ਦਾ ਸਾਲ ਬਣਾਈਏ। ਹੁਣ, ਸਾਰੀਆਂ ਰੌਣਕਾਂ ਦੇ ਵਿਚਕਾਰ, ਨਵੇਂ ਸਾਲ ਦਾ ਦਿਨ ਕੁਝ ਗੰਭੀਰ ਪ੍ਰਤੀਬਿੰਬ ਦਾ ਸਮਾਂ ਵੀ ਹੈ। ਹਾਂ, ਅਸੀਂ ਆਤਮ-ਨਿਰੀਖਣ ਬਾਰੇ ਗੱਲ ਕਰ ਰਹੇ ਹਾਂ, ਪਿਛਲੇ ਸਾਲ ਵੱਲ ਝਾਤੀ ਮਾਰ ਕੇ ਅਤੇ ਇਹ ਪਤਾ ਲਗਾਓ ਕਿ ਅਸੀਂ ਕੀ ਸਿੱਖਿਆ ਹੈ। ਕੀ ਅਸੀਂ ਆਖਰਕਾਰ ਮੱਕੜੀਆਂ ਦੇ ਆਪਣੇ ਡਰ ਨੂੰ ਜਿੱਤ ਲਿਆ ਹੈ? ਕੀ ਅਸੀਂ ਉਨ੍ਹਾਂ ਲੋਕਾਂ ਨਾਲ ਕਾਫ਼ੀ ਸਮਾਂ ਬਿਤਾਉਂਦੇ ਹਾਂ, ਜੋ ਸਭ ਤੋਂ ਮਹੱਤਵਪੂਰਣ ਹਨ? ਇਹ ਸਾਡੇ ਜੀਵਨ ਦੀਆਂ ਮੁੱਖ ਘਟਨਾਵਾਂ ਨੂੰ ਸਕ੍ਰੋਲ ਕਰਨ ਅਤੇ ਸੋਚਣ ਵਰਗਾ ਹੈ, "ਵਾਹ, ਕੀ ਮੈਂ ਸੱਚਮੁੱਚ ਅਜਿਹਾ ਕੀਤਾ?" ਇੱਕ ਰੁੱਖ ਲਗਾਓ, ਆਪਣੇ ਭਵਿੱਖ ਨੂੰ ਇੱਕ ਪੱਤਰ ਲਿਖੋ, ਜਾਂ ਇੱਕ ਬੋਰਡ ਗੇਮ ਦਾ ਅਨੰਦ ਲਓ। ਇਸਨੂੰ ਤੁਹਾਡੇ ਲਈ ਵਿਲੱਖਣ ਬਣਾਓ ਅਤੇ ਹਰ ਸਾਲ ਇਸਦੀ ਉਡੀਕ ਕਰੋ।

ਹੁਣ, ਇਸ ਤਰ੍ਹਾਂ ਤੁਸੀਂ ਇੱਕ ਪ੍ਰੰਪਰਾ ਸ਼ੁਰੂ ਕਰ ਸਕਦੇ ਹੋ! ਨਵੇਂ ਸਾਲ ਦੇ ਦਿਨ 'ਤੇ ਵਿਚਾਰਸ਼ੀਲ ਤੋਹਫ਼ੇ ਦੇ ਕੇ ਪਿਆਰ ਫੈਲਾਓ। ਇਹ ਕੀਮਤ ਬਾਰੇ ਨਹੀਂ ਹੈ ਪਰ ਇਸ਼ਾਰੇ ਦੇ ਪਿੱਛੇ ਭਾਵਨਾ ਹੈ। ਇੱਕ ਹੱਥ ਲਿਖਤ ਨੋਟ, ਇੱਕ ਵਿਅਕਤੀਗਤ ਟ੍ਰਿੰਕੇਟ, ਜਾਂ ਇੱਕ ਦਿਲੀ ਸੁਨੇਹਾ ਸਭ ਫ਼ਰਕ ਲਿਆ ਸਕਦਾ ਹੈ, ਜਦੋਂ ਤੁਸੀਂ ਉਨ੍ਹਾਂ ਲੋਕਾਂ ਲਈ ਆਪਣੀ ਪ੍ਰਸ਼ੰਸਾ ਪ੍ਰਗਟ ਕਰਦੇ ਹੋ, ਜੋ ਸਭ ਤੋਂ ਮਹੱਤਵਪੂਰਣ ਹਨ। ਅਕਸਰ, ਅਸੀਂ ਜਾਂ ਤਾਂ ਇਸਦਾ ਅਹਿਸਾਸ ਨਹੀਂ ਕਰਦੇ ਜਾਂ ਇਸਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਦੇ ਹਾਂ ਅਤੇ ਇੱਕ ਕਹਾਣੀ ਲਿਖਣ ਦੀ ਕੋਸ਼ਿਸ਼ ਕਰਦੇ ਹਾਂ, ਜੋ ਪਹਿਲਾਂ ਹੀ ਖਤਮ ਹੋ ਚੁੱਕੀ ਹੈ। ਅਜਿਹੇ ਸਮੇਂ 'ਤੇ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਕਈ ਵਾਰ ਕਲਮ ਨੂੰ ਹੇਠਾਂ ਰੱਖਣਾ ਠੀਕ ਹੈ। ਬੰਦ ਦਰਵਾਜ਼ਿਆਂ ਪਿੱਛੇ ਲੜਨਾ ਠੀਕ ਨਹੀਂ ਹੈ। ਇਸ ਨਾਲ ਚਿਪਕਣਾ ਤੁਹਾਨੂੰ ਦੂਜੇ ਪਾਸੇ ਦੀ ਖਿੜਕੀ ਨੂੰ ਦੇਖਣ ਤੋਂ ਰੋਕਦਾ ਹੈ। ਜਿਵੇਂ ਕਿ ਦਿਮਾਗੀ ਅਭਿਆਸ ਕਰਨ ਵਾਲੇ ਕਹਿੰਦੇ ਹਨ, ਸਭ ਤੋਂ ਵੱਡਾ ਸੱਚ ਇਹ ਹੈ ਕਿ ਤੁਹਾਡੇ ਕੋਲ ਜੋ ਪਲ ਹੈ, ਉਸ ਤੋਂ ਤਾਜ਼ਾ ਸ਼ੁਰੂਆਤ ਕਰਨ ਲਈ ਕੋਈ ਵਧੀਆ ਸਮਾਂ ਨਹੀਂ ਹੈ। ਨਵੇਂ ਸਾਲ ਦੀ ਸਵੇਰ, ਇਸਦੇ ਸਭ ਤੋਂ ਵਧੀਆ ਤੇ, ਸਿਰਫ ਸਹੀ ਸੈਟਿੰਗ ਦੁਆਰਾ ਬਣਾਈ ਜਾ ਸਕਦੀ ਹੈ; ਬਾਕੀ, ਜਿਵੇਂ ਕਿ ਉਹ ਕਹਿੰਦੇ ਹਨ, ਸਭ ਤੁਹਾਡੇ ਅੰਦਰ ਹੈ। ਹਾਲਾਂਕਿ ਤੁਸੀਂ ਨਵੇਂ ਸਾਲ ਦੇ ਦਿਨ 2025 ਨੂੰ ਰੰਗ ਕਰਨ ਦਾ ਫੈਸਲਾ ਕਰਦੇ ਹੋ, ਇਸ ਨੂੰ ਯਾਦ ਰੱਖਣ ਲਈ ਬਣਾਓ। ਇਸ ਤਰ੍ਹਾਂ ਡਾਂਸ ਕਰੋ, ਜਿਵੇਂ ਕੋਈ ਨਹੀਂ ਦੇਖ ਰਿਹਾ, ਹੱਸੋ ਜਿਵੇਂ ਇਹ ਹੁਣ ਤੱਕ ਦਾ ਸਭ ਤੋਂ ਵਧੀਆ ਮਜ਼ਾਕ ਹੈ ਅਤੇ ਆਪਣੇ ਦੋਸਤਾਂ ਨੂੰ ਇਸ ਤਰ੍ਹਾਂ ਗਲੇ ਲਗਾਓ ਜਿਵੇਂ ਤੁਸੀਂ ਉਨ੍ਹਾਂ ਨੂੰ ਇੱਕ ਦਹਾਕੇ ਵਿਚ ਨਹੀਂ ਦੇਖਿਆ ਹੈ। ਕਿਉਂਕਿ ਅੰਦਾਜ਼ਾ ਲਗਾਓ ਕਿ 2025 ਤੁਹਾਡੇ ਚਮਕਣ ਦਾ ਸਾਲ ਹੈ। ਇਸ ਲਈ, ਆਓ ਇਸ ਨੂੰ ਯਾਦਗਾਰੀ ਬਣਾਈਏ, ਇਸ ਨੂੰ ਯਾਦਗਾਰੀ ਬਣਾਓ ਅਤੇ ਇਸ ਨੂੰ ਵਿਸ਼ੇਸ਼ ਬਣਾਓ! ਨਵੀਂ ਸ਼ੁਰੂਆਤ ਦੇ ਜਾਦੂ ਲਈ ਸ਼ੁਭਕਾਮਨਾਵਾਂ!

# ਬਜਟ

## ਕੰਡੇ ਦਾ ਕੰਡਾ


-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ ਨੇੜੇ ਨੈਸ਼ਲੇ ਮੋਗਾ
98557-35666
(Punjab Mail USA)



ਜੰਗਲ ਦੇ ਸ਼ੇਰ ਨੇ ਲੂੰਬੜ ਨੂੰ ਕਿਹਾ "ਇਹੋ ਜਿਹਾ ਬਜਟ ਤਿਆਰ ਕਰੋ ਕਿ ਸਾਰੀ ਜਨਤਾ ਖੁਸ਼ ਹੋ ਜਾਵੇ"। "ਸਰ ਬਸ ਖੁਸ਼ ਹੀ ਕਰਨਾ ਕਿ ਕੋਈ ਸਹੀ ਗੱਲ ਵੀ ਕਰਨੀ ਆ..?" "ਨਹੀਂ ਬੱਸ ਖੁਸ਼ ਹੀ ਕਰਨੈ, ਕਮਲਿਆ ਸਾਰੀ ਜਨਤਾ ਖੁਸ਼ ਰਹੂਗੀ ਤਾਂ ਤੰਦਰੁਸਤ ਰਹਿਣਗੇ"। ਸ਼ੇਰ ਜੀ ਨੇ ਕਿਹਾ "ਸਰ ਜਨਤਾ ਆਪਣੇ 'ਤੇ ਹੱਸੇ ਨਾ.........?" ਲੂੰਬੜ ਜੀ ਨੇ ਦੂਜੇ ਦਿਨ ਬਜਟ ਪੇਸ਼ ਕੀਤਾ, ਸਾਡੇ ਜੰਗਲ ਦੇ ਇਸ ਸਾਲ ਦੇ ਬਜਟ 'ਚ ਟੈਕਸ਼ਾਂ ਤੋਂ ਵੈਟ ਤੋਂ ਰਾਹਤ ਇਸ ਪ੍ਰਕਾਰ ਹੈ। ਇਹ ਆਮ ਲੋਕਾਂ ਦਾ ਬਜਟ ਹੈ, ਇਸ ਲਈ ਚਕਲਾ, ਵੇਲਣਾ, ਮਧਾਣੀ, ਸਾਗ ਘੋਟਨੀ, ਕੂੰਡਾ ਘੋਟਣਾ, ਨਿੰਬੂ ਨਿਚੋੜਨੀ, ਬਕਸੂਆ, ਕੰਘਾ, ਸੂਈ, ਛੋਲੇ ਖਾਣ ਵਾਲੇ ਪੱਤਲ, ਝਾਵਾਂ, ਕੂੰਜੀ, ਤੋੜੀ, ਤੋੜਾ, ਰਿੜਕਨੇ, ਕਾਢਣੀ, ਕਸੇਰੇ, ਹਾਰਾ, ਮਿੱਟੀ ਵਾਲਾ ਚੁੱਲਾ, ਸੁਰਾਹੀ, ਬੋਕਰ ਆਦਿ ਇਹ ਬਜਟ ਸੁਣ ਕੇ ਇਕ ਲੂੰਬੜੀ ਪੱਤਰਕਾਰ ਨੇ ਪੁਛਿਆ, ਇਹ ਜਿਹੜੀਆਂ ਚੀਜ਼ਾਂ ਨੂੰ ਤੁਸੀਂ ਟੈਕਸ ਰਹਿਤ ਕਹਿੰਦੇ ਹੋ, ਉਹ ਤਾਂ ਸਾਡੇ ਜੰਗਲ ਦੀ ਜਨਤਾ ਨੇ ਕਦੇ ਕਿਸੇ ਦਾ ਟੈਕਸ ਨਹੀਂ ਭਰਿਆ, ਉਹ ਤਾਂ ਪਹਿਲਾਂ ਹੀ ਟੈਕਸ ਰਹਿਤ ਹੈ, ਉਹ ਕਿਹੜਾ ਕੋਈ ਬਰਾਂਡਿਡ ਚੀਜ਼ ਹੈ? ਉਹ ਤਾਂ ਸਭ ਦੇਸੀ ਕੰਮ ਹੈ, ਤਾਂ ਅੱਗੋ ਬਜਟ ਵਾਲੇ ਲੂੰਬੜ ਨੇ ਕਿਹਾ ਕਿ ਮੇਰੀ ਤਾਂ ਕੇਵਲ ਪੇਸ਼ਕਾਰੀ ਹੈ, ਇਹ ਸਾਰਾ ਕੁੱਝ ਸ਼ੇਰ ਜੀ ਨੇ ਹੀ ਬਣਾਇਆ। ਜਦੋਂ ਜੰਗਲ ਦੇ ਸ਼ੇਰ ਜੀ ਨੂੰ ਪੁੱਛਿਆ, ਤਾਂ ਉਨ੍ਹਾਂ ਟਾਲਦੇ ਹੋਏ ਹੋਰ ਗੱਲ ਸਣਾਉਂਦੇ ਕਿਹਾ, ਸਾਡਾ ਜੰਗਲ ਨੰਬਰ ਵਨ ਹੈ ਤੇ ਨੰਬਰ ਵਨ ਹੀ ਰਹੂਗਾ। ਜਦੋਂ ਪੁੱਛਿਆ ਤਾਂ ਕਾਹਦੇ 'ਚ ਨੰਬਰ ਵੰਨ ਹੈ, ਸਰਕਾਰੀ ਮੁਲਾਜ਼ਮਾਂ ਨੂੰ ਪਿਛਲੇ ਤਿੰਨ ਮਹੀਨੇ ਤੋਂ ਤਨਖਾਹਾਂ ਨਹੀਂ ਮਿਲੀਆਂ, ਤਾਂ ਉਨ੍ਹਾਂ ਕਿਹਾ, ਸਾਡੇ ਜੰਗਲ ਦੇ ਸਰਕਾਰੀ ਮੁਲਾਜ਼ਮਾਂ ਦੀਆਂ ਤਨਖਾਹਾਂ ਬਹੁਤ ਜ਼ਿਆਦਾ ਹੋਣ 'ਚ ਨੰਬਰ ਵੰਨ ਹੈ ਤੇ ਫੇਰ ਕੀ ਹੋ ਗਿਆ, ਜੇ ਤਨਖਾਹਾਂ ਨਹੀਂ ਮਿਲੀਆਂ, ਅਸੀਂ ਹਰ ਘਰ-ਘਰ ਜਾ ਕੇ ਹਰ ਬੰਦੇ ਬੰਦੀ ਦਾ ਸਰਕਾਰ ਵੱਲੋਂ ਪੰਜ ਲੱਖ ਤੱਕ ਦਾ ਮੁਫਤ ਬੀਮਾ ਕੀਤਾ ਜਾਊਗਾ ਤੇ ਇਸ ਬੀਮੇ ਦੀ ਕਿਸ਼ਤ ਵੀ ਸਰਕਾਰ ਹੀ ਦੇਵੇਗੀ ਤੇ ਬੰਦੇ ਬੰਦੀ ਦੇ ਮਰਨ ਉਪਰੰਤ ਇਹ ਬੀਮੇ ਦੀ ਰਕਮ ਸਰਕਾਰੀ ਖਜ਼ਾਨੇ 'ਚ ਜਮਾ ਹੋ ਜਾਵੇਗੀ, ਜਿਸ ਨਾਲ ਸਰਕਾਰੀ ਖਜ਼ਾਨਾ ਭਰਪੂਰ ਹੋ ਜਾਵੇਗਾ, ਅਸੀਂ ਸਭ ਨੂੰ ਤਨਖਾਹਾਂ ਦੇ ਦੇਵਾਂਗੇ। ਅਸੀਂ ਹੋਰ ਕਰਜ਼ ਲਵਾਂਗੇ, ਟੈਕਸ ਲਾਵਾਂਗੇ, ਚੋਰੀਆਂ ਤੇ ਮੋਰੀਆਂ ਬੰਦ ਕਰ ਦਿਆਂਗੇ। ਜਦੋਂ ਉਨ੍ਹਾਂ ਨੂੰ ਲੁੱਟਾਂ-ਖੋਹਾਂ ਤੇ ਧੱਕੇ ਨਾਲ ਕੀਤੇ ਕਬਜ਼ਿਆਂ ਬਾਰੇ ਪੁੱਛਿਆ, ਤਾਂ ਉਨ੍ਹਾਂ ਕਿਹਾ, ਸਾਡੇ ਹੁੰਦੇ ਕੌਣ ਕਬਜ਼ਾ ਕਰੂਗਾ, ਸਾਡਾ ਮਤਲਬ ਅਸੀਂ ਲੁੱਟਾਂ-ਖੋਹਾਂ ਕਬਜ਼ੇ ਕਿਸੇ ਨੂੰ ਨਹੀਂ ਕਰਨ ਦੇਣੇ। ਤੇ ਦੂਜੇ ਦਿਨ ਪਤਾ ਲੱਗਾ, ਉਹ ਬੀਬੀ ਦੇ ਚੈਨਲ ਨੂੰ ਸ਼ੇਰ ਜੀ ਨੇ ਆਪਣੇ ਪੰਜੇ ਹੇਠਾਂ ਨੱਪ ਲਿਆ।

**ਮਾਰਲ:-** ਆਪਣੇ ਕੰਮ ਨਾਲ ਮਤਲਬ ਰੱਖੋ, ਮਿਹਨਤ ਕਰੋ, ਸਰਕਾਰ ਨਾਲ ਪੰਗਾ ਨਾ ਲਉ ਤੇ ਚੁੱਪਚਾਪ ਪੰਜ ਸਾਲ ਬਾਅਦ ਵੋਟ ਪਾਉ। ਜੇ ਨਹੀਂ ਮਨਜ਼ੂਰ, ਵਿਦੇਸ਼ ਜਾਉ।



# ਤੁਹਾਡੀ ਫਸਲ ਤਾਂ ਫਰੀ ਹੁੰਦੀ ਐ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA



ਕਿਸਾਨਾਂ 'ਤੇ ਕੋਈ ਨਾ ਕੋਈ ਮੁਸੀਬਤ ਟੁੱਟਦੀ ਹੀ ਰਹਿੰਦੀ ਹੈ। ਤੀਸਰੇ ਚੌਥੇ ਸਾਲ ਬੇਮੌਸਮੀ ਬਰਸਾਤ, ਸੋਕਾ, ਗੁਲਾਬੀ ਸੁੰਡੀ, ਨਕਲੀ ਕੀਟਨਾਸ਼ਕ, ਨਦੀਨ ਨਾਸ਼ਕ ਤੇ ਖਾਦਾਂ ਆਦਿ ਦੀ ਮਾਰ ਪੈ ਹੀ ਜਾਂਦੀ ਹੈ। ਜੇ ਰੱਬ ਰੱਬ ਕਰਦਿਆਂ ਫਸਲ ਸਹੀ ਸਲਾਮਤ ਅੰਜ਼ਾਮ ਨੂੰ ਪਹੁੰਚ ਵੀ ਜਾਵੇ, ਤਾਂ ਫਿਰ ਇਸ ਸਾਲ ਦੇ ਝੋਨੇ ਵਾਂਗ ਮੰਡੀਆਂ ਵਿਚ ਬੇਕਦਰੀ। ਮੇਰੇ ਦਾਦਾ ਜੀ ਕਹਿੰਦੇ ਹੁੰਦੇ ਸਨ ਕਿ ਜਿਹੜਾ ਵਿਅਕਤੀ ਸਾਹ ਲੈਣ ਵਾਲਾ (ਪੋਲਟਰੀ ਅਤੇ ਡੇਅਰੀ), ਸੜਕ 'ਤੇ ਚੱਲਣ ਵਾਲਾ (ਟਰੱਕ ਟੈਕਸੀਆਂ ਆਦਿ) ਅਤੇ ਕੁਦਰਤ 'ਤੇ ਨਿਰਭਰ (ਖੇਤੀਬਾੜੀ) ਧੰਦਾ ਕਰਦਾ ਹੈ, ਉਹ ਕਦੇ ਵੀ ਸੁੱਖ ਦੀ ਨੀਂਦ ਨਹੀਂ ਸੌਂ ਸਕਦਾ। ਆਮ ਲੋਕ ਸਮਝਦੇ ਹਨ ਕਿ ਖੇਤੀਬਾੜੀ ਤਾਂ ਸੌਖੀ ਹੀ ਬਹੁਤ ਹੈ। ਬੱਸ ਬੀਜ ਤੇ ਖਾਦ ਪਾਈ ਤੇ ਛੇ ਮਹੀਨਿਆਂ ਵਿਚ ਫਸਲ ਤਿਆਰ। ਉਨ੍ਹਾਂ ਨੂੰ ਨਹੀਂ ਪਤਾ ਕਿ ਮੰਡੀ ਵਿਚ ਪਈ ਕਣਕ ਜਾਂ ਝੋਨੇ ਦੀ ਢੇਰੀ ਦੇ ਪਿੱਛੇ ਕਿੰਨੀ ਮਿਹਨਤ ਲੱਗਦੀ ਹੈ। ਸੌਣ ਭਾਦਰੋਂ ਦੀਆਂ ਹੁੰਮਸ ਭਰੀਆਂ ਧੁੱਪਾਂ ਤੇ ਪੋਹ ਮਾਘ ਦੀ ਹੱਡ ਜਮਾਂ ਦੇਣ ਵਾਲੀ ਸਰਦੀ ਵਿਚ ਨੰਗੇ ਪੈਰੀਂ ਖੇਤਾਂ ਨੂੰ ਪਾਣੀ ਲਗਾਉਣਾ, ਖਾਦ ਖਿਲਾਰਨੀ ਅਤੇ ਕੀਟ ਨਾਸ਼ਕ - ਨਦੀਨ ਨਾਸ਼ਕ ਸਪਰੇਅ ਕਰਨੇ ਪੈਂਦੇ ਹਨ। ਜਿਸ ਵੇਲੇ ਅੱਧਾ ਭਾਰਤ ਏ.ਸੀ. ਦੀ ਠੰਡਕ ਜਾਂ ਹੀਟਰ ਦੇ ਨਿੱਘ ਦਾ ਅਨੰਦ ਮਾਣ ਰਿਹਾ ਹੁੰਦਾ ਹੈ, ਉਸ ਵੇਲੇ ਕਿਸਾਨ ਖੇਤਾਂ ਵਿਚ ਡਟੇ ਹੁੰਦੇ ਹਨ। ਇਹ ਦੁਨੀਆਂ ਦਾ ਇੱਕੋ ਇੱਕ ਵਪਾਰ ਹੈ, ਜਿਸ ਵਿਚ ਵਿਕਰੇਤਾ ਦੀ ਬਜਾਏ ਰੇਟ ਖਰੀਦਦਾਰ ਤਹਿ ਕਰਦਾ ਹੈ।



35-40 ਸਾਲ ਪੁਰਾਣੀ ਗੱਲ ਜਦੋਂ ਮੈਂ ਪੜ੍ਹਾਈ ਦੇ ਨਾਲ-ਨਾਲ ਖੇਤੀਬਾੜੀ ਵਿਚ ਆਪਣੇ ਪਿਤਾ ਜੀ ਦਾ ਹੱਥ ਵਟਾਉਂਦਾ ਹੁੰਦਾ ਸੀ। ਸਾਡੇ ਪਿੰਡ ਕਈ ਦੁਕਾਨਾਂ ਸਨ ਪਰ ਇੱਕ ਦੁਕਾਨਦਾਰ ਕਿੰਦੇ (ਕਾਲਪਨਿਕ ਨਾਮ) ਨਾਲ ਸਾਡਾ ਕਾਫੀ ਪਿਆਰ ਸੀ ਤੇ ਉਧਾਰ ਸੁਧਾਰ ਵੀ ਚੱਲਦਾ ਸੀ। ਇੱਕ ਦਿਨ ਮੈਂ ਕਿੰਦੇ ਦੀ ਦੁਕਾਨ ਦੇ ਪੀਪੇ ਵਿਚੋਂ ਮੂੰਗਫਲੀ ਦੀ ਮੁੱਠ ਭਰ ਲਈ। ਕਿੰਦਾ ਮੈਨੂੰ ਕਹਿਣ ਲੱਗਾ, "ਅਠਿਆਨੀ (ਪੰਜਾਹ ਪੈਸੇ) ਦੀ ਊ, ਐਵੇਂ ਮੁਫਤ ਨਾ ਸਮਝ ਲਈਂ।" ਮੈਂ ਮੂੰਗਫਲੀ ਵਾਪਸ ਪੀਪੇ ਵਿਚ ਸੁੱਟ ਦਿੱਤੀ ਤੇ ਬੋਲਿਆ, "ਤੂੰ ਜਿਹੜੇ ਸਾਡੇ ਖੇਤਾਂ ਵਿਚੋਂ ਤੀਜੇ ਚੌਥੇ ਦਿਨ ਛਟਾਲੇ (ਬਰਸੀਮ) ਦੀ ਪੰਡ ਵੱਢ ਲਿਆਉਨਾ, ਗਾਜਰਾਂ ਮੂਲੀਆਂ, ਗੋਂਗਲੂ, ਗੋਭੀ ਤੇ ਸਾਗ ਤੋੜ ਲਿਆਉਨਾ, ਉਨ੍ਹਾਂ ਦਾ ਕੋਈ ਮੁੱਲ ਨਹੀਂ?" ਉਹ ਅੱਗੋਂ ਦੰਦੀਆਂ ਕੱਢ ਕੇ ਬੋਲਿਆ, "ਧਾਡਾ ਸਮਾਨ ਤਾਂ ਫਰੀ ਦਾ ਹੁੰਦਾ ਆ।" ਉਸ ਦੀ ਗੱਲ ਮੇਰੇ ਕਲੇਜੇ 'ਤੇ ਲੜ ਗਈ, "ਅੱਛਾ, ਉਹ ਆਪੇ ਉੱਗ ਪੈਂਦੀਆਂ ਨੇ? ਬੀਜ ਤੇ ਖਾਦ ਮੁਫਤ ਮਿਲਦੇ ਆ? ਕੋਈ ਨੀਂ ਪੁੱਤ ਦੁਬਾਰਾ ਆਈਂ, ਦੱਸੂੰਗਾ ਤੈਨੂੰ ਸਾਡੀ ਫਸਲ ਫਰੀ ਦੀ ਹੁੰਦੀ ਆ ਕਿ ਮੁੱਲ ਦੀ।" ਇਹ ਕਹਿ ਕੇ ਮੈਂ ਘਰ ਨੂੰ ਚੱਲ ਪਿਆ ਤੇ ਕਿੰਦਾ ਸਮਝ ਗਿਆ ਕਿ ਉਸ ਨੇ ਗਲਤੀ ਕਰ ਲਈ ਹੈ। ਉਹ ਲਿਫਾਫੇ ਵਿਚ ਕਾਫੀ ਸਾਰੀ ਮੂੰਗਫਲੀ ਪਾ ਕੇ ਮੇਰੇ ਪਿੱਛੇ ਭੱਜਿਆ ਤੇ ਗਲਤੀ ਮੰਨ ਕੇ ਮੂੰਗਫਲੀ ਦੇ ਕੇ ਗਿਆ।

ਮੇਰਾ ਇੱਕ ਦੋਸਤ ਤੇਜਾ (ਕਾਲਪਨਿਕ ਨਾਮ) ਬਟਾਲੇ ਨੇੜੇ ਰਹਿੰਦਾ ਹੈ ਤੇ ਤਰਬੂਜ ਤੇ ਖਰਬੂਜਿਆਂ ਦੀ ਕਾਸ਼ਤ ਕਰਦਾ ਹੈ। ਇੱਕ ਦਿਨ ਉਹ ਸੁਵੱਖਤੇ ਤਰਬੂਜਾਂ ਦੀ ਟਰਾਲੀ ਲੈ ਕੇ ਧਾਰੀਵਾਲ ਦੀ ਸਬਜ਼ੀ ਮੰਡੀ ਵਿਚ ਖੜ੍ਹਾ ਸੀ ਕਿ ਸੈਰ ਕਰਦਾ ਹੋਇਆ ਇੱਕ ਵਿਅਕਤੀ ਆਇਆ ਤੇ ਬਿਨਾਂ ਦੱਸੇ ਪੁੱਛੇ ਦੋ ਵਧੀਆ ਜਿਹੇ ਤਰਬੂਜ਼ ਚੁੱਕ ਕੇ ਚੱਲਦਾ ਬਣਿਆ। ਤੇਜਾ ਪਹਿਲਾਂ ਹੀ ਗਰਮੀ ਅਤੇ ਲੱਗ ਰਹੇ ਘੱਟ ਰੇਟ ਤੋਂ ਸੜਿਆ ਬਲਿਆ ਪਿਆ ਸੀ। ਉਸ ਨੇ ਉਸ ਵਿਅਕਤੀ ਨੂੰ ਜਾ ਘੇਰਿਆ ਤੇ ਪੁੱਛਿਆ ਕਿ ਭਾਈ ਸਾਹਿਬ ਇਹ ਕੀ ਕਰ ਰਹੇ ਹੋ? ਉਸ ਵਿਅਕਤੀ ਨੇ ਪੂਰੀ ਢੀਠਤਾਈ ਨਾਲ ਜਵਾਬ ਦਿੱਤਾ, "ਕਾਕਾ ਤੂੰ ਮੈਨੂੰ ਪਛਾਣਿਆ ਨਈਂ? ਮੈਂ ਸਾਬਕਾ ਮੰਤਰੀ ਫਲਾਣਾ ਸਿੰਘ ਆਂ।" "ਮੈਂ ਥਾਨੂੰ ਚੰਗੀ ਤਰ੍ਹਾਂ ਜਾਣਦਾ ਆਂ। ਪਰ ਤੁਹਾਡਾ ਫਰਜ਼ ਨਈਂ ਬਣਦਾ ਕਿ ਮੈਨੂੰ ਪੁੱਛ ਕੇ ਤਰਬੂਜ਼ ਚੁੱਕਦੇ? ਹੁਣ ਜੇ ਮੈਂ ਧਾਡੇ ਕੋਲੋਂ ਹਦਵਾਣੇ ਖੋਹ ਲਵਾਂ, ਤਾਂ ਧਾਡੇ ਪੱਲੇ ਕੀ ਰਹੂਗਾ?" ਪਰ ਉਹ ਲੀਡਰ ਵੀ ਸਿਰੇ ਦਾ ਢੀਠ ਸੀ, "ਉਹ ਕਾਕਾ, ਦੋ ਹਦਵਾਨਿਆਂ ਲਈ ਮੈਂ ਤੈਨੂੰ ਕੀ ਪੁੱਛਦਾ? ਨਾਲੇ ਜੱਟਾਂ ਨੂੰ ਕੀ ਫਰਕ ਪੈਂਦਾ ਦੋ ਚਾਰ ਹਦਵਾਨਿਆਂ ਨਾਲ," ਤੇ ਉਹ ਤਰਬੂਜ਼ ਲੈ ਕੇ ਤੁਰਦਾ ਬਣਿਆ।

ਮੇਰਾ ਇੱਕ ਦੋਸਤ ਹਰਬੰਸ ਲਹਿਰਾ ਗਾਗਾ ਨੇੜੇ ਨੰਗਲਾ ਪਿੰਡ ਦਾ ਰਹਿਣ ਵਾਲਾ ਹੈ। ਅੱਜ ਤੋਂ 15-20 ਪਹਿਲਾਂ ਉਥੇ ਵੱਡੇ ਪੱਧਰ 'ਤੇ ਮੂੰਗਫਲੀ ਦੀ ਕਾਸ਼ਤ ਹੁੰਦੀ ਸੀ। ਇੱਕ ਵਾਰ ਉਸ ਦਾ ਤਾਇਆ ਲਹਿਰੇ ਮੰਡੀ ਮੂੰਗਫਲੀ ਲੈ ਕੇ ਗਿਆ ਤਾਂ ਹਰ ਲੰਘਦਾ ਵੜਦਾ ਬੰਦਾ ਮੂੰਗਫਲੀ ਦੀਆਂ ਮੱਠੀਆਂ ਭਰ ਕੇ ਲਿਜਾਣ ਲੱਗਾ। ਇਹ ਸਭ ਕੁਝ ਤਾਂ ਤਾਇਆ ਬਰਦਾਸ਼ਤ ਕਰ ਗਿਆ ਪਰ ਇੱਕ ਬੰਦੇ ਨੇ ਤਾਂ ਕਮਾਲ ਹੀ ਕਰ ਦਿੱਤੀ। ਪਹਿਲਾਂ ਤਾਂ ਖੁਦ ਜੇਬ ਭਰ ਲਈ ਤੇ ਫਿਰ ਘਰ ਜਾ ਕੇ ਆਪਣੇ ਤਿੰਨ ਚਾਰ ਜਵਾਕ ਲੈ ਆਇਆ, ਜਿਨ੍ਹਾਂ ਨੇ ਮੂੰਗਫਲੀ ਲਿਫਾਫਿਆਂ ਵਿਚ ਭਰਨੀ ਸ਼ੁਰੂ ਕਰ ਦਿੱਤੀ। ਤਾਇਆ ਜਾਣਦਾ ਸੀ ਕਿ ਇਸ ਬੰਦੇ ਦੀ ਬਾਜ਼ਾਰ ਵਿਚ ਹਲਵਾਈ ਦੀ ਦੁਕਾਨ ਹੈ ਤੇ ਇਹ ਠੋਕ ਕੇ ਰੇਟ ਲਾਉਂਦਾ ਹੈ। ਲਿਫਾਫੇ ਵੇਖ ਕੇ ਤਾਏ ਦੇ ਸਬਰ ਦਾ ਪਿਆਲਾ ਉੱਛਲ ਗਿਆ ਤੇ ਉਹ ਉਸ ਦੇ ਪਿੱਛੇ ਪੈ ਗਿਆ। ਪਹਿਲਾਂ ਤਾਂ ਉਸ ਨੇ ਲਿਫਾਫੇ ਖੋਹ ਕੇ ਢੇਰੀ 'ਤੇ ਉਲੱਦ ਦਿੱਤੇ ਤੇ ਫਿਰ ਉਸ ਦੀ ਲਾਹ-ਪਾਹ ਕਰ ਦਿੱਤੀ। ਹਲਵਾਈ ਅੱਗੋਂ ਢਿੱਲਾ ਜਿਹਾ ਪੈ ਕੇ ਕਹਿਣ ਲੱਗਾ, "ਸਰਦਾਰ ਜੀ ਐਨੀ ਵੱਡੀ ਗੱਲ ਤਾਂ ਕੋਈ ਨਈਂ ਸੀ। ਬੱਸ ਬੱਚਿਆਂ ਦਾ ਮਨ ਜਿਹਾ ਕਰ ਆਇਆ ਸੀ ਮੂੰਗਫਲੀ ਖਾਣ ਲਈ।" ਤਾਏ ਨੇ ਠੋਕ ਕੇ ਜਵਾਬ ਦਿੱਤਾ, "ਸੇਠ ਸਾਹਿਬ, ਜਦੋਂ ਸਾਡੇ ਬੱਚੇ ਧਾਡੀਆਂ ਦੁਕਾਨਾਂ ਅੱਗੋਂ ਲੰਘਦੇ ਆ ਨਾ, ਉਨ੍ਹਾਂ ਦਾ ਵੀ ਬਹੁਤ ਦਿਲ ਕਰਦਾ ਆ ਸਮਾਨ ਲੈਣ ਲਈ। ਫਿਰ ਅਸੀਂ ਵੀ ਫਰੀ ਮਠਿਆਈਆਂ ਚੁੱਕ ਕੇ ਲੈ ਜਾਇਆ ਕਰੀਏ? ਸਾਡੀ ਢੇਰੀ ਤਾਂ ਤੁਸੀਂ ਮੁਫਤ ਦਾ ਮਾਲ ਸਮਝ ਕੇ ਲਿਫਾਫੇ ਭਰੀ ਜਾਂਦੇ ਉ, ਕਿਸੇ ਰੇਹੜੀ ਤੋਂ ਮੂੰਗਫਲੀ ਦੀ ਇੱਕ ਗੱਟੀ ਚੁੱਕ ਕੇ ਤਾਂ ਵਿਖਾਉ।"

# ਸਿਆਲਾਂ ਦੀਆਂ ਧੂਣੀਆਂ-ਗੱਲਾਂ ਦੀਆਂ ਪੂਣੀਆਂ

ਲੇਖਕ: ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲ USA



ਕੁਦਰਤ ਨੇ ਧਰਤੀ 'ਤੇ "ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ" ਬਹੁਤ ਭਾਂਤੀ ਰੁੱਤਾਂ ਅਤੇ ਮੌਸਮਾਂ ਦੀ ਸਿਰਜਣਾ ਕੀਤੀ। ਜਿਵੇਂ, ਦੁੱਖ-ਸੁੱਖ, ਦਿਨ-ਰਾਤ, ਗਰਮੀ-ਸਰਦੀ ਵਗੈਰਾ। ਇਵੇਂ ਹਾੜ੍ਹ-ਪੋਹ ਮਹੀਨੇ, ਗਰਮੀ-ਸਰਦੀ ਦਾ ਸਿਖ਼ਰ ਨੇ। ਪੋਹ ਦਾ ਮਹੀਨਾ ਜਿੱਥੇ ਗੁਰੂ ਘਰ ਉਪਰ ਬਣੀ ਭੀੜ ਕਰਕੇ ਸਾਡੇ ਲਈ ਸੋਗ ਦਾ ਮਹੀਨਾ ਹੈ, ਉਥੇ ਠੰਢ, ਧੁੰਦ ਦੀ ਇੰਤਹਾ ਹੋਣ ਕਰਕੇ ਆਮ ਪੇਂਡੂ ਵਰਗ ਵਲੋਂ ਘਰੇਲੂ ਖ਼ੁਸ਼ੀ ਦੇ ਦਿਨ ਤਿਉਹਾਰ ਸਿਧਾਏ ਨਹੀਂ ਜਾਂਦੇ। ਸਗੋਂ ਫ਼ਸਲ ਬਾੜੀ, ਪਸ਼ੂ ਲਾਣੇ ਵਲੋਂ ਵਿਹਲੇ ਪਲਾਂ ਵਿਚ ਚੁਰੱਸਤਿਆਂ ਵਿਚ ਸਿਆਲੂ ਧੂਣੀਆਂ ਦਾ ਨਿੱਘ ਮਾਨਣ ਦੇ ਨਾਲ-ਨਾਲ ਖ਼ੂਬ ਮਨੋਰੰਜਨ ਵੀ ਕੀਤਾ ਜਾਂਦੈ। ਭਲੇ ਬਜ਼ੁਰਗਾਂ ਦੇ ਅਗਾਂਹ ਤੁਰ ਜਾਣ/ਅੱਜ ਮਨੋਰੰਜਨ ਦੇ ਸਾਧਨ ਘਰ ਭਰਤੀ ਹੋਣ ਕਾਰਨ ਧੂਣੀਆਂ ਦੀ ਗਿਣਤੀ ਦੇ ਨਾਲ-ਨਾਲ ਰੌਣਕ ਵੀ ਫਿੱਕੀ ਪਈ ਐ, ਪਰ ਇਹ ਰੀਤ ਹਾਲਾਂ ਮਰੀ ਨਹੀਂ, ਸਗੋਂ ਬਰਕਰਾਰ ਹੈ।



ਧੂਣੀਆਂ 'ਤੇ ਅਕਸਰ ਪੰਜਾਬੀ ਅਮੀਰ ਵਿਰਾਸਤ ਦੇ ਅਖਾਣ, ਸ਼ਬਦ, ਅਲੋਪ ਹੋ ਰਹੇ ਚੇਟਕ, ਇਤਿਹਾਸਕ ਘਟਨਾਵਾਂ, ਰਾਂਗਲੇ ਪਾਤਰ, ਚੁਗਲਖੋਰ, ਪਿੰਡ ਦੇ ਦੋ ਨੰਬਰੀ ਜੋੜੇ, ਕਿੱਸੇ, ਪ੍ਰੀਤ ਕਥਾਵਾਂ, ਝਗੜੇ ਝੇੜੇ, ਸਮਾਜ ਸੇਵੀ, ਗੁਣੀ ਗਿਆਨੀ ਆਦਿ ਕਿਰਦਾਰਾਂ ਦੀ ਖ਼ੂਬ ਚਰਚਾ ਹੁੰਦੀ ਹੈ। ਇਹੀ ਨਹੀਂ, ਸੀ.ਸੀ.ਟੀ.ਵੀ. ਕੈਮਰਿਆਂ ਵਾਂਗ ਆਏ ਗਏ ਦਾ ਵੀ ਧਿਆਨ ਵੀ 'ਜਿਹੀਆਂ ਢਾਣੀਆਂ ਵਲੋਂ ਰੱਖਿਆ ਜਾਂਦਾ ਹੈ। ਪਿਛਲੇ ਦੌਰ ਵਿਚ ਜਿਹੀਆਂ ਢਾਣੀਆਂ ਜ਼ਰੀਏ ਹੀ ਮਨੋਰੰਜਨ ਦੇ ਸਾਧਨ ਬਣਦੀਆਂ ਸਨ। ਢਾਣੀਆਂ ਦੇ ਹਾਸਰਸ ਪਾਤਰ, ਚੁਗਲਖੋਰ ਖੱਬਿਓਂ ਸੱਜਿਓਂ 'ਜਿਹੀ ਸ਼ੁਰਲੀ ਛੱਡਦੇ ਕਿ ਹਾਸੇ ਦੀ ਫੁਹਾਰ ਫੁੱਟ ਜਾਂਦੀ। ਸ਼ੁਗਲ ਮੇਲਾ ਇੰਨਾ ਹੁੰਦਾ, ਮਾਨੋਂ ਸਾਰੇ ਦਿਨ ਭਰ ਦੀ ਥੱਕਣ ਲਹਿ ਜਾਂਦੀ। ਕੋਈ ਵਾਰਸ ਸ਼ਾਹ ਦੀ ਹੀਰ ਦੀ ਹੇਕ ਉਚੀ ਚੁੱਕਦਾ, ਕੋਈ ਅੰਮ੍ਰਿਤਾ ਪ੍ਰੀਤਮ ਦੀ '47 ਦੀ ਦਰਦ ਬਯਾਨੀ, ਅੱਜ ਆਖਾਂ ਵਾਰਸ ਸ਼ਾਹ ਨੂੰ-- ਛੇੜਦਾ। ਫਿਰ ਕੋਈ ਤੀਜਾ ਉਨ੍ਹਾਂ ਬੋਲਾਂ ਦੀ ਤਸ਼ਰੀਹ ਕਰਦਾ। ਹੋਰ ਜਗਿਆਸੂ ਵੀ ਆਪਣੀ-ਆਪਣੀ ਸਮਝ ਮੁਤਾਬਿਕ ਖ਼ਿਆਲ ਰੱਖਦੇ ਨੇ। ਕਿਤੇ-ਕਿਤੇ ਤਾਂ ਚਰਚਾ ਇੰਨੀ ਅੱਗੇ ਨਿਕਲ ਜਾਂਦੀ ਹੈ ਕਿ ਪਾਈ ਬਾਤ ਦੀ ਚਟਣੀ ਬਣਾ ਦਿੱਤੀ ਜਾਂਦੀ।

ਹੋਰ ਗਾਲੜੀ ਗੱਲ ਸ਼ੁਰੂ ਕਰਦਾ, "ਮਖਿਆ ਸਾਡੇ ਬੁੜ੍ਹਿਆਂ ਪਸ਼ੂ ਲਾਣਾ ਬਾਹਲਾ ਈ ਰੱਖਿਆ ਹੋਇਆ ਸੀ। ਚਾਨੀਆਂ ਤੋਂ ਨਕੋਦਰ ਤੱਕ ਲੰਬੀ ਤਾਂ ਖੁਰਲੀ? ਹਊ।"

ਦੂਜਾ ਗਾਲੜੀ ਜੁਆਬ ਦਿੰਦਾ, "ਸਾਡੇ ਬੁੜ੍ਹਿਆਂ ਵੀ ਇਕ ਕਰਾਮਾਤ ਕੀਤੀ ਸੀ। ਢਾਂਗੀ ਏਡੀ ਬਣਾਈ ਬਈ ਜ਼ਮੀਨ ਤੋਂ ਅਸਮਾਨ ਨੂੰ ਛੂਹੇ। ਜਦ ਜੀ ਚਾਹੇ ਤਾਂ ਤਾਰੇ ਤੋੜ ਲੈਣ।"

ਪਹਿਲਾ ਗਾਲੜੀ ਝੱਟ ਬੋਲ ਉਠਦਾ, "ਓ ਏਡੀ ਢਾਂਗੀ, ਰੱਖਦੇ ਕਿੱਥੇ ਸੀ?"

ਦੂਜਾ ਗਾਲੜੀ, "ਓ ਜਿਹੜੀ ਥੋਡੇ ਬੁੜ੍ਹਿਆਂ ਖੁਰਲੀ ਬਣਾਈ ਸੀ ਨਾ, ਉਦੇ ਵਿਚ।"

ਤਾਂ ਹਾਸੇ ਦੀ ਫੁਹਾਰ ਫੁੱਟ ਜਾਂਦੀ।

ਇਕ ਹੋਰ ਜੁਆਨ ਪਿੰਡ ਦੀ ਹੰਕਾਰੀ ਵਿਧਵਾ ਦੀ ਗੱਲ ਛੇੜਦਾ, ਤਾਂ ਇਕ ਉਧੇੜ ਉਮਰ ਦਾ ਬੰਦਾ ਅਖਾਣ ਜ਼ਰੀਏ ਇੰਜ ਵਿਆਖਿਆ ਕਰਦਾ ਕਿ ਗੱਲ ਵਧੇਰੇ ਰੋਚਿਕ ਬਣ ਜਾਂਦੀ। ਅਖੇ,

" --, ਝੋਟਾ ਤੇ ਬੱਕਰਾ, ਚੌਥੀ ਵਿਧਵਾ ਨਾਰ।
ਇਹ ਚਾਰੇ ਭੁੱਖੇ ਭਲੇ, ਰੱਜੇ ਕਰਨ ਖ਼ੁਆਰ।"

ਇਕ ਅਮਲੀ ਨੇ ਪਿੰਡ ਦੇ ਦੋ ਸਕੇ ਭਰਾਵਾਂ ਦੇ ਪਰਿਵਾਰਕ ਕਲੇਸ਼ ਦੀ ਗੱਲ ਛੇੜੀ, ਜੋ ਪਿਤਾ ਪੁਰਖੀ ਜ਼ਮੀਨ ਦੇ ਮੁਕੱਦਮੇਬਾਜ਼ੀ ਵਿਚ ਉਲਝੇ ਹੋਏ ਨੇ, ਤਾਂ ਇਕ ਬਜ਼ੁਰਗ ਨੇ ਅਕਲ ਦਾਨ ਦਿੰਦਿਆਂ ਸਿਰੇ ਦੀ ਗੱਲ ਸੁਣਾ ਦਿੱਤੀ।

ਆਖਿਓਸ,

"ਨਾਲ ਭਰਾਵਾਂ ਏਕਤਾ, ਕਹਿਣੇ ਵਿਚ ਸੰਤਾਨ।
ਦੇਹੀ ਹੋਵੇ ਰੋਗ ਨਾ, ਤਾਂ ਸਵਰਗ ਘਰੇ ਹੀ ਜਾਣ"।

ਇਕ ਹੋਰਸ ਨੇ ਕਿਹਾ ਕਿ ਰਾਤ ਉਸ ਨੂੰ ਆਪਣੇ ਮੋਏ ਬਾਪ ਦਾ ਸੁਪਨਾ ਆਇਆ। ਤਾਂ ਦੂਜੇ ਨੇ ਫਿਰ ਆਖਣ ਬੋਲਿਆ,

"ਸੁਪਨਿਆਂ ਤੂੰ ਸੁਲਤਾਨ ਹੈਂ, ਉਤਮ ਤੇਰੀ ਜਾਤ।
ਸੌ ਬਰਸ ਦੇ ਵਿੱਛੜੇ, ਆਣ ਮਿਲਾਵੇਂ ਰਾਤ।"

ਇਹੀ ਨਹੀਂ, ਨਵਿਆਂ ਨੂੰ ਇਨ੍ਹਾਂ ਸੱਥਾਂ 'ਚੋਂ ਪਿੰਡ ਦੇ ਅੱਧੋ ਇਤਿਹਾਸ ਅਤੇ ਇਤਿਹਾਸਕ ਪਾਤਰਾਂ ਦਾ ਪਤਾ ਲੱਗ ਜਾਂਦੈ।

ਸਿਆਲਾਂ ਦੀਆਂ ਧੂਣੀਆਂ-ਗੱਲਾਂ ਦੀਆਂ ਪੂਣੀਆਂ।
ਕਿ ਚੇਤਿਆਂ 'ਚ ਵਸ ਜਾਣ-ਮਿੱਠੀਆਂ ਤੇ ਲੂਣੀਆਂ।

ਸ਼ਾਲਾ! ਜਿਉਂਦੇ ਰਹਿਣ 'ਜਿਹੀਆਂ ਢਾਣੀਆਂ ਦੇ ਰਾਂਗਲੇ ਪਾਤਰ। ਜਿਨ੍ਹਾਂ ਦੀਆਂ ਯਾਦਾਂ ਅਤੇ ਟੋਟਕੇ ਹਮੇਸ਼ ਹੀ ਅੰਗ-ਸੰਗ ਰਹਿੰਦੇ ਨੇ।

## 27 ਦਸੰਬਰ ਜਨਮ ਵਰ੍ਹੇਗੰਢ ’ਤੇ ਵਿਸ਼ੇਸ਼

# .ਗ਼ਾਲਿਬ ਦਾ ਅੰਦਾਜ਼-ਏ-ਬਯਾਂ


ਲੇਖਕ: ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲ USA



ਮਿਰਜ਼ਾ .ਗ਼ਾਲਿਬ ਅਸਲ ਨਾਮ ਅਸਦ ਉੱਲ੍ਹਾ ਖਾਨ ਬੇ.ਗ (27 ਦਸੰਬਰ 1797-19 ਫਰਵਰੀ 1869) ਆਗਰਾ ਵਿਚ ਜੰਮੇ ਪਲੇ। ਪਿਤਾ ਮਿਰਜ਼ਾ ਅਬਦੁਲਾ ਬੇ.ਗ 1802 ’ਚ ਅਲਵਰ ਦੇ ਰਾਜਾ ਬਖਤਾਵਰ ਸਿੰਘ ਦੀ ਫੌਜ ਵਲੋਂ ਲੜਦੇ ਹੋਏ ਮਾਰੇ ਗਏ। .ਗ਼ਾਲਿਬ ਨੇ ਕੇਵਲ 11 ਸਾਲ ਦੀ ਉਮਰ ਵਿਚ ਹੀ ਹਿੱਸਾ ਨਜ਼ਮ ਅਤੇ ਨਸ਼ਰ (ਕਵਿਤਾ-ਵਾਰਤਕ) ’ਚ ਹੱਥ ਅਜ਼ਮਾਈ ਸ਼ੁਰੂ ਕਰ ਦਿੱਤੀ। 1810 ਵਿਚ .ਗ਼ਾਲਿਬ ਸਾਹਿਬ ਦਾ ਨਿਕਾਹ ਦਿੱਲੀ ਦੇ ਰਈਸ ਮਿਰਜ਼ਾ ਅੱਲ੍ਹਾ ਬਖ਼ਸ਼ ਬੇ.ਗ ਦੀ ਬੇਟੀ ਉਮਰਾਓ ਬੇ.ਗਮ ਨਾਲ ਹੋਇਆ। ਸ਼ਾਦੀ ਉਪਰੰਤ ਉਹ ਦਿੱਲੀ ਆ ਗਏ। ਕਹਿੰਦੇ ਹਨ ਕਿ ਤਦੋਂ ਦਿੱਲੀ ਦੇ ਸਭ ਤੋਂ ਸੋਹਣੇ ਅਤੇ ਆਕਰਸ਼ਿਤ ਨੌਜਵਾਨਾਂ ’ਚ ਉਨ੍ਹਾਂ ਦਾ ਜ਼ਿਕਰ ਸੀ। .ਗ਼ਾਲਿਬ ਸਾਹਿਬ ਦੇ ਬਜ਼ੁਰਗਾਂ ਦਾ ਪਿਛੋਕੜ ਸਮਰਕੰਦ ਮੱਧ ਏਸ਼ੀਆ ਦੇ ਤੁਰਕ ਕਬੀਲੇ ਨਾਲ ਜੁੜਦੈ। ਜਿਥੋਂ ਉਹ 1740 ’ਚ ਭਾਰਤ ਆਏ।

ਉਰਦੂ, ਫ਼ਾਰਸੀ ਵਿਚ ਹੀ ਉਨ੍ਹਾਂ .ਗਜ਼ਲਾਂ ਕਹਿਣ/ਲਿਖਣ ਦੇ ਨਾਲ-ਨਾਲ ਹਿੱਸਾ ਨਸ਼ਰ ’ਚ ਵੀ ਬਾ ਕਮਾਲ ਲਿਖਿਐ। ਉਰਦੂ ਅਦਬ ’ਚ ਉਨ੍ਹਾਂ ਨੂੰ ਹਿੱਸਾ ਨਸ਼ਰ ਦਾ ਬਾਨੀ ਕਿਹਾ ਜਾਂਦੈ। ਇਹ ਸ਼ੁਰੂਆਤ ਉਨ੍ਹਾਂ ਦੇ ਖ਼ਤਾਂ ਤੋਂ ਹੋਈ ਮੰਨੀ ਜਾਂਦੀ ਐ। ਉਨ੍ਹਾਂ ਦੇ ਖ਼ਤ ਲਿਖਣ ਦਾ ਅੰਦਾਜ਼-ਏ-ਬਯਾਂ ਆਮ ਪੱਧਰ ਤੋਂ ਬਹੁਤ ਹਟ ਕੇ ਸੀ। ਆਪਣੇ ਦੋਸਤਾਂ, ਸ਼ਗਿਰਦਾਂ ਨੂੰ ਲਿਖੇ ਖ਼ਤਾਂ ’ਚ ਦੁਸ਼ਵਾਰੀਆਂ, ਫਾਕੇ, ਆਰਥਿਕ ਮੰਦਹਾਲੀ ਅਤੇ ਮੌਕੇ ਦੀ ਹਕੂਮਤ, ਫ਼ਿਰੰਗੀ ਸਰਕਾਰ ਦੇ ਜ਼ੁਲਮੋ-ਸਿਤਮ ਨੂੰ ਬੜੀ ਬੇਬਾਕੀ ਅਤੇ ਵੱਖਰੇ ਅੰਦਾਜ਼ ਵਿਚ ਚਿੱਤਰਿਐ, ਉਨ੍ਹਾਂ। ਇਸੀ ਵਜ੍ਹਾ .ਗ਼ਾਲਿਬ ਸਾਹਿਬ ਬਾਰੇ ਕਿਹੈ ਜਾਂਦੈ ਕਿ ਉਨ੍ਹਾਂ ‘ਮੁਰਾਸਲਾ ਕੋ ਮੁਕਾਲਮਾ ਬਨਾ ਦੀਯਾ (ਭਾਵ ਚਿੱਠੀਆਂ ਨੂੰ ਲੇਖਾਂ ਦਾ ਰੂਪ ਦੇ ਦਿੱਤਾ)।’ ਹਾਜ਼ਰ ਜਵਾਬ ਵੀ ਬੜੇ ਸਨ ਉਹ। ਮੌਕੇ ਦੀ ਨਜ਼ਾਕਤ ਦੇਖ ਕੇ ਗੱਲ ਇਉਂ ਕਰਨੀ ਬਈ ਲਤੀ.ਫ਼ਾ ਈ ਬਣਾ ਦੇਣਾ। ਅੰਦਾਜ਼-ਏ-ਬਯਾਂ ਆਮ ਪੱਧਰ ਤੋਂ ਬਹੁਤ ਹਟ ਕੇ ਹੁੰਦਾ। ਆਪਣੇ ਦੋਸਤਾਂ ਦੀ ਮਹਿ.ਫ਼ਲ ਦੇ ਹੀਰੋ ਹੋ ਨਿਬੜਦੇ।

ਦਿੱਲੀ, ਇਕ ਰਾਤ ਦੇ ਮੁਸ਼ਾਇਰਾ ਤੋਂ ਬਾਅਦ ਜਦ ਸ਼ਾਇਰ ਲੋਕ ਆਪਣੇ ਘਰਾਂ ਵੱਲ ਰਵਾਨਾ ਹੋਏ, ਤਾਂ ਦਿੱਲੀ ਦੇ ਬਾਹਰ ਤੋਂ ਆਇਆ ਇਕ ਸ਼ਾਇਰ, ਸੜਕ ’ਤੇ ਫਿਰਦੇ ਗਧਿਆਂ ’ਤੇ, .ਗ਼ਾਲਿਬ ਸਾਹਿਬ ਕੋਲ ਟਿੱਪਣੀ ਕਰਦਾ ਬੋਲਿਆ, “.ਗ਼ਾਲਿਬ ਸਾਹਿਬ ਦਿੱਲੀ ਮੇਂ ਤੋ ਗਧੇ ਬਹੁਤ ਹੈਂ।”




.ਗ਼ਾਲਿਬ ਸਾਹਿਬ ਉਸ ਨੂੰ ਮੁਖਾਤਿਬ ਹੋਏ ਕੇ ਬੋਲੇ, “ਬਸ ਐਸੇ ਹੀ ਬਾਹਰ ਸੇ ਆ ਜਾਤੇ ਹੈਂ।” ਭਾਵ ਜਿਵੇਂ ਤੂੰ ਬਾਹਰੋਂ ਆਇਐਂ ਇਵੇਂ ਹੀ ਗਧੇ ਬਾਹਰੋਂ ਆ ਜਾਂਦੇ ਨੇ।

ਇਕ ਦ.ਫ਼ਾ .ਗ਼ਾਲਿਬ ਸਾਹਿਬ ਸ਼ਾਇਰਾਂ ਦੀ ਮਹਿ.ਫ਼ਲ ਵਿਚ ਬੈਠੇ ਸਨ। ਸਾਰੇ ਸ਼ਾਇਰ ਅੰਬ ਚੂਪ ਰਹੇ ਸਨ ਪਰ ਨਵਾਬ ਵਲੀ ਸਾਹਿਬ ਅੰਬ ਚੂਪਣ ਦੀ ਬਜਾਏ ਚਿਲਮ ਦੇ ਕਸ਼ ਲੈਣ। ਕੁਝ ਦੂਰੀ ’ਤੇ ਕਿਸੇ ਕੂੜੇ ਦੇ ਢੇਰ ’ਤੇ ਅੰਬ ਸੁੱਟੇ ਹੋਏ ਸਨ। ਇਕ ਗਧਾ ਅੰਬਾਂ ਨੂੰ ਮੂੰਹ ਲਾ ਕੇ ਹਟ ਗਿਆ, ਤਾਂ ਨਵਾਬ ਨੇ .ਗ਼ਾਲਿਬ ਨੂੰ ਛੇੜਦਿਆਂ ਸੰਬੋਧਨ ਹੋ ਕੇ ਕਿਹਾ, “ਆਮ, ਇਤਨੀ ਭੀ ਕਯਾ ਚੀਜ਼ ਆ ਵੱਲਾ ? ਦੇਖ ਲੋ ਗਧੇ ਭੀ ਨਹੀਂ ਖਾਤੇ।” ਤਾਂ .ਗ਼ਾਲਿਬ ਨੇ ਆਪਣੇ ਅੰਦਾਜ਼ ਵਿਚ ਜਵਾਬ ਦਿੱਤਾ, “ਜੋ ਗਧੇ ਹੈਂ ਵਹੀ ਨਹੀਂ ਖਾਤੇ।” ਇਸ ’ਤੇ ਸਾਰੇ ਹੱਸ ਪਏ। ਕਿਉਂ ਜੋ ਨਵਾਬ ਨੂੰ ਛੱਡ ਕੇ ਬਾਕੀ ਸਾਰੇ ਅੰਬਾਂ ਦਾ ਲੁਤਫ ਲੈ ਰਹੇ ਸਨ। .ਗ਼ਾਲਿਬ ਨੇ ਅੰਬਾਂ ਦੇ ਬਾਰੇ ਵਿਚ ਇਕ ਖ਼ੂਬ ਸ਼ੇਅਰ ਕਿਹਾ:-

“ਮੁਝ ਸੇ ਪੂਛੀਏ ਕਿ ਤੁਝੇ ਖ਼ਬਰ ਕਯਾ ਹੈ,
ਆਮ ਕੇ ਆਗੇ ਨੈਅ ਸ਼ੱਕਰ ਕਯਾ ਹੈ।”

ਉਨ੍ਹਾਂ ਅੱਗੇ ਵਿਆਖਿਆ ਕਰਦਿਆਂ ਕਿਹਾ, “ਨੈਅ ਸ਼ੱਕਰ ਮੇ ਤੋਂ ਕੇਵਲ ਮਿਠਾਸ ਹੋਤੀ ਐ। ਪਰ ਆਮ ਮੇ ਹਲਕੀ ਸੀ ਤੋਸ਼ੀ (ਖਟਾਸ) ਭੀ। ਜੈਸੇ ਕਿਸੀ ਮੁਟਿਆਰ ਮੇਂ ਹੁਸਨ ਭੀ ਹੋ ਔਰ ਸਾਥ ਮੇਂ ਹਲਕਾ ਸਾ ਨਮਕ (ਨਖ਼ਰਾ) ਭੀ।”

ਇਬਰਾਹੀਮ ਜ਼ੌਕ ਆਖ਼ਰੀ ਮੁ.ਗਲ ਤਾਜਦਾਰ ਬਹਾਦੁਰ ਸ਼ਾਹ ਜ਼.ਫ਼ਰ ਦੇ ਉਸਤਾਦ ਸਨ। .ਗਦਰ ਤੋਂ ਪਹਿਲਾਂ 1857 ’ਚ ਜ਼ੌਕ ਸਾਹਿਬ ਦੀ ਮੌਤ ਉਪਰੰਤ ਜ਼.ਫ਼ਰ ਸਾਹਿਬ ਜੀ ਦੇ ਉਸਤਾਦ ਹੋਣ ਦਾ ਮਾਣ .ਗ਼ਾਲਿਬ ਸਾਹਿਬ ਦੇ ਹਿੱਸੇ ਆਇਆ। ਇਕ ਦ.ਫ਼ਾ .ਗ਼ਾਲਿਬ, ਜ਼.ਫ਼ਰ ਸਾਹਿਬ ਦੇ ਨਾਲ ਬਾ.ਗ ਦੀ ਸੈਰ ’ਤੇ ਸਨ। ਅੰਬਾਂ ਦੀ .ਫ਼ਸਲ ਪੂਰ ਬਹਾਰ ਸੀ। .ਗ਼ਾਲਿਬ ਅੰਬਾਂ ਨੂੰ ਨਿਹਾਰਨ ਲੱਗ ਪਏ। ਜ਼.ਫ਼ਰ ਸਾਹਿਬ ਪੁਛਿਆ, “ਕਯਾ ਵੇਖਤੇ ਹੋ”। ਤਾਂ .ਗ਼ਾਲਿਬ ਸਾਹਿਬ ਨੇ ਕਿਹਾ, “ਵੇਖਤਾ ਹੂੰ ਕਿ ਕਿਸੀ ਆਮ ਪਰ ਮੇਰਾ ਨਾਮ ਭੀ ਲਿਖਾ ਹੂਯਾ ਯਾ ਨਹੀਂ।” ਅਗਲੇ ਦਿਨ ਹੀ ਜ਼.ਫ਼ਰ ਸਾਹਿਬ ਨੇ .ਗ਼ਾਲਿਬ ਦੇ ਘਰ ਅੰਬਾਂ ਦੀ ਟੋਕਰੀ ਭਜਵਾ ਦਿੱਤੀ।

ਇਕ ਦ.ਫ਼ਾ ਰਾਤ ਦੇ ਵਕਤ .ਗ਼ਾਲਿਬ ਦੇ ਸ਼ਗਿਰਦ ਜਨਾਬ ਅਲਤਾਫ ਹੁਸੈਨ ਹਾਲੀ, .ਗ਼ਾਲਿਬ ਸਾਬ ਦੀਆਂ ਲੱਤਾਂ ਘੁੱਟ ਰਹੇ ਸਨ। ਲੱਤਾਂ ਘੁੱਟਣ ਉਪਰੰਤ ਹਾਲੀ ਬੋਲੇ, “ਲੋ ਜੀ ਮੈਨੇ ਆਪ ਕੇ ਪਾਓਂ ਦਬਾਅ ਦੀਏ।” ਤਾਂ .ਗ਼ਾਲਿਬ ਸਾਹਿਬ ਨੇ ਕਿਹਾ, “ਤੋ ਮੈਨੇ ਆਪ ਕੇ ਪੈਸੇ ਦਬਾਅ ਲੀਏ। ਹਿਸਾਬ ਬਰਾਬਰ ਹੂਯਾ।”



.ਗ਼ਾਲਿਬ ਸਾਹਿਬ ਨੇ ਉਰਦੂ .ਫ਼ਾਰਸੀ ਵਿਚ ਕਿਤਾਬਾਂ ਤਾਂ ਬਹੁਤ ਲਿਖੀਆਂ ਪਰ ਉਸ ਦੀ ਸ਼ਾਹਕਾਰ ਰਚਨਾ ਉਸ ਦੀ .ਗਜ਼ਲਾਂ ਦੀ ਕਿਤਾਬ ‘ਦੀਵਾਨ-ਏ-.ਗ਼ਾਲਿਬ’ ਈ ਕਹੀ ਜਾਂਦੀ ਐ। ਉਸ ਦੀਆਂ ਮਕਬੂਲ ਤਰੀਨ .ਗਜ਼ਲਾਂ ’ਚੋਂ ਉਪਰੋਕਤ ਟਾਈਟਲ ਵਾਲੀ .ਗਜ਼ਲ ਪ੍ਰਮੁੱਖ ਹੈ।

“ਹੈ ਬਸ ਕਿ ਹਰ ਏਕ ਇਨ ਕੇ ਇਸ਼ਾਰੇ ਮੇਂ ਨਿਸ਼ਾਂ ਔਰ
ਕਰਤੇ ਹੈਂ ਮੁਹੱਬਤ ਤੋਂ ਗੁਜਰਤਾ ਹੈ .ਗੁਮਾਂ ਔਰ
ਹੈਂ ਔਰ ਭੀ ਦੁਨੀਆਂ ਮੇਂ ਸੁਖ਼ਨਵਰ ਬਹੁਤ ਅੱਛੇ
ਕਹਿਤੇ ਹੈਂ ਕਿ .ਗ਼ਾਲਿਬ ਕਾ ਹੈ ਅੰਦਾਜ਼-ਏ-ਬਯਾਂ ਔਰ”

.ਗ਼ਾਲਿਬ ਦੀ ਸ਼ਾਇਰੀ ’ਚ ਅਰਬੀ .ਫ਼ਾਰਸੀ ਦੇ ਸ਼ਬਦਾਂ ਦੀ ਬਹੁਤਾਤ ਹੈ, ਜਿਸ ਵਜਾਹਤ ਉਨ੍ਹਾਂ ਦੀਆਂ ਲਿਖਤਾਂ ਆਮ ਪਾਠਕਾਂ ਨੂੰ ਸਮਝਣ ਵਿਚ ਮੁਸ਼ਕਿਲ ਹੈ। ਇਹ ਵੀ ਮੰਨਿਆਂ ਜਾਂਦੈ ਕਿ ਉਨ੍ਹਾਂ ਦਾ ਸੁਭਾਅ ਈ ਇਸੇ ਤਰ੍ਹਾਂ ਆਮ ਸ਼ਾਇਰਾਂ ਤੋਂ ਥੋੜ੍ਹਾ ਵੱਖਰਾ ਸੀ। ਜਿਸ ਕਰਕੇ ਬਹੁਤੇ ਸ਼ਾਇਰਾਂ ਨੂੰ ਉਹ ਅੰਦਰੋਂ ਮਾਫਕ ਨਹੀਂ ਸਨ। ਭਲੇ ਉਨ੍ਹਾਂ ਸੂ.ਫ਼ੀ ਕਾਵਿ ਵੀ ਲਿਖਿਐ ਪਰ ਨਾਲ ਹੀ ਉਨ੍ਹਾਂ ਵਿਚ ਕਰੀਬ ਆਮ ਸਾਧਾਰਨ ਬੰਦਿਆਂ ਵਾਲੇ ਸਭ ਐਬ ਸਨ। ਜੇ ਨਾ ਹੁੰਦੇ ਤਾਂ ਸ਼ੈਦ ਲੋਕ .ਗ਼ਾਲਿਬ ਨੂੰ ਮੁਹੰਮਦ ਸਾਹਿਬ ਦਾ ਵਲੀ ਸਮਝ ਲੈਂਦੇ।

# ਸ਼ਿਆਮ ਬੈਨੇਗਲ ਹੋਣ ਦੇ ਅਰਥ

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



90 ਸਾਲ 9 ਦਿਨ ਇਸ ਧਰਤੀ ’ਤੇ ਗੁਜ਼ਾਰ ਕੇ ਸ਼ਿਆਮ ਬੈਨੇਗਲ ਫ਼ਿਲਮ ਜਗਤ ਦੇ ਇਤਿਹਾਸ ਵਿਚ ਆਪਣਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਾ ਗਏ। ਉਹ ਦਸੰਬਰ ਮਹੀਨੇ ਇਸ ਦੁਨੀਆਂ ਵਿਚ ਆਏ ਅਤੇ ਦਸੰਬਰ ਮਹੀਨੇ ਹੀ ਤੁਰ ਗਏ।

ਉਨ੍ਹਾਂ ਦੇ ਪਿਤਾ ਫੋਟੋਗ੍ਰਾ.ਫ਼ਰ ਸਨ। ਉਨ੍ਹਾਂ ਤੋਂ ਪ੍ਰਭਾਵਤ ਹੋ ਕੇ ਉਹ ਕੈਮਰੇ ਦੀ ਦੁਨੀਆਂ ਵਿਚ ਪ੍ਰਵੇਸ਼ ਕਰ ਗਏ। ਅਜੇ 12 ਸਾਲ ਦੇ ਹੀ ਸਨ ਕਿ ਪਿਤਾ ਜੀ ਦੇ ਕੈਮਰੇ ਨਾਲ ਪਹਿਲੀ ਫ਼ਿਲਮ ਬਣਾ ਦਿੱਤੀ।

ਉਨ੍ਹਾਂ ਦੀ ਵਿਸ਼ੇਸ਼ਤਾ ਇਹ ਸੀ ਕਿ ਉਹ ਸਮਾਜਿਕ ਸਰੋਕਾਰਾਂ ਦੀ ਗੱਲ ਕਰਦੇ ਸਨ। ਸਮਾਜਿਕ ਮੁੱਦਿਆਂ ’ਤੇ ਫ਼ਿਲਮ ਬਣਾਉਂਦੇ ਸਨ। ਅੰਕੁਰ, ਜਨੂੰਨ, ਨਿਸ਼ਾਂਤ, ਮੰਥਨ, ਭੂਮਿਕਾ, ਮੰਡੀ, ਜ਼ੁਬੈਦਾ ਅਤੇ ਵੈੱਲਕਮ ਟੂ ਸੱਜਨਪੁਰ ਇਸੇ ਸ਼੍ਰੇਣੀ ਦੀਆਂ ਫ਼ਿਲਮਾਂ ਸਨ।

ਭਾਰਤੀ ਫ਼ਿਲਮਾਂ ਨੂੰ ਨਵੀਂ ਦਿਸ਼ਾ ਦੇਣ ’ਚ ਸ਼ਿਆਮ ਬੈਨੇਗਲ ਦੀ ਵਿਸ਼ੇਸ਼ ਭੂਮਿਕਾ ਰਹੀ। ਇਸੇ ਭੂਮਿਕਾ ਤਹਿਤ ਉਨ੍ਹਾਂ ਹਿੰਦੀ ਫ਼ਿਲਮ ਜਗਤ ਨੂੰ ਸ਼ਬਾਨਾ ਆਜ਼ਮੀ, ਦੀਪਤੀ ਨਵਲ, ਨਸੀਰੂਦੀਨ ਸ਼ਾਹ, ਕੁਲਭੂਸ਼ਨ ਖਰਬੰਦਾ, ਸਮਿਤਾ ਪਾਟਿਲ, ਓਮਪੁਰੀ ਵਰਗੇ ਨਵੇਂ ਅਦਾਕਾਰ ਦਿੱਤੇ।

ਪਦਮ ਸ੍ਰੀ ਅਤੇ ਪਦਮ ਭੂਸ਼ਨ ਸਮੇਤ ਅਨੇਕਾਂ ਪੁਰਸਕਾਰ, ਮਾਣ ਸਨਮਾਨ ਉਨ੍ਹਾਂ ਨੂੰ ਮਿਲੇ।



1970-80 ਦੇ ਦਹਾਕਿਆਂ ’ਚ ਸ਼ਿਆਮ ਬੈਨੇਗਲ ਦੀਆਂ ਫ਼ਿਲਮਾਂ ਦੀ ਚਾਰੇ ਪਾਸੇ ਚਰਚਾ ਸੀ। ਇਕ ਪਾਸੇ ਹਲਕੀਆਂ ਫੁਲਕੀਆਂ ਮਨੋਰੰਜਕ ਫ਼ਿਲਮਾਂ ਬਣ ਰਹੀਆਂ ਸਨ, ਦੂਸਰੇ ਪਾਸੇ ਇਨ੍ਹਾਂ ਦੇ ਬਰਾਬਰ ਗਹਿਰ ਗੰਭੀਰ, ਅਰਥ ਭਰਪੂਰ ਤੇ ਸਮਾਜਿਕ ਸਰੋਕਾਰਾਂ ਨਾਲ ਜੁੜੀਆਂ ਫ਼ਿਲਮਾਂ ਬਣਾ ਕੇ ਸ਼ਿਆਮ ਬੈਨੇਗਲ ਨੇ ਸਭ ਦਾ ਧਿਆਨ ਖਿੱਚਿਆ।

ਉਹ ਅਨੁਸ਼ਾਸਨ ਵਿਚ ਰਹਿ ਕੇ ਫ਼ਿਲਮਾਂ ਬਨਾਉਣ ਵਾਲੇ ਫ਼ਿਲਮਕਾਰ ਸਨ। ਕਲਾਕਾਰ ਨੂੰ ਆਪਣੇ ਕਿਰਦਾਰ ਵਿਚ ਉਤਰਨ ਦਾ ਪੂਰਾ ਮੌਕਾ, ਪੂਰਾ ਸਮਾਂ ਦਿੰਦੇ ਸਨ ਪਰ ਹਰੇਕ ਨੂੰ ਹਦਾਇਤ ਹੁੰਦੀ ਸੀ ਕਿ ਸ਼ੂਟਿੰਗ ਤੋਂ ਪਹਿਲਾਂ ਚੰਗੀ ਤਰ੍ਹਾਂ ਹੋਮਵਰਕ ਕਰਕੇ ਆਉਣ।

ਉਨ੍ਹਾਂ ਦੁਆਰਾ ਤਿਆਰ ਕੀਤੇ ਟੈਲੀਵਿਜ਼ਨ ਲੜੀਵਾਰ ‘ਭਾਰਤ ਏਕ ਖੋਜ’ ਅਤੇ ਯਾਤਰਾ ਬੜੇ ਅਰਥ ਭਰਪੂਰ ਸਨ ਅਤੇ ਬੜੇ ਚਰਚਿਤ ਹੋਏ ਸਨ।

ਹੈਦਰਾਬਾਦ ਫ਼ਿਲਮ ਸੁਸਾਇਟੀ ਦੀ ਸਥਾਪਨਾ ਕਰਕੇ ਉਨ੍ਹਾਂ ਆਪਣੇ ਸ਼ਾਨਦਾਰ ਫ਼ਿਲਮ ਸ.ਫ਼ਰ ਦੀ ਸ਼ੁਰੂਆਤ ਕੀਤੀ। ਜਨੂੰਨ ਜਿਹੀਆਂ ਫ਼ਿਲਮਾਂ ਨੇ ਉਨ੍ਹਾਂ ਦੀ ਸਮਝ ਤੇ ਸਮਰੱਥਾ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਰੰਗਮੰਚ ਪਿਛੋਕੜ ਵਾਲੇ ਪ੍ਰਤਿਭਾਸ਼ਾਲੀ ਕਲਾਕਾਰਾਂ ਨੂੰ ਫ਼ਿਲਮਾਂ ਵਿਚ ਬਾਖ਼ੂਬੀ ਵਰਤਿਆ ਤੇ ਉਭਾਰਿਆ।

ਸ਼ਿਆਮ ਬੈਨੇਗਲ ਨੂੰ ਲਕੀਰ ਤੋਂ ਹਟ ਕੇ ਫ਼ਿਲਮਾਂ ਬਨਾਉਣ ਦਾ ਜਨੂੰਨ ਸੀ ਅਤੇ ਇਸੇ ਜਨੂੰਨ ਨਾਲ ਉਨ੍ਹਾਂ 50 ਸਾਲ ਤੋਂ ਵੀ ਲੰਮਾ ਫ਼ਿਲਮੀ ਸ.ਫ਼ਰ ਤੈਅ ਕੀਤਾ। ਇਕ ਵਾਰ ਇੰਦਰਾ ਗਾਂਧੀ ਨੇ ਉਨ੍ਹਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਸੀ, “ਉਨ੍ਹਾਂ ਦੀਆਂ ਫ਼ਿਲਮਾਂ ਇਨਸਾਨੀਅਤ ਨੂੰ ਆਪਣੇ ਮੂਲ ਰੂਪ ਵਿਚ ਤਲਾਸ਼ਦੀਆਂ ਹਨ।” ਸਤਿਯਾ ਜੀਤ ਰੇਅ ਦੇ ਜਾਣ ਬਾਅਦ ਸ਼ਿਆਮ ਬੈਨੇਗਲ ਨੇ ਉਨ੍ਹਾਂ ਦੀ ਵਿਰਾਸਤ ਨੂੰ ਬਾਖ਼ੂਬੀ ਸੰਭਾਲਿਆ। ਹੁਣ ਸ਼ਿਆਮ ਬੈਨੇਗਲ ਦੀ ਵਿਰਾਸਤ ਨੂੰ ਕੌਣ ਸੰਭਾਲੇਗਾ ਇਹ ਵੱਡਾ ਸਵਾਲ ਹੈ।

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਆਪਣੇ ਸ਼ੋਕ-ਸੰਦੇਸ਼ ’ਚ ਲਿਖਿਆ ਹੈ, “ਸ਼੍ਰੀ ਸ਼ਿਆਮ ਬੈਨੇਗਲ ਜੀ ਦੇ ਜਾਣ ’ਤੇ ਬਹੁਤ ਦੁੱਖ ਹੋਇਆ। ਉਨ੍ਹਾਂ ਦੀ ਕਹਾਣੀ ਕਹਿਣ ਦੀ ਕਲਾ ਨੇ ਭਾਰਤੀ ਸਿਨੇਮਾ ’ਤੇ ਗਹਿਰਾ ਪ੍ਰਭਾਵ ਪਾਇਆ। ਉਨ੍ਹਾਂ ਦੇ ਕੰਮ ਨੂੰ ਹਮੇਸ਼ਾ ਸਰਾਹਿਆ ਜਾਂਦਾ ਰਹੇਗਾ।”

ਸ਼ਿਆਮ ਬੈਨੇਗਲ ਨੇ ਭਾਰਤੀ ਸਿਨੇਮਾ ਨੂੰ ਵਿਸ਼ਵ ਪੱਧਰ ’ਤੇ ਸਥਾਪਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਦੀ ਇਸ ਭੂਮਿਕਾ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਦੀ ਪਹਿਚਾਣ ਅਲੱਗ ਸੋਚ ਅਲੱਗ ਧਾਰਾ ਦੇ ਸਿਨੇਮਾ ਨੂੰ ਮੁੱਖ ਧਾਰਾ ਦੇ ਸਿਨੇਮਾ ਨਾਲ ਜੋੜਨ ਕਰਕੇ ਹੈ। ਉਹ ਹਿੰਦੀ ਸਿਨੇਮਾ ਨੂੰ ਪਾਪੂਲਰ ਸਿਨੇਮਾ ਤੋਂ ਸਾਰਥਿਕ ਸਿਨੇਮਾ ਵੱਲ ਲੈ ਗਏ।

2007 ’ਚ ਉਨ੍ਹਾਂ ਨੂੰ ਦਾਦਾ ਸਾਹਿਬ ਫਾਲਕੇ ਪੁਰਸਕਾਰ ਮਿਲਿਆ ਅਤੇ ਪੰਜ ਵਾਰ ਰਾਸ਼ਟਰੀ ਫ਼ਿਲਮ ਪੁਰਸਕਾਰ ਨਾਲ ਨਵਾਜਿਆ ਗਿਆ।

14 ਦਸੰਬਰ 2024 ਨੂੰ ਉਨ੍ਹਾਂ ਨੇ ਆਪਣਾ 90ਵਾਂ ਜਨਮ ਦਿਨ ਮਨਾਇਆ, ਜਿਸ ਵਿਚ ਸ਼ਬਾਨਾ ਆਜ਼ਮੀ, ਕੁਲਭੂਸ਼ਨ ਖਰਬੰਦਾ, ਨਸੀਰੂਦੀਨ ਸ਼ਾਹ, ਦਿਵਿਆ ਦੱਤਾ, ਰਜਿਤ ਕਪੂਰ, ਕਨਾਲ ਕਪੂਰ ਸ਼ਾਮਲ ਹੋਏ ਸਨ। ਇਸ ਮੌਕੇ ਦੀ ਇਕ ਬੜੀ ਪਿਆਰੀ ਤਸਵੀਰ ਸ਼ਬਾਨਾ ਆਜ਼ਮੀ ਨੇ ਸੋਸ਼ਲ ਮੀਡੀਆ ’ਤੇ ਸਾਂਝੀ ਕੀਤੀ ਸੀ।

ਅੱਜ ਜਦ ਉਹ ਸਾਡੇ ਦਰਮਿਆਨ ਨਹੀਂ ਰਹੇ, ਤਾਂ ਮੰਡੀ ਤੋਂ ਲੈ ਕੇ ਕਲਯੁੱਗ ਤੱਕ ਦਾ ਉਨ੍ਹਾਂ ਦਾ ਲੰਮਾ ਫ਼ਿਲਮੀ ਸ.ਫ਼ਰ ਅੱਖਾਂ ਅੱਗੋਂ ਲੰਘ ਗਿਆ।

# ਸਾਂਝੇ ਭਾਈਚਾਰੇ ਲਈ ਮਸ਼ਹੂਰ ਦੁਬਈ ਦਾ ਗੁਰੂ ਨਾਨਕ ਦਰਬਾਰ

## ਟੋਰਾਂਟੋ ਤੋਂ ਦੁਬਈ ਦੂਰ

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
ਪੰਜਾਬ ਮੇਲ USA





ਅੱਜ ਅਸੀਂ ਦੁਬਈ ਦੇ ਆਲੀਸ਼ਾਨ ਗੁਰੂ ਘਰ ਗੁਰੂ ਨਾਨਕ ਦਰਬਾਰ ਬਾਰੇ ਚਰਚਾ ਕਰ ਰਹੇ ਹਾਂ। ਸੰਯੁਕਤ ਅਰਬ ਅਮੀਰਾਤ ਦਾ ਸਮੁੱਚਾ ਸਿੱਖ ਭਾਈਚਾਰਾ ਸਿੱਖ ਧਰਮ ਅਸਥਾਨ ਦੀ ਉਸਾਰੀ ਦੇ ਨੇਕ ਉਦੇਸ਼ ਲਈ ਇਹ ਜ਼ਮੀਨ ਦੇਣ ਲਈ ਮਹਾਮਹਿਮ ਸ਼ੇਖ ਮੁਹੰਮਦ ਬਿਨ ਰਾਸ਼ਿਦ ਅਲ਼ ਮਕਤੂਮ ਦੀ ਦਿਆਲਤਾ ਅਤੇ ਉਦਾਰਤਾ ਲਈ ਗਹਿਰਾਈ ਨਾਲ ਰਿਣੀ ਰਹੇਗਾ।

ਭਾਰਤ ਅਤੇ ਯੂ.ਏ.ਈ. ਨੇ ਆਮ ਤੌਰ 'ਤੇ ਸੁਖਾਵੇਂ ਸਬੰਧਾਂ ਨੂੰ ਅੱਗੇ ਹੀ ਰੱਖਿਆ ਹੈ। ਆਂਸ਼ਕ ਤੌਰ 'ਤੇ ਏਸ਼ੀਆ 'ਚ ਬ੍ਰਿਟਿਸ਼ ਮੌਜੂਦਗੀ ਦੇ ਨਾਲ ਉਨ੍ਹਾਂ ਦੇ ਸਾਂਝੇ ਇਤਿਹਾਸ ਦੇ ਕਾਰਨ, ਵਪਾਰ ਸਮਝੌਤੇ ਦੇ ਨਾਲ, ਦੁਬਈ ਧਾਰਮਿਕ ਸਹਿਣਸ਼ੀਲਤਾ ਦਾ ਇੱਕ ਓਏਸਿਸ ਹੈ। ਕਮਿਊਨਿਟੀ ਦੇ ਲੀਡਰਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਲਈ ਇੱਕ ਵੱਡੀ ਥਾਂ ਬਣਾਉਣ ਦੀ ਸੰਭਾਵਨਾ ਵੱਲ ਧਿਆਨ ਦਿੱਤਾ ਗਿਆ। ਇੱਕ ਸਮਾਂ ਸੀ, ਜਦੋਂ 5 ਪਰਿਵਾਰਾਂ ਤੋਂ 50 ਪਰਿਵਾਰਾਂ ਦਾ ਆਪਸੀ ਸਹਿਯੋਗ ਮਿਲਣਾ ਸ਼ੁਰੂ ਹੋ ਗਿਆ। ਸਮੂਹ ਭਾਈਚਾਰਾ ਯਾਨੀ ਹਰ ਪਰਿਵਾਰ ਰੱਲ-ਮਿਲ ਕੇ ਰੋਟੀਆਂ, ਦਾਲ, ਸਬਜ਼ੀਆਂ ਆਪਣੇ ਘਰੋਂ ਬਣਾ ਕੇ ਲਿਆਂਦੇ ਅਤੇ ਆਨੰਦ ਮਾਣਦੇ ਸਨ। ਭਾਵੇਂ ਅਸਥਾਈ ਗੁਰਦੁਆਰੇ ਤੌਰ 'ਤੇ ਪਰ ਇੱਕਠੇ ਹੁੰਦੇ ਰਹੇ। ਉਸ ਸਮੇਂ ਇੱਕ ਇਸਲਾਮੀ ਰਾਜ ਦੇ ਦਿਲ 'ਚ ਇੱਕ ਸਥਾਈ ਅਤੇ ਸਰਕਾਰੀ ਗੁਰਦੁਆਰਾ ਬਣਾਉਣ ਦੀ ਸੋਚ ਨੂੰ ਇੱਕ ਅਰਬੀ ਮਿਰਜ਼ੇ ਤੋਂ ਘੱਟ ਨਹੀਂ ਮੰਨਿਆ ਜਾਂਦਾ ਸੀ। 27 ਸਾਲ ਪਹਿਲਾਂ ਸ਼ੁਰੂ ਹੋਏ ਯਤਨ ਬਰਾਬਰ ਜਾਰੀ ਰਹੇ। ਉਹ ਸਮਾਂ ਆ ਗਿਆ, ਜਦ ਯੂ.ਏ.ਈ. ਦੇ ਉਪ-ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਸ਼ੇਖ ਮੁਹੰਮਦ ਬਿਨ ਰਾਸ਼ਿਦ ਅਲ ਮਖਤੂਮ ਨੇ ਆਪਣੀ ਕਮਿਊਨਿਟੀ ਨੂੰ ਗੁਰੂ ਘਰ ਬਣਾਉਣ ਲਈ ਜ਼ਮੀਨ ਦੇ ਦਿੱਤੀ। ਇਮਾਮਾਂ ਦੀ ਕੌਂਸਲ ਵੱਲੋਂ ਦਿੱਤੀ ਸਹਿਮਤੀ ਨੇ ਆਪਣੇ ਭਾਈਚਾਰੇ ਦੇ ਹਰ ਦਿਲ ਨੂੰ ਖੁਸ਼ ਕਰ ਦਿੱਤਾ। ਜੂਨ 2010 'ਚ, ਗੁਰੂ ਨਾਨਕ ਦਰਬਾਰ ਦੀ ਨੀਂਹ ਪੂਰੇ ਰਸਮਾਂ ਨਾਲ ਰੱਖੀ ਗਈ ਸੀ। ਦੁਬਈ ਦੀ ਰੇਤੀਲੀ ਧਰਤੀ 'ਤੇ ਇਹ ਪਹਿਲਾ ਅਧਿਕਾਰਤ ਗੁਰੂ ਘਰ ਬਣਾਉਣ ਲਈ ਮਾਡਰਨ ਤਕਨੀਕ ਵਰਤੀ ਗਈ।

ਅੰਤਰਰਾਸ਼ਟਰੀ ਪੱਧਰ 'ਤੇ ਮਸ਼ਹੂਰ ਦੁਬਈ ਸਥਿਤ ਆਰਕੀਟੈਕਟ ਫਰਮ ਹੋਲਫੋਰਡ ਐਸੋਸੀਏਟਸ ਨੇ ਇਸ ਦੁਬਈ ਗੁਰਦੁਆਰੇ ਨੂੰ ਡਿਜ਼ਾਈਨ ਕੀਤਾ। ਹੋਲਫੋਰਡ ਐਸੋਸੀਏਟਸ ਨੂੰ ਪਹਿਲਾਂ ਹੀ ਕਰੀਬ 20 ਚਰਚਾਂ, ਚਾਰ ਮਸਜ਼ਿਦਾਂ ਅਤੇ 1 ਮੰਦਰ ਦਾ ਕ੍ਰੈਡਿਟ ਦਿੱਤਾ ਗਿਆ ਹੈ। ਯੂ.ਕੇ. ਦੇ ਰਿਚਰਡ ਐਡਮਜ਼ ਤੋਂ ਵੀ ਸਲਾਹ ਲਈ ਗਈ ਸੀ, ਜੋ ਲੰਡਨ ਸਾਊਥਾਲ ਸਥਿਤ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਨਾਲ ਜੁੜੇ ਹੋਏ ਹਨ। ਗੁਰੂ ਨਾਨਕ ਦਰਬਾਰ, ਦੁਬਈ ਦੀ ਉਸਾਰੀ ਦੁਨੀਆਂ ਭਰ ਦੇ ਕਈ ਗੁਰਦੁਆਰਿਆਂ ਦੇ ਆਰਕੀਟੈਕਚਰ ਅਤੇ ਉਸਾਰੀ ਦੇ ਤੁਲਨਾਤਮਕ ਸਟੱਡੀ ਤੋਂ ਸਿੱਖਣ 'ਤੇ ਆਧਾਰਿਤ ਸੀ। ਪਾਲ ਬਿਸ਼ਪ ਅਤੇ ਡਿਜ਼ਾਈਨਰ ਅਰਾਫੇਹ ਬਸ਼ੀਰ ਨੇ ਹਰਿਮੰਦਰ ਸਾਹਿਬ ਦਾ ਦੌਰਾ ਕੀਤਾ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਫਰੈਸਕੋ ਅਤੇ ਕੰਧ ਚਿੱਤਰਕਾਰੀ ਦਾ ਅਧਿਐਨ ਕੀਤਾ।

ਗੁਰੂ ਨਾਨਕ ਦਰਬਾਰ ਦੀ ਉਸਾਰੀ ਦਾ ਕੰਮ ਮਈ 2008 ਤੋਂ ਸ਼ੁਰੂ ਹੋ ਕੇ ਦਸੰਬਰ 2011 'ਚ ਮੁਕੰਮਲ ਹੋ ਗਿਆ ਸੀ। ਆਰਕੀਟੈਕਚਰਲ ਕੰਪਨੀਆਂ ਨੂੰ 12, 500 ਵਰਗ ਫੁੱਟ 'ਤੇ 3 ਮੰਜ਼ਿਲਾ ਢਾਂਚੇ ਨੂੰ ਰੂਪ ਦੇਣ ਲਈ 2 ਸਾਲ ਲੱਗ ਗਏ। ਇਸਦੇ ਨਿਰਮਾਣ 'ਚ ਕੋਈ ਸਮਝੌਤਾ ਨਹੀਂ ਕੀਤਾ ਗਿਆ, ਤਾਂਕਿ ਕਮਿਊਨਿਟੀ ਦੀ ਇਸ ਇਮਾਰਤ ਦਾ ਆਉਣ ਵਾਲੀਆਂ ਪੀੜ੍ਹੀਆਂ ਇਸਦੀ ਵਰਤੋਂ ਕਰ ਸਕਣ। 17 ਜਨਵਰੀ 2012 ਵਾਲੇ ਦਿਨ ਖਾੜੀ ਖੇਤਰ ਦੇ ਸਭ ਤੋਂ ਵੱਡੇ ਗੁਰਦੁਆਰੇ ਨੂੰ ਯੂ.ਏ.ਈ. 'ਚ 50,000 ਤੋਂ ਵੱਧ ਸ਼ਰਧਾਲੂਆਂ ਲਈ ਖੋਲ੍ਹਣ ਦਾ ਐਲਾਨ ਕੀਤਾ ਗਿਆ ਸੀ। ਇਸ ਸ਼ਾਨਦਾਰ ਇਮਾਰਤ 'ਤੇ 65 ਮਿਲੀਅਨ ਦਿਰਹਾਮ ਜਾਂ 20 ਮਿਲੀਅਨ ਯੂ.ਐੱਸ. ਡਾਲਰ ਤੋਂ ਵੱਧ ਖਰਚ ਕੀਤਾ ਗਿਆ ਸੀ। ਇਸ ਇਤਿਹਾਸਕ ਪੱਲ ਲਈ, ਯੂ.ਏ.ਈ. ਵੱਲੋਂ ਸ਼ਾਨਦਾਰ ਇਸ਼ਾਰਾ ਸੀ ਅਤੇ ਸਾਂਝੇ ਭਾਈਚਾਰੇ ਅਤੇ ਯੂ.ਏ.ਈ. ਸਰਕਾਰ ਦੇ ਸਬੰਧਾਂ 'ਚ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਦਾ ਸੰਕੇਤ ਸੀ।




ਰਵਾਇਤੀ ਇਮਾਰਤ ਸ਼ੈਲੀ ਦਾ ਸੁਮੇਲ, ਅਤਿ-ਆਧੁਨਿਕ ਗੁਰਦੁਆਰਾ ਆਰਕੀਟੈਕਚਰਲ ਡਿਜ਼ਾਈਨ ਦਾ ਇੱਕ ਦੁਰਲੱਭ ਹਿੱਸਾ ਹੈ। ਗੁਰੂ ਨਾਨਕ ਦਰਬਾਰ ਅੰਦਰ ਅਰਦਾਸ ਕਰਕੇ ਇੱਕ ਸੱਚੀ ਸ਼ਾਂਤੀ ਅਤੇ ਸਕੂਨ ਮਿਲਦਾ ਹੈ। ਇਹ ਇਮਾਰਤ 21,000 ਵਰਗ ਫੁੱਟ ਜ਼ਮੀਨੀ 'ਚ ਡਾਈਨਿੰਗ ਹਾਲ, ਰਸੋਈ, ਪੈਂਟਰੀ ਅਤੇ ਸਟੋਰ ਰੂਮ ਹਨ। ਸੜਕ ਦੇ ਅਗਲੇ ਹਿੱਸੇ ਦੇ ਆਲੇ-ਦੁਆਲੇ ਵਗਦਾ ਜਲ-ਪ੍ਰਵਾਹ ਹਰਿਮੰਦਰ ਸਾਹਿਬ ਦੇ ਸਰੋਵਰ ਤੋਂ ਪ੍ਰੇਰਿਤ ਹੈ। ਪਹਿਲੀ ਮੰਜ਼ਿਲ 'ਤੇ ਥੰਮ੍ਹ-ਰਹਿਤ ਪ੍ਰਾਰਥਨਾ ਹਾਲ ਦੇ 2-2 ਦਰਵਾਜ਼ੇ ਹਨ, ਜੋ ਇਸ ਵੱਲ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਲਈ ਸੋਨੇ ਦੀਆਂ ਛਤਰੀਆਂ ਹਨ। ਕੰਧਾਂ ਅਤੇ ਫਰਸ਼ 'ਤੇ ਇਤਾਲਵੀ ਸੰਗਮਰਮਰ, ਤੇ ਮੁਰਾਨੋ, ਇਟਲੀ ਤੋਂ ਸ਼ਾਨਦਾਰ ਝੰਡੇ ਸਥਿਤ ਹਨ। ਹਾਲ ਦੇ ਵਿਚਕਾਰ ਇੱਕ ਉੱਚਾ ਥੜਾ ਹੈ, ਜੋ ਕਿ ਫਰਸ਼ ਤੋਂ ਕਰੀਬ 1 ਮੀਟਰ ਉੱਪਰ ਹੈ, ਜਿਸਦੇ ਚਾਰੇ ਪਾਸਿਆਂ 'ਤੇ ਸੋਨੇ ਦੇ ਥੰਮ੍ਹ ਹਨ। ਪਲੇਟਫਾਰਮ ਦੇ ਉੱਪਰ ਸੋਨੇ ਦਾ ਕਮਲ-ਆਕਾਰ ਦਾ ਗੁੰਬਦ ਹੈ। ਇਸ ਗੋਲਡ ਪਲੇਟਿਡ ਗੁੰਬਦ ਦੇ ਅੰਦਰ ਕਪੜੇ ਦੇ ਇੱਕ ਟੁਕੜੇ ਨਾਲ ਕਤਾਰਬੱਧ ਕੀਤਾ ਗਿਆ ਹੈ, ਜਿਸਦੇ ਆਲੇ-ਦੁਆਲੇ ਕਿਨਾਰੇ 'ਤੇ ਸੋਨੇ ਦੀ ਕਿਨਾਰੀ ਹੈ, ਇੱਕ ਸ਼ਾਹੀ ਪ੍ਰਤੀਕ ਹੈ।

ਥੜੇ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਜਦੋਂ ਤੋਂ ਇਹ ਪ੍ਰਕਾਸ਼ ਹੋਇਆ ਹੈ, ਸ੍ਰੀ ਹਰਿਮੰਦਰ ਸਾਹਿਬ 'ਚ ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉੱਪਰ ਚੰਦੋਆ ਸਾਹਿਬ- ਇੱਕ ਛਤਰ-ਛਾਇਆ ਹੈ। ਇਸ ਨੂੰ ਕਈ ਰੁਮਾਲਾ ਸਾਹਿਬ ਜਾਂ ਕੱਪੜੇ ਦੇ ਚੋਰਸ ਟੁੱਕੜਿਆਂ ਨਾਲ ਢੱਕਿਆ ਜਾਂਦਾ ਹੈ। ਚੰਦੋਆ ਦਾ ਸ਼ਾਬਦਿਕ ਅਰਥ ਹੈ ਚੰਦਰਮਾ ਦਾ ਸ਼ਿਲਾਲੇਖ ਵਾਲਾ ਢੱਕਣ। ਇਸਦਾ ਮੂਲ ਇਸਲਾਮੀ ਸੱਭਿਆਚਾਰ 'ਚ ਹੈ। ਪੂਰਾ ਦਿਨ ਪਾਵਨ ਅਸਥਾਨ ਗੁਰਬਾਣੀ ਦੀਆਂ ਧੁੰਨਾਂ ਨਾਲ ਗੂੰਜਦਾ ਰਹਿੰਦਾ ਹੈ। ਰੋਜ਼ਾਨਾ ਹਜ਼ਾਰਾਂ ਦੀ ਗਿਣਤੀ 'ਚ ਸ਼ਰਧਾਲੂ ਅਰਦਾਸ, ਸ਼ੁਕਰਾਨਾ ਕਰਨ ਲਈ ਆਉਂਦੇ ਹਨ। ਇੱਥੇ ਜਾਤ ਜਾਂ ਧਰਮ ਦੀ ਪ੍ਰਵਾਹ ਕੀਤੇ ਬਿਨਾਂ ਹਰ ਇੱਕ ਦਾ ਨਿੱਘਾ ਸਵਾਗਤ ਕੀਤਾ ਜਾਂਦਾ ਹੈ।

ਸ਼ਰਧਾਲੂ-ਸੰਗਤਾਂ ਲਈ ਨਿੱਜੀ ਅਖੰਡ ਪਾਠ ਸਾਹਿਬ, ਸਹਿਜ ਪਾਠ, ਸੁਖਮਨੀ ਸਾਹਿਬ ਪਾਠ, ਕੀਰਤਨ, ਲੰਗਰ, ਬੱਚੇ ਦੇ ਨਾਮਕਰਨ ਦੀ ਰਸਮ, ਬਾਲ ਅੰਮ੍ਰਿਤ ਸਮਾਗਮ, ਆਨੰਦ ਕਾਰਜ ਦੀ ਰਸਮ, ਵਿਆਹ ਸਬੰਧੀ ਸੇਵਾਵਾਂ, ਸ਼ੋਕ ਜਾਂ ਯਾਦਗਾਰੀ ਪ੍ਰਾਰਥਨਾ, ਜਨਮਦਿਨ ਜਾਂ ਵਰ੍ਹੇਗੰਢ ਦੀ ਪ੍ਰਾਰਥਨਾ, ਸੇਵਾਵਾਂ ਵੀ ਦਿੱਤੀਆਂ ਜਾ ਰਹੀਆਂ ਹਨ। ਗੁਰਬਾਨੀ-ਕੀਰਤਨ ਦੀਆਂ ਕਲਾਸਾਂ ਦੇ ਨਾਲ ਮੈਡੀਟੇਸ਼ਨ ਅਤੇ ਲਾਇਬ੍ਰੇਰੀ ਦੀ ਸੁਵਿਧਾ ਵੀ ਹੈ। ਸਮਾਰੋਹ ਹਾਲ ਦੀ ਕੈਪੇਸਿਟੀ ਕਰੀਬਨ 3000 ਦੀ ਹੈ। ਵਿਆਹ, ਸਮਾਗਮਾਂ ਦੀ ਰਸਮਾਂ ਲਈ ਵਧੀਆ ਸਟੇਜ ਵੀ ਬਣਾਈ ਹੋਈ ਹੈ। ਇਸ ਗੁਰੂ ਨਾਨਕ ਦਰਬਾਰ ਵਿਖੇ, ਲੰਗਰ ਹਾਲ, ਜਿੱਥੇ ਇੱਕੋ ਸਮੇਂ 900 ਲੋਕ ਇੱਕਠੇ ਬੈਠ ਸਕਦੇ ਹਨ। ਦੱਸਿਆ ਗਿਆ ਕਿ ਗੁਰੂ ਘਰ ਦੀ ਮਾਡਰਨ ਰਸੋਈ 'ਚ ਹਰ ਹਫਤੇ 700 ਕਿਲੋ ਤੋਂ ਵੱਧ ਚਾਵਲ, 1200 ਕਿਲੋ ਕਣਕ ਦਾ ਆਟਾ ਅਤੇ 200 ਕਿਲੋ ਘੀ ਇਸਤੇਮਾਲ ਹੋ ਜਾਂਦਾ ਹੈ। ਗੁਰੂ ਨਾਨਕ ਦਰਬਾਰ ਅੰਦਰ ਧਰਮ ਦੇ ਸਿਧਾਂਤਾਂ ਅਨੁਸਾਰ ਸਾਂਝੇ ਭਾਈਚਾਰੇ ਦਾ ਪੂਰਾ ਸਤਿਕਾਰ ਕੀਤਾ ਜਾਂਦਾ ਹੈ। ਯੂ.ਏ.ਈ. ਜ਼ਿਆਦਾਤਰ ਬਲੂ-ਕਾਲਰ ਵਰਕਰ ਆਪਣੇ ਪਰਿਵਾਰਾਂ ਤੋਂ ਦੂਰ ਹਨ। ਉਨ੍ਹਾਂ ਨੂੰ ਇੱਥੇ ਇੱਕ-ਦੂਜੇ ਨੂੰ ਮਿਲਣ ਦਾ ਵਧੀਆ ਮੌਕਾ ਵੀ ਮਿਲ ਜਾਂਦਾ ਹੈ।

ਪਤਾ ਲੱਗਾ ਕਿ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਕਈ ਸਿੰਧੀ, ਹਿੰਦੂ ਪੰਜਾਬੀਆਂ ਤੋਂ ਇਲਾਵਾ ਕਈ ਅਫਗਾਨੀ ਸਿੱਖ ਵੀ ਨਮਾਜ਼ ਅਦਾ ਕਰਨ ਆਉਂਦੇ ਹਨ। ਗੁਰੂ ਨਾਨਕ ਦਰਬਾਰ ਦੁਬਈ, ਯੂ.ਕੇ., ਅਮਰੀਕਾ, ਏਸ਼ੀਆ, ਯੂਰਪ, ਦੂਰ ਪੂਰਬ, ਅਫਰੀਕਾ, ਆਸਟ੍ਰੇਲੀਆ, ਕੈਨੇਡਾ ਤੋਂ ਆਉਣ ਵਾਲੇ ਟੂਰਿਸਟਾਂ ਲਈ ਖਿੱਚ ਦਾ ਕੇਂਦਰ ਹੈ। ਦੁਬਈ ਦੇ ਸੈਰ ਸਪਾਟਾ ਅਤੇ ਵਣਜ ਮਾਰਕੀਟਿੰਗ ਵਿਭਾਗ ਨੇ ਗੁਰੂ ਨਾਨਕ ਦਰਬਾਰ ਨੂੰ ਦੁਬਈ 'ਚ ਮਿਲਣ ਵਾਲੇ ਆਕਰਸ਼ਣਾਂ ਦੀ ਸੂਚੀ 'ਚ ਸ਼ਾਮਲ ਕੀਤਾ ਹੈ। ਸਾਰੇ ਫੈਸਟੀਵਲਸ, 'ਤੇ ਸਾਰੇ ਗੁਰਪੁਰਬ ਸਮਾਗਮ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਏ ਜਾਂਦੇ ਹਨ। ਅਗਲੀ ਬਾਰ ਦੁਬਈ ਦੇ ਹੋਰ ਵਿਸ਼ੇ ਬਾਰੇ ਚਰਚਾ ਕਰਾਂਗੇ।



# ਕਿੰਝ ਆਖਾਂ ਨਵਾਂ ਵਰ੍ਹਾ ਮੁਬਾਰਕ

ਵੇਰਵਾ : ਗੁਰਨੈਬ ਸਾਜਨ
ਪਿੰਡ ਤੇ ਡਾਕਖਾਨਾ ਦਿਉਣ
ਜ਼ਿਲ੍ਹਾ ਬਠਿੰਡਾ (ਪੰਜਾਬ)
98889-55757
ਪੰਜਾਬ ਮੇਲ USA





ਸਮਾਂ ਬੜਾ ਬਲਵਾਨ ਹੁੰਦਾ ਹੈ, ਰਵਾਨਗੀ ਅਤੇ ਲਗਾਤਾਰਤਾ ਇਸ ਦੀ ਵਿਲੱਖਣਤਾ ਹੈ। ਰੁਕਣਾ ਜਾਂ ਇੰਤਜ਼ਾਰ ਕਰਨਾ ਇਸ ਦੇ ਹਿੱਸੇ ਨਹੀਂ ਆਇਆ, ਆਪਣੀ ਗਤੀ ਨਾਲ ਚੱਲਦਿਆਂ ਨਵਾਂ ਸਾਲ ਹਰ ਸਾਲ ਕੌੜੀਆਂ-ਮਿੱਠੀਆਂ ਯਾਦਾਂ ਛੱਡਦਾ ਸਾਡੇ ਕੋਲੋਂ ਰੁਖਸਤ ਹੋ ਜਾਂਦਾ ਹੈ ਅਤੇ ਨਵੇਂ ਵਰ੍ਹੇ ਦਾ ਸੂਰਜ ਆਪਣੀਆਂ ਸੋਨ ਸੁਨਹਿਰੀ ਕਿਰਨਾਂ ਬਿਖੇਰਦਾ ਸਾਡੀਆਂ ਬਰੂਹਾਂ ’ਤੇ ਦਸਤਕ ਦੇਣ ਆ ਜਾਂਦਾ ਹੈ।

ਹਰ ਇੱਕ ਦੀ ਤਮੰਨਾ ਹੁੰਦੀ ਹੈ ਕਿ ਨਵਾਂ ਵਰ੍ਹਾ ਖੁਸ਼ੀਆਂ ਖੇੜੇ ਲੈ ਕੇ ਆਵੇ। ਹਰ ਸਾਲ ਪਹਿਲੀ ਜਨਵਰੀ ਨੂੰ ਕੁਝ ਲੋਕਾਂ ਲਈ ਨਵਾਂ ਵਰ੍ਹਾ ਆਉਂਦਾ ਹੈ ਅਤੇ ਕੁੱਝ ਦੀ ਜ਼ਿੰਦਗੀ ਦਾ ਇੱਕ ਸਾਲ ਘੱਟ ਜਾਂਦਾ ਹੈ। ਆਉਣਾ ਤੇ ਜਾਣਾ ਮਨੁੱਖ ਦੀ ਸਕਾਰਾਤਮਕ ਅਤੇ ਨਕਾਰਾਤਮਕ ਸੋਚਣੀ ਦਾ ਪ੍ਰਤੀਕ ਹੈ। ਸਮਾਂ ਆਪਣੀ ਤੋਰ ਨਿਰੰਤਰ ਪਿਆ ਤੁਰਦਾ ਰਹਿੰਦਾ ਹੈ, ਵਕਤ ਦੀ ਰਵਾਨਗੀ ਤੇ ਮਸਤ ਚਾਲ ਨੂੰ ਕੋਈ ਵੀ ਡੱਕ ਨਹੀਂ ਸਕਦਾ। ਸਮੇਂ ਦੀ ਧੂੜ ਹੇਠ ਬਹੁਤ ਕੁਝ ਦੱਬਿਆ ਵੀ ਜਾਂਦਾ ਤੇ ਨਵੇਂ ਦੇ ਨਾਲ ਬਹੁਤ ਕੁਝ ਸਵੇਰ ਦੀ ਤਰੇਲ ਦੀਆਂ ਬੂੰਦਾਂ ਵਾਂਗ ਚਮਕਣ ਵੀ ਲੱਗਦਾ ਹੈ। ਨਵੇਂ ਵਰ੍ਹੇ ਪਹਿਲਾਂ ਵਾਲੇ ਸਮਿਆਂ ਵਿਚ ਚਿੱਠੀਆਂ ਗ੍ਰੀਟਿੰਗ ਕਾਰਡ ਆਪਣੇ ਮਿੱਤਰ ਸੁਨੇਹੀਆਂ ਰਿਸ਼ਤੇਦਾਰਾਂ ਨੂੰ ਭੇਜੇ ਜਾਂਦੇ ਸਨ, ਪਰ ਹੁਣ ਸਮੇਂ ਦੀ ਚਾਲ ਨੇ ਸਭ ਕੁਝ ਬਦਲਕੇ ਰੱਖ ਦਿੱਤਾ ਹੈ। ਇੰਟਰਨੈਟ ਦਾ ਯੁੱਗ ਹੋਣ ਕਾਰਨ ਨਵੀਆਂ ਤਕਲੀਕਾਂ ਨੇ ਨਵੇਂ ਸਾਲ ਦੇ ਸੁਨੇਹੇ ਨੂੰ ਪਲਾਂ ਵਿਚ ਹੀ ਇੱਕ ਦੂਜੇ ਦੇ ਦਿਲਾਂ ਉੱਪਰ ਦਸਤਕ ਦੇ ਦਿੱਤੀ ਹੈ। ਮੋਬਾਈਲਾਂ ਉੱਪਰ ਇੰਟਰਨੈਟ ਜ਼ਰੀਏ ਹਰ ਕੋਈ ਵਿਅਕਤੀ ਆਪਣੇ ਮਿੱਤਰ ਸਨੇਹੀਆਂ ਨੂੰ ਨਵਾਂ ਸਾਲ ਮੁਬਾਰਕ ਦੇ ਸੁਨੇਹੇ ਭੇਜ ਰਿਹਾ ਹੈ। ਤੇ ਸਾਰੇ ਮੈਸਜਾਂ ਵਿਚ ਨਵੇਂ ਵਰ੍ਹੇ ਦੀਆਂ ਵਧਾਈਆਂ ਸ਼ੁਭਕਾਮਨਾਵਾਂ ਹੋਣ, ਆਉਣ ਵਾਲੇ ਸਾਲ ਵਾਸਤੇ ਸਾਰਿਆਂ ਨੇ ਇੱਕ ਦੂਜੇ ਦੀ ਤਰੱਕੀ ਖੁਸ਼ਹਾਲੀ ਸਿਹਤਯਾਬੀ ਤੇ ਖੁਸ਼ੀਆਂ ਖੇੜੇ ਮੰਗੇ ਹਨ। ਨਵੇਂ ਸਾਲ ਦੇ ਐੱਸ.ਐੱਮ.ਐੱਸ., ਈਮੇਲ ਵਿਚ ਲੰਘੇ ਵਰੇ ਦਾ ਸੰਤਾਪ ਹੰਢਾ ਚੁੱਕੇ ਲੋਕਾਂ ਦਾ ਜ਼ਿਕਰ ਕਿਤੇ ਵੀ ਨਹੀਂ ਦੀਹਦਾ। ਕਿਸੇ ਉਸ ਕੰਜਕ ਦਾ ਹਾਉਕਾ ਨਹੀਂ, ਜੋ ਬਲਾਤਕਾਰ ਦੀ ਸ਼ਿਕਾਰ ਹੋਈ ਹੈ, ਕਿਸੇ ਵਿਚ ਵੀ ਉਸ ਬਾਪ ਦਾ ਜ਼ਿਕਰ ਨਹੀਂ, ਜਿਹੜਾ ਆਪਣੀ ਧੀ ਦੀ ਅਸਮਤ ਬਚਾਉਣ ਲਈ ਮਾਰਿਆ ਗਿਆ। ਕਿਸੇ ਵੀ ਸੁਨੇਹੇ ਵਿਚ ਬਲਾਤਕਾਰ ਦੀਆਂ ਸ਼ਿਕਾਰ ਹੋਈਆਂ ਮਾਸੂਮ ਬਾਲੜੀਆਂ ਦਾ ਜ਼ਿਕਰ ਤੱਕ ਵੀ ਨਹੀਂ ਹੈ। ਕਿਸੇ ਵੀ ਸੁਨੇਹੇ ਵਿਚ ਧੀਆਂ ਦੇ ਹੱਕ ਵਿਚ ਹਾਅ ਦਾ ਨਾਅਰਾ ਨਹੀਂ ਮਾਰਿਆ ਗਿਆ। ਵੈਸੇ ਨਵਾਂ ਵਰ੍ਹਾ ਮਨਾਉਣ ਦਾ ਅਸਲੀ ਮਕਸਦ ਤਾਂ ਇਸ ਚਿੰਤਨ ਵਿਚ ਲੁਕਿਆ ਹੈ ਕਿ ਜੀਵਨ ਜ਼ਿਆਦਾ ਜਿਊਣ ਵਿਚ ਨਹੀਂ, ਘੱਟ ਜਿਉਂਕੇ ਜ਼ਿਆਦਾ ਕੰਮ ਕਰਨ ਵਿਚ ਹੈ। ਵੈਸੇ ਵੀ ਨਵਾਂ ਵਰ੍ਹਾ ਉਨ੍ਹਾਂ ਲੋਕਾਂ ਲਈ ਹੀ ਆਉਂਦਾ ਹੈ, ਜਿਹੜੇ ਆਰਥਿਕ, ਸਮਾਜਿਕ ਪੱਖੋਂ ਖੁਸ਼ਹਾਲ ਹਨ। ਉਨ੍ਹਾਂ ਲੋਕਾਂ ਵੱਲ ਵੀ ਨਜ਼ਰ ਮਾਰੋ, ਜਿਨ੍ਹਾਂ ਲਈ ਨਵਾਂ ਵਰ੍ਹਾ, ਪੁਰਾਣਾ ਵਰ੍ਹਾ ਕੋਈ ਮਾਅਣੇ ਨਹੀਂ ਰੱਖਦਾ। ਉਨ੍ਹਾਂ ਦੇ ਜੀਵਨ ਵਿਚ ਜੰਮਣਾ ਤੇ ਮਰਨਾ ਇੱਕ ਅਜਿਹੀ ਕਿਰਿਆ ਹੈ, ਜਿਹੜੀ ਉਨ੍ਹਾਂ ਨਾਲ ਜ਼ਬਰਦਸਤੀ ਬੀਤੀ ਇੱਕ ਘਟਨਾ ਹੈ। ਉਮਰ ਭਰ ਦੀਆਂ ਮੰਦਹਾਲੀਆਂ, ਗੈਰ ਮਨੁੱਖੀ ਜੀਵਨ ਅਤੇ ਤੰਗੀਆਂ-ਤੁਰਸ਼ੀਆਂ, ਥੋੜਾਂ ਦੇ ਲੁੱਟੇ-ਪੁੱਟੇ ਇਹ ਲੋਕ ਨਵੇਂ ਵਰ੍ਹੇ ’ਤੇ ਕੀ ਚਿੰਤਨ ਕਰਦੇ ਹਨ, ਕੀ ਸੰਦੇਸ਼ ਦਿੰਦੇ ਹਨ ਅਤੇ ਲੈਂਦੇ ਹਨ, ਇਹੀ ਕਿ ਇਸ ਵੇਲੇ ਉਨ੍ਹਾਂ ਦੀ ਜੂਨ ਕੁਝ ਸੁਧਰ ਜਾਵੇ, ਕੋਈ ਬਹੁੜੇ ਉਨ੍ਹਾਂ ਦੀ ਤਕਦੀਰ ਬਦਲਣ ਵਾਲਾ, ਤਾਂ ਜੋ ਵਿਕਾਸ ਦੀ ਮਨੁੱਖੀ ਪ੍ਰਵਿਰਤੀ ਵੱਸ ਉਹ ਵੀ ਇਸ ਤਰੱਕੀ ਤੇ ਵਿਕਾਸ ਦਾ ਨਜ਼ਾਰਾ ਦੇਖ ਸਕਣ। ਵੈਸੇ ਨਵੇਂ ਵਰ੍ਹੇ ਦੀ ਆਮਦ ਦਾ ਇੰਤਜ਼ਾਰ ਦਸੰਬਰ ਦਾ ਮਹੀਨਾ ਚੜ੍ਹਦਿਆਂ ਹੀ ਸ਼ੁਰੂ ਹੋ ਜਾਂਦਾ ਹੈ। ਦਸੰਬਰ ਮਹੀਨੇ ਦਾ ਇੱਕ-ਇੱਕ ਦਿਨ ਪੁੱਠੀ ਗਿਣਤੀ ਅਖਵਾਉਂਦਾ ਹੈ। ਉਂਝ ਤਾਂ ਸਾਡੇ ਦੇਸ਼ ਵਿਚ ਵੱਖ-ਵੱਖ ਮਹੀਨਿਆਂ ਤੋਂ ਸਾਲ ਸ਼ੁਰੂ ਹੁੰਦੇ ਹਨ, ਜਿਵੇਂ ਚੇਤਰ ਮਹੀਨੇ ਤੋਂ ਸ਼ੁਰੂ ਹੋਇਆ ਸਾਲ ਦੇਸੀ ਅਖਵਾਉਂਦਾ ਹੈ ਅਤੇ ਵੈਸਾਖ ਮਹੀਨੇ ਤੋਂ ਸ਼ੁਰੂ ਹੋਇਆ ਸਾਲ ਜੋ ਖਾਲਸਾ ਪੰਥ ਦੀ ਸਾਜਨਾ ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਤਰ੍ਹਾਂ ਨਾਨਕਸ਼ਾਹੀ ਅਤੇ ਹਿਜਰੀ ਸਾਲ ਵੀ ਸ਼ੁਰੂ ਹੁੰਦੇ ਹਨ ਤੇ ਖਤਮ ਹੁੰਦੇ ਰਹਿੰਦੇ ਹਨ। ਪਰ ਈਸਵੀ ਸੰਨ ਇਕ ਜਨਵਰੀ ਤੋਂ ਸ਼ੁਰੂ ਹੋ ਕੇ 31 ਦਸੰਬਰ ਤੱਕ ਚੱਲਦਾ ਹੈ। 52 ਹਫਤੇ ਜਾਂ 365, 1/4 ਦਿਨਾਂ ਦਾ ਸਫਰ ਤੈਅ ਕਰਕੇ ਇੱਕ ਸਾਲ ਆਪਣੀ ਮੰਜ਼ਿਲ ’ਤੇ ਪਹੁੰਚ ਜਾਂਦਾ ਹੈ ਅਤੇ ਕੌੜੀਆਂ-ਮਿੱਠੀਆਂ ਯਾਦਾਂ ਦੇ ਨਾਲ ਇਤਿਹਾਸ ਦਾ ਹਿੱਸਾ ਬਣ ਕੇ ਰਹਿ ਜਾਂਦਾ ਹੈ।

ਨਵਾਂ ਵਰ੍ਹਾ ਹਰ ਇੱਕ ਮਨੁੱਖ ਲਈ ਖੁਸ਼ੀਆਂ ਤੇ ਖੇੜੇ ਲੈ ਕੇ ਆਵੇ, ਇਹ ਸਾਡੀ ਦਿਲੀ ਤਮੰਨਾ ਹੁੰਦੀ ਹੈ। ਮਨੁੱਖ ਨੂੰ ਸੁਖੀ ਰਹਿਣ ਲਈ ਇੱਕ ਸਮਾਜ ਦੀ ਲੋੜ ਹੁੰਦੀ ਹੈ। ਸਮਾਜ ਸੁੱਖਾਂ ਦੀ ਖਾਣ ਹੈ ਕਿਉਂਕਿ ਸਮਾਜ ਹੀ ਉਹ ਇਕਾਈ ਹੈ, ਜੋ ਕੁਦਰਤ ਦਾ ਨਿਯਮ ‘ਜੀਓ ਤੇ ਜੀਣ ਦਿਓ’, ਮਨੁੱਖ ਜਿਉਣਾ ਤਾਂ ਚਾਹੁੰਦਾ ਹੈ ਪਰ ਜਿਉਣ ਨਹੀਂ ਦੇਣਾ ਚਾਹੁੰਦਾ। ਗਰੀਬਾਂ ਦੇ ਬੱਚੇ ਨਵੇਂ ਵਰ੍ਹੇ ਕੜਕਦੀ ਠੰਢ ਵਿਚ ਸਿਰੋਂ ਪੈਰੋਂ ਨੰਗੇ ਠੁਰ-ਠੁਰ ਕਰਦੇ ਸੜਕਾਂ ਉੱਪਰ ਭੀਖ ਮੰਗ ਰਹੇ ਨੇ, ਅਮੀਰਾਂ ਦੇ ਬੱਚੇ ਵੀ ਗਰਮ ਏ.ਸੀ. ਕਮਰਿਆਂ ਵਿਚ ਗਰਮ ਕੱਪੜੇ ਪਾ ਕੇ ਸ਼ਾਹੀ ਠਾਠ-ਬਾਠ ਦੀ ਜ਼ਿੰਦਗੀ ਜੀਅ ਰਹੇ ਹਨ। ਗਰੀਬ ਖੁੱਲ੍ਹੇ ਅਸਮਾਨ ਹੇਠ ਦਿਨ ਕਟੀ ਕਰ ਰਹੇ ਹਨ, ਗਰੀਬ ਇਲਾਜ ਖੁਣੋਂ ਤੜਫ ਰਿਹਾ ਹੈ। ਗਰੀਬ ਨੂੰ ਸਿਰ ਢੱਕਣ ਜੋਗੀ ਝੁੱਗੀ ਨਹੀਂ ਜੁੜਦੀ, ਅਮੀਰਾਂ ਦੇ ਡੌਗੀ ਮਹਿੰਗੇ ਗਰਮ ਸੋਫਿਆਂ ਉੱਪਰ ਬੈਠੇ ਨਿੱਘ ਮਾਣ ਰਹੇ ਹਨ। ਆਪਣੇ ਹੱਕ ਮੰਗਣ ਵਾਲਿਆਂ ਨੂੰ ਪੰਜਾਬ ਵਿਚ ਸਰਕਾਰਾਂ ਕਹਿ ਦਿੰਦੀਆਂ, ਖਬਰਦਾਰ ਪੰਜਾਬ ’ਚ ਹੱਕ ਮੰਗਣਾ ਮਨਾਂ ਹੈ, ਪੁਲਿਸ ਵੱਲੋਂ ਕੁੱਟਮਾਰ ਕਰਕੇ ਉਨ੍ਹਾਂ ਦਾ ਮੂੰਹ ਬੰਦ ਕੀਤਾ ਜਾਂਦਾ ਹੈ। ਜੋ ਬੇਰੁਜ਼ਗਾਰ ਸਰਕਾਰ ਮੁਰਦਾਬਾਦ ਦੇ ਨਾਅਰੇ ਲਗਾਉਂਦਾ ਹੈ, ਉਨ੍ਹਾਂ ਨੂੰ ਥਾਣਿਆਂ ਵਿਚ ਰੋਲਿਆ ਜਾਂਦਾ ਹੈ, ਗੰਦੇ ਪਾਣੀ ਦੀਆਂ ਬੁਛਾਰਾਂ ਮਾਰੀਆਂ ਜਾਂਦੀਆਂ ਹਨ, ਕਈਆਂ ਨੂੰ ਪੁਲਿਸ ਦੇ ਤਸ਼ੱਦਦ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਸਿਰਾਂ ਦੀਆਂ ਚੁੰਨੀਆਂ ਤੇ ਦਸਤਾਰਾਂ ਸੜਕਾਂ ’ਤੇ ਰੁਲ ਰਹੀਆਂ ਹਨ। ਮਾਂ ਦੀ ਕੁੱਖ ਵਿਚ ਧੀਆਂ ਜਨਮ ਲੈਣ ਤੋਂ ਪਹਿਲਾਂ ਹੀ ਮਰ ਰਹੀਆਂ ਨੇ, ਰੱਬ ਦਾ ਰੂਪ ਡਾਕਟਰ ਚੰਦ ਛਿੱਲੜਾਂ ਬਦਲੇ ਕਸਾਈ ਦਾ ਰੂਪ ਧਾਰਨ ਕਰੀ ਬੈਠਾ ਹੈ। ਮਾਂ ਦੀ ਕੁੱਖ ਕਬਰਸਤਾਨ ਬਣ ਚੁੱਕੀ ਹੈ। ਕਿਉਂ ਆਖਾਂ ਨਵਾਂ ਸਾਲ ਮੁਬਾਰਕ ਜ਼ਮੀਨ ਦੇ ਟੁਕੜੇ ਪਿੱਛੇ ਭਰਾ ਦਾ ਭਰਾ ਕਤਲ ਕਰ ਰਿਹਾ ਹੈ। ਪੰਜਾਬ ਵਿਚ ਚਿੱਟੇ ਦਾ ਕਹਿਰ ਅਜੇ ਵੀ ਨਹੀਂ ਰੁਕਿਆ। ਚਿੱਟੇ ਦੇ ਕਹਿਰ ਕਾਰਨ ਮਾਵਾਂ ਦੇ ਪੁੱਤ ਸਿਵਿਆਂ ਦੀ ਰਾਖ ਬਣ ਕੇ ਰਹਿ ਗਏ ਹਨ। ਚਿੱਟੇ ਦੀ ਵੱਧ ਡੋਜ਼ ਵਿਚ ਖੰਡਰਨੁਮਾ ਇਮਾਰਤਾਂ ਵਿਚ ਨੌਜਵਾਨ ਪੁੱਤਾਂ ਦੀਆਂ ਲਾਸ਼ਾਂ ਮਿਲ ਰਹੀਆਂ ਹਨ। ਫੇਰ ਕਿਵੇਂ ਆਖਾਂ ਮੈਂ ਨਵਾਂ ਸਾਲ ਮੁਬਾਰਕ। ਜਿਹੜੇ ਪੰਜਾਬ ਵਿਚ ਕਿਸੇ ਸਮੇਂ ਦੁੱਧ ਦੀਆਂ ਨਦੀਆਂ ਵਗਦੀਆਂ ਸਨ, ਅੱਜ ਨਸ਼ਿਆਂ ਦਾ ਛੇਵਾਂ ਦਰਿਆ ਵਗ ਰਿਹਾ ਹੈ। ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੇ ਦੈਂਤ ਦੇ ਨਾਲ-ਨਾਲ ਮੋਬਾਇਲ ਦੇ ਦੈਂਤ ਨੇ ਵੀ ਨਿਗਲ ਲਿਆ ਹੈ। ਕੰਮ ਕਰਕੇ ਕੋਈ ਰਾਜ਼ੀ ਨਹੀਂ, ਜਿਹੜੇ ਪੁੱਤ ਨੇ ਬਾਪੂ ਦਾ ਸਹਾਰਾ ਬਣਨਾ ਸੀ। ਜ਼ਿਮੀਂਦਾਰਾਂ ਦੇ ਸਾਰੀ ਜ਼ਿੰਦਗੀ ਸੀਰੀ ਰਹੇ ਪਿਓ ਦਾ ਪੁੱਤ, ਕਦੋਂ ਸਮਝੇਗਾ ਕਿ ਕਿਸੇ ਦਾ ਗੁਲਾਮ ਰਹਿਣਾ ਕਿੰਨਾ ਔਖਾ ਹੁੰਦਾ ਹੈ। ਉਹ ਆਪਣੇ ਬਾਪੂ ਵੱਲ ਨਜ਼ਰ ਕਿਉਂ ਨਹੀਂ ਮਾਰਦਾ, ਜੋ ਜ਼ਿਮੀਂਦਾਰਾਂ ਦੇ ਸੀਰਪੁਣੇ ਕਰਕੇ ਆਪਣੇ ਪਰਿਵਾਰ ਦਾ ਪੇਟ ਮਸਾਂ ਪਾਲਦਾ ਰਿਹਾ ਹੈ। ਬਾਪੂ ਸਾਰਾ ਦਿਨ ਕੰਮ ਦਾ ਥੱਕਿਆ ਮੰਜੇ ’ਤੇ ਡਿੱਗਦਾ ਹੀ ਸੌਂ ਜਾਂਦਾ ਹੈ ਪਰ ਸਪੂਤ ਅੱਧੀ ਰਾਤ ਡਿੱਕ ਡੋਲੇ ਖਾਂਦਾ ਘਰ ਵੜਦਾ ਹੈ। ਪਰ ਫਿਰ ਵੀ ਮਾਂ ਪੁੱਤ ਦੇ ਕਰਜ਼ੇ ਕੱਜਦੀ ਕਹਿੰਦੀ ਹੈ ਕਿ ਮੇਰੇ ਪੁੱਤ ਨੂੰ ਗੁਆਂਢੀਆਂ ਦੇ ਮੁੰਡੇ ਨੇ ਵਿਗਾੜ ਦਿੱਤਾ। ਇਹ ਤਾਂ ਕਿਸੇ ਨਸ਼ੇ ਨੂੰ ਹੱਥ ਵੀ ਨਹੀਂ ਲਾਉਂਦਾ। ਫਿਲਮਾਂ ਵਾਲਿਆਂ ਨੇ ਆਪਣੀਆਂ ਫਿਲਮਾਂ ਵਿਚ ਜੱਟ ਨੂੰ ਵੈਲੀ, ਨਸ਼ੇੜੀ, ਅੱਯਾਸ਼ ਦਿਖਾ ਕੇ ਚੰਗੀ ਕਮਾਈ ਕੀਤੀ ਹੈ। ਜੱਟ ਦਾ ਪੁੱਤ ਨਸ਼ਿਆਂ ਦੀ ਦਲਦਲ ਵਿਚ ਧੱਸਦਾ ਜਾ ਰਿਹਾ ਹੈ, ਕਾਰਪੋਰੇਟ ਘਰਾਣੇ ਜ਼ਮੀਨਾਂ ਹੜੱਪ ਰਹੇ ਹਨ, ਮਹਿੰਗੀਆਂ ਜ਼ਮੀਨਾਂ ਵੇਚ ਕੇ ਮਹਿੰਗੀਆਂ ਗੱਡੀਆਂ, ਅਸਲਾ, ਮੋਟਰ ਉੱਪਰ ਇਨ੍ਹਾਂ ਏ.ਸੀ. ਵੀ ਲਵਾ ਲਏ ਨੇ, ਕੰਨੀਂ ਨੱਤੀਆਂ, ਮਹਿੰਗੇ ਮੋਟਰ ਸਾਈਕਲ, ਕਾਲਜਾਂ ਵਿਚ ਕੁੜੀਆਂ ਦਾ ਪਿੱਛਾ ਕਰਦਾ ਫਿਲਮ ਵਿਚਲਾ ਜੱਟ ਕਿੱਥੇ ਹੈ, ਪੰਜਾਬ ਵਿਚ ਇਹ ਸਿਰਫ ਗਾਇਕਾਂ ਦੇ ਗੀਤਾਂ ਦੇ ਵੀਡੀਓ ਫ਼ਿਲਮਾਂਕਣ ਅਤੇ ਫਿਲਮਾਂ ਦੇ ਸੀਨਾਂ ਵਿਚ ਹੀ ਰਹਿ ਗਿਆ ਹੈ। ਅਸਲ ਵਿਚ ਪੰਜਾਬ ਦੇ ਕਿਸੇ ਪਿੰਡ ’ਚ ਕਿਤੇ ਵੀ ਨਹੀਂ ਦੀਂਹਦਾ। ਯੂਨਾਨੀ ਵਿਦਵਾਨ ਅਰਸਤੂ ਨੇ ਸਦੀਆਂ ਪਹਿਲਾਂ ਕਿਹਾ ਸੀ ਕਿ ਮਨੁੱਖ ਇਕ ਸਮਾਜਿਕ ਜੀਵ ਹੈ ਅਤੇ ਸਮਾਜ ਤੋਂ ਬਿਨਾਂ ਇਹ ਜਿਉਂਦਾ ਨਹੀਂ ਰਹਿ ਸਕਦਾ। ਧਰਤੀ ਨੂੰ ਬਚਾਉਣਾ ਮਨੁੱਖ ਦੀ ਪਹਿਲੀ ਜ਼ਿੰਮੇਵਾਰੀ ਹੈ। ਕਿੱਥੇ ਬਚਾ ਰਹੇ ਆਂ ਅਸੀਂ ਧਰਤੀ ਅਤੇ ਵਾਤਾਵਰਨ, ਧਰਤੀ ਨੂੰ ਬੰਜਰ ਬਣਾ ਰਹੇ ਹਾਂ, ਇੱਕ ਸਾਲ ਵਿਚ ਤਿੰਨ-ਤਿੰਨ ਫਸਲਾਂ ਲੈ ਰਹੇ ਹਾਂ, ਫਸਲਾਂ ਉੱਪਰ ਅੰਧਾਧੁੰਦ ਕੀਟਨਾਸ਼ਕ ਦਵਾਈਆਂ ਤੇ ਫਸਲਾਂ ਤੋਂ ਵੱਧ ਝਾੜ ਲੈਣ ਲਈ ਰੇਹਾਂ ਦਾ ਇਸਤੇਮਾਲ ਕਰਕੇ ਧਰਤੀ ਮਾਂ ਦੀ ਕੁੱਖ ਨੂੰ ਬੰਜਰ ਬਣਾਇਆ ਜਾ ਰਿਹਾ ਹੈ।

ਵਾਤਾਵਰਨ ਨੂੰ ਬਚਾਉਣ ਦੀ ਥਾਂ ਹਰੇ-ਭਰੇ ਰੁੱਖਾਂ ਨੂੰ ਹਰ ਛੇ ਮਹੀਨੇ ਬਾਅਦ ਫ਼ਸਲ ਦਾ ਰਹਿੰਦ-ਖੂੰਹਦ ਸਾੜਨ ਦੇ ਬਹਾਨੇ ਅੱਗਾਂ ਲਾਈਆਂ ਜਾ ਰਹੀਆਂ ਨੇ, ਰੁੱਖ ਲਗਾਏ ਘੱਟ ਜਾ ਰਹੇ ਨੇ ਤੇ ਸਾੜੇ ਤੇ ਵੱਢੇ ਵੱਧ ਜਾ ਰਹੇ ਨੇ। ਬਿਰਧ ਆਸ਼ਰਮਾਂ ਵਿਚ ਮਾਪੇ ਰੋ ਰਹੇ ਹਨ। ਜਿਨ੍ਹਾਂ ਬੱਚਿਆਂ ਨੂੰ ਖ਼ੂਨ ਦੇ ਘੁੱਟ ਪਿਆ ਕੇ ਮਾਪਿਆਂ ਨੇ ਪਾਲਿਆ ਪੜ੍ਹਾਇਆ-ਲਿਖਾਇਆ, ਉੱਚ ਅਹੁਦੇ ਉੱਪਰ ਪਹੁੰਚਾਇਆ। ਉਹੀ ਪੁੱਤਰ ਉੱਚ ਅਹੁਦਿਆਂ ’ਤੇ ਪਹੁੰਚ ਕੇ ਆਪਣੇ ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿਚ ਛੱਡ ਰਹੇ ਹਨ। ਕੀਹਨੂੰ ਆਖਾਂ ਨਵਾਂ ਸਾਲ ਮੁਬਾਰਕ ਤੇ ਕਿਉਂ ਆਖਾਂ।

ਦੇਸ਼ ਦਾ ਅੰਨਦਾਤਾ ਹਰਿਆਣਾ ਦੇ ਬਾਰਡਰਾਂ ’ਤੇ ਕੇਂਦਰ ਸਰਕਾਰ ਤੋਂ ਤਿੰਨ ਖੇਤੀ ਕਾਲੇ ਕਾਨੂੰਨ ਰੱਦ ਕਰਵਾਉਣ ਲਈ ਕਈ ਮਹੀਨਿਆਂ ਤੋਂ ਡਟਿਆ ਹੋਇਆ ਹੈ। ਪੋਹ ਦੀਆਂ ਰਾਤਾਂ ਵਿਚ ਸੜਕਾਂ ਦੇ ਆਸੇ-ਪਾਸੇ ਤੰਬੂ ਅਤੇ ਟਰਾਲੀਆਂ ਵਿਚ ਕੱਕਰ ਭਰੀਆਂ ਰਾਤਾਂ ਗੁਜ਼ਾਰ ਰਿਹਾ ਹੈ। ਕਿਸਾਨ ਆਗੂ ਮਰਨ ਵਰਤ ’ਤੇ ਬੈਠੇ ਨੂੰ ਮਹੀਨੇ ਦੇ ਨੇੜੇ-ਤੇੜ ਦਾ ਸਮਾਂ ਹੋ ਗਿਆ, ਦਿਨੋਂ-ਦਿਨ ਉਹਦੀ ਸਿਹਤ ਘਟਦੀ ਜਾ ਰਹੀ ਹੈ ਪਰ ਕੇਂਦਰ ’ਚ ਬੈਠੀ ਭਾਜਪਾ ਸਰਕਾਰ ਕਿਸਾਨਾਂ ਦੇ ਮਸਲੇ ਹੱਲ ਨਹੀਂ ਕਰ ਰਹੀ। ਪੰਜਾਬ ਦੇ ਨਕਾਰਾ ਹੋ ਚੁੱਕੇ ਸਿਸਟਮ ਅਤੇ ਬੇਰੁਜ਼ਗਾਰੀ ਕਾਰਨ ਜਵਾਨੀ ਵਿਦੇਸ਼ਾਂ ਵੱਲ ਜਹਾਜ਼ੇ ਚੜ੍ਹ ਰਹੀ ਹੈ। ਜਿਹੜੇ ਜਹਾਜ਼ਾਂ ਉੱਪਰ ਦੇਸ਼ ਦੀ ਜਵਾਨੀ ਦੂਜੇ ਦੇਸ਼ਾਂ ਵੱਲ ਜਾ ਰਹੀ ਹੈ, ਉਹ ਜਹਾਜ਼ ਹਾਦਸਾਗ੍ਰਸਤ ਹੋ ਕੇ ਅਨੇਕਾਂ ਜਾਨਾਂ ਮੌਤ ਦੇ ਮੂੰਹ ਚਲੀਆਂ ਜਾਂਦੀਆਂ ਨੇ। ਪੰਜਾਬ ਦੇ ਹੱਸਦੇ-ਵਸਦੇ ਘਰਾਂ ਨੂੰ ਜਿੰਦਰੇ ਲੱਗ ਚੁੱਕੇ ਨੇ ਤੇ ਘਰਾਂ ਦੇ ਵਾਰਿਸ ਕੈਨੇਡਾ, ਅਮਰੀਕਾ ਵਰਗੇ ਦੇਸ਼ਾਂ ਵਿਚ ਰੋਜ਼ੀ-ਰੋਟੀ ਦੀ ਭਾਲ ਲਈ ਜਾ ਚੁੱਕੇ ਹਨ। ਪੰਜਾਬ ਖਾਲੀ ਹੁੰਦਾ ਦਿਖਾਈ ਦੇ ਰਿਹਾ ਹੈ ਤੇ ਪਿੱਛੇ ਰਹਿ ਗਏ ਨੇ ਬਜ਼ੁਰਗ ਮਾਪੇ, ਜੋ ਵੱਡੀ ਉਮਰ ’ਚ ਠੋਕਰਾਂ ਖਾਣ ਲਈ ਮਜਬੂਰ ਨੇ। ਭਾਈਚਾਰਕ ਸਾਂਝ ਵਿਚ ਤਰੇੜਾਂ ਪੈ ਚੁੱਕੀਆਂ ਹੈ, ਸਾਂਝੇ ਚੁੱਲੇ ਨਹੀਂ ਰਹੇ ਅਤੇ ਆਪਸੀ ਰਿਸ਼ਤਿਆਂ ਦੀਆਂ ਡੋਰਾਂ ਟੁੱਟ ਚੁੱਕੀਆਂ ਨੇ, ਪੁੱਤ ਪਿਓ ਨੂੰ ਮਾਰ ਰਿਹਾ ਤੇ ਭਾਈ-ਭਾਈ ਨੂੰ ਮਾਰ ਰਿਹਾ ਜ਼ਮੀਨਾਂ ਦੇ ਟੁਕੜੇ ਪਿੱਛੇ ਤੇ ਨਸ਼ੇ ਦੀ ਤੋਟ ਨੂੰ ਪੂਰਾ ਕਰਨ ਲਈ ਨਸ਼ੇੜੀ ਪੁੱਤਰ ਨੂੰ ਮੌਤ ਦੇ ਘਾਟ ਉਤਾਰ ਰਿਹਾ ਹੈ। ਫਿਰ ਕਿਵੇਂ ਆਖਾਂ ‘ਨਵਾਂ ਸਾਲ ਮੁਬਾਰਕ’।

ਕਿਵੇਂ ਦੇਵਾਂ ਨਵੇਂ ਸਾਲ ਦੀਆਂ ਮੁਬਾਰਕਾਂ

ਉਨ੍ਹਾਂ ਨੂੰ ਕੋਈ ਮੁਬਾਰਕ ਵੀ ਦੇਵੇ, ਤਾਂ ਕਿਹੜੀ ਗੱਲ ਦੀ, ਫੈਕਟਰੀਆਂ ਦੇ ਗੰਦੇ ਪਾਣੀ ਨੇ ਦਰਿਆਵਾਂ ਦੇ ਪਾਣੀ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ, ਜੋ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਦੀ ਭੇਂਟ ਚੜ੍ਹ ਰਿਹਾ ਹੈ। ਸਾਲ ਚੜ੍ਹਦੇ ਬੀਤਦੇ ਰਹੇ ਹਨ ਪਰ ਉਨ੍ਹਾਂ ਦੇ ਹਿੱਸੇ ਦਾ ਸੂਰਜ ਡੁੱਬਿਆ ਰਿਹਾ, ਭਾਵੇਂ ਕੋਈ ਨਿਰਾਸ਼ਾ ਬਾਦ ਹੀ ਕਹੇ ਇਸ ਨੂੰ, ਪਰ ਨਿਰੀਆਂ ਸ਼ੁਭ ਕਾਮਨਾਵਾਂ

ਦੀ ਮੱਲ੍ਹਮ ਲਾ ਕੇ ਨਿੱਤ ਨਵੇਂ ਰਿਸਦੇ ਜ਼ਖਮ ਦੀ ਚੀਸ ਮੱਠੀ ਨਹੀਂ ਹੋਣੀ, ਗਰੀਬੀ ਦੀ ਦਲਦਲ ਵਿਚ ਦੱਬੇ ਲੋਕਾਂ ਦੇ ਜੀਵਨ ਵਿਚ ਵਰ੍ਹਿਆਂ ਤੋਂ ਕੋਈ ਤਬਦੀਲੀ ਨਹੀਂ ਆਈ ਤੇ ਨਾ ਹੀ ਆਉਣ ਦੀ ਕੋਈ ਉਮੀਦ ਹੈ। ਪੰਜਾਬ ਵਿਚ ਸੜਕ ਹਾਦਸਿਆਂ ਦੀਆਂ ਵਾਪਰ ਰਹੀਆਂ ਘਟਨਾਵਾਂ ਮਨਾਂ ਨੂੰ ਵਲੂੰਧਰ ਰਹੀਆਂ ਹਨ।

ਨਵੇਂ ਸਾਲ ਦੇ ਜਸ਼ਨ ਤਾਂ ਉਨ੍ਹਾਂ ਲੋਕਾਂ ਦੇ ਹਨ, ਜਿਨ੍ਹਾਂ ਨੇ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਲੋਕਾਂ ਦੀ ਲੁੱਟ ਕਰਕੇ ਆਪਣੀਆਂ ਤਿਜੌਰੀਆਂ ਭਰੀਆਂ ਹਨ, ਜਦੋਂ ਦੋ ਨੰਬਰ ਦੀ ਕਮਾਈ ਕਰਕੇ ਨਵੇਂ ਸਾਲ ਦੇ ਜਸ਼ਨ ਮਨਾ ਰਹੇ ਹਨ। ਦੇਸ਼ ਦੇ ਅਰਬਪਤੀਆਂ ਅਤੇ ਕਰੋੜਪਤੀਆਂ ਦਾ ਸਾਰਾ ਜੀਵਨ ਹੀ ਜਸ਼ਨਾਂ ਵਿਚ ਗੁਜ਼ਰਦਾ ਹੈ। ਸਵਾਲ ਤਾਂ ਇਹ ਹੈ ਕਿ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਮਿਹਨਤੀ ਵਿਅਕਤੀ ਲਈ ਕੀ ਅਹਿਮੀਅਤ ਹੈ ਨਵੇਂ ਸਾਲ ਦੀ।

ਆਮ ਆਦਮੀ ਜੇ ਕੁਝ ਪਲਾਂ ਲਈ ਜਸ਼ਨਾਂ ਦੀ ਬਦੌਲਤ ਆਪਣੇ ਜੀਵਨ ਦੀਆਂ ਤੰਗੀਆਂ-ਤੁਰਸ਼ੀਆਂ ਨੂੰ ਭੁੱਲ ਵੀ ਜਾਂਦਾ ਹੈ, ਤਾਂ ਅਗਲੇ ਪਲ ਜੀਵਨ ਦਾ ਕਰੂਰ ਯਥਾਰਥ ਉਸਦੇ ਸਨਮੁਖ ਹੁੰਦਾ ਹੈ। ਵਧੀਆ ਜ਼ਿੰਦਗੀ ਤੇ ਸੁਪਨੇ ਤਾਂ ਉਸ ਦੀਆਂ ਅੱਖਾਂ ਵਿਚ ਵੀ ਜ਼ਰੂਰ ਲਟਕਦੇ ਹੋਣਗੇ। ਪਰ ਇਹ ਜ਼ਰੂਰੀ ਨਹੀਂ ਕਿ ਨਵੇਂ ਸਾਲ ਵਿਚ ਇਹ ਸੁਪਨਾ ਹਕੀਕਤ ਦਾ ਰੂਪ ਧਾਰਨ ਕਰ ਲਵੇ। ਫਿਰ ਕੀਹਨੂੰ ਤੇ ਕਿਉਂ ਆਖਾਂ ਨਵਾਂ ਸਾਲ ਮੁਬਾਰਕ ਕਰਨ ਸਮੇਂ ਯਾਦ ਕਰੋ ਦਸੰਬਰ ਮਹੀਨੇ ਦਾ ਆਖਰੀ ਹਫ਼ਤਾ, ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਲਈ ਪਹਾੜ ਜਿੱਡੇ ਦੁੱਖਾਂ ਦਾ ਪਹਾੜ ਬਣ ਕੇ ਆਇਆ ਸੀ। ਦਸੰਬਰ ਮਹੀਨੇ ਨੂੰ ਸ਼ਹਾਦਤਾਂ ਦਾ ਮਹੀਨਾ ਕਿਹਾ ਜਾਂਦਾ ਹੈ, ਯਾਦ ਕਰੋ ਚਮਕੌਰ ਦੀ ਗੜ੍ਹੀ ਵਿਚ ਇਕ ਪਿਤਾ ਨੇ ਆਪਣੇ ਹੱਥੀਂ ਜੰਗ ਲਈ ਤਿਆਰ ਕਰਕੇ ਭੇਜੇ ਅਜੀਤ ਤੇ ਜੁਝਾਰ ਦੋਨੋਂ ਸਾਹਿਬਜ਼ਾਦੇ ਅਤੇ ਸੱਤ ਅਤੇ ਨੌਂ ਸਾਲ ਦੇ ਛੋਟੇ-ਛੋਟੇ ਮਾਸੂਮ ਬੱਚਿਆਂ ਨੇ ਸਿੱਖੀ ਦੇ ਮਹੱਲ ਦੀਆਂ ਬੁਨਿਆਦਾਂ ਨੂੰ ਸਦੀਵੀ ਪਕੇਰਾ ਕਰਦੇ ਆਪਣੀ ਮਾਸੂਮ ਸ਼ਹਾਦਤ ਦਿੱਤੀ ਸੀ। ਸਰਹੰਦ ਵਿਚ ਉਸ ਮਾਸੂਮ ਸ਼ਹਾਦਤ ਦੀ ਦ੍ਰਿੜ੍ਹਤਾ ਅੱਗੇ ਸਰਹੰਦ ਦੀ ਖੂਨੀ ਦੀਵਾਰ ਹਾਰੀ ਹੋਵੇ। ਹੰਕਾਰੀ ਵਜ਼ੀਰ ਖਾਨ ਦਾ ਹੰਕਾਰ ਟੁੱਟਿਆ ਹੋਵੇ। ਧਰਤੀ ਕੰਬੀ ਹੋਵੇ, ਅਸਮਾਨ ਰੋਇਆ ਹੋਵੇ। ਉਸ ਮਾਸੂਮ ਸ਼ਹਾਦਤ ਨੂੰ ਜ਼ਰੂਰ ਯਾਦ ਕਰਿਓ ਕੌਮ ਦੇ ਰਹਿਬਰੋ, ਜਿਨ੍ਹਾਂ ਦਿਨਾਂ ’ਚ ਅਸੀਂ ਆਪਣੇ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੀਆਂ ਸਾਖੀਆਂ ਸੁਣਾਉਣੀਆਂ ਸੀ, ਉਨ੍ਹਾਂ ਦਿਨਾਂ ’ਚ ਅਸੀਂ ਨਸ਼ੇ ਨਾਲ ਧੁੱਤ ਹਾਂ, ਫਿਰ ਅਸੀਂ ਆਪਣੀ ਨਵੀਂ ਪੀੜ੍ਹੀ ਤੋਂ ਇਹ ਉਮੀਦ ਕਿਵੇਂ ਕਰਦੇ ਹਾਂ ਕਿ ਆਪਣੇ ਵਿਰਸੇ ਨਾਲ ਜੁੜੀ ਰਹੇ। ਸ਼ਹੀਦੀ ਜੋੜ ਮੇਲਿਆਂ ’ਤੇ ਪਕੌੜਿਆਂ ਜਲੇਬੀਆਂ, ਬਰਗਰਾਂ, ਰਸਗੁੱਲਿਆ, ਗੰਨੇ ਦੇ ਜੂਸ ਦੇ ਲੰਗਰ ਲਗਾਉਣ ਵਾਲਿਓ, ਤੁਹਾਡੇ ਬੱਚਿਆਂ ਨੂੰ ਤਾਂ ਚਾਰ ਸਾਹਿਬਜ਼ਾਦਿਆਂ ਦੇ ਨਾਂਅ ਤੱਕ ਵੀ ਨਹੀਂ ਪਤਾ, ਟਰੈਕਟਰਾਂ ਉੱਪਰ ਵੱਡੇ-ਵੱਡੇ ਡੈਕ ਲਗਾਕੇ ਉੱਚੀ ਆਵਾਜ਼ ’ਚ ਸਪੀਕਰ ਲਗਾ ਕੇ ਭੰਗੜੇ ਪਤਾ ਨਹੀਂ ਤੁਸੀਂ ਕਿਹੜੀ ਖੁਸ਼ੀ ਵਿਚ ਪਾ ਰਹੇ ਓ, ਇੱਕ ਦੂਜੇ ਤੋਂ ਅੱਗੇ ਲੰਘਣ ਦੀ ਹੋੜ ਵਿਚ ਟਰੈਕਟਰ ਟਰਾਲੀਆਂ ਸੜਕੀ ਹਾਦਸਿਆਂ ਦੀਆਂ ਸ਼ਿਕਾਰ ਹੋ ਰਹੀਆਂ ਹਨ ਤੇ ਮਨੁੱਖੀ ਜਾਨਾਂ ਵੀ ਜਾ ਰਹੀਆਂ ਹਨ। ਪਰ ਅਸੀਂ ਕਦੋਂ ਸੁਧਰਾਂਗੇ ਇਹ ਸੋਚੋ ਭੰਗੜੇ ਪਾਉਣ ਵਾਲਿਓ ਕਿ ਜਦੋਂ ਆਪਣੇ ਘਰ ਵਿਚ ਮੌਤ ਹੋ ਜਾਂਦੀ ਹੈ ਕੀ ਅਸੀਂ ਫਿਰ ਵੀ ਖੁਸ਼ੀਆਂ ਵਿਚ ਭੰਗੜੇ ਪਾਉਂਦੇ ਅਤੇ ਪਕੌੜੇ, ਜਲੇਬੀਆਂ, ਰਸਗੁੱਲਿਆਂ ਦਾ ਸ਼ਾਹੀ ਖਾਣਾ ਤਿਆਰ ਕਰਦੇ ਹੋਵੋਗੇ, ਸਾਨੂੰ ਖੁਸ਼ੀ ਅਤੇ ਗਮੀ ਦੇ ਫਰਕ ਦਾ ਹੀ ਅੱਜ ਤੱਕ ਪਤਾ ਨਹੀਂ ਪਤਾ ਲੱਗਿਆ।

ਪਰ ਦਸਵੇਂ ਪਾਤਸ਼ਾਹ ਨੇ ਤਾਂ ਆਪਣਾ ਸਾਰਾ ਪਰਿਵਾਰ ਸਾਡੀ ਕੌਮ ਲਈ ਵਾਰ ਦਿੱਤਾ।

ਦਾਦੀ ਮਾਂ ਦਾ ਠੰਢੇ ਬੁਰਜ ਤੋਂ ਸੁਨੇਹਾ ਆਖਰ ਕੌਣ ਅੱਗੇ ਤੱਕ ਪੁਜਦਾ ਕਰੂਗਾ। ਆਓ ਸਾਰੇ ਰਲ ਕੇ ਵਾਤਾਵਰਣ ਨੂੰ ਹਰਾ-ਭਰਾ ਕਰਨ ਲਈ ਰੁੱਖ ਲਗਾਉਣ ਦਾ ਪ੍ਰਣ ਕਰੀਏ, ਮਾਂ ਦੀ ਕੁੱਖ ਨੂੰ ਕਬਰਿਸਤਾਨ ਬਣਨ ਤੋਂ ਰੋਕੀਏ। ਪੰਜਾਬੀ ਸੰਗੀਤ ਵਿਚ ਕੰਨਾਂ ਨੂੰ ਰਸ ਘੋਲਣ ਵਾਲੇ ਗੀਤਾਂ ਦੀਆਂ ਸੌਗਾਤਾਂ ਦੇਈਏ, ਬਾਰਡਰਾਂ ’ਤੇ ਬੈਠੇ ਕਿਸਾਨਾਂ ਦੇ ਮੋਢੇ ਨਾਲ ਮੋਢਾ ਲਾ ਕੇ ਖੜ੍ਹੀਏ, ਜੋ ਸਾਡੀ ਹੀ ਲੜਾਈ ਲੜ ਰਿਹਾ ਹੈ। ਗਰੀਬਾਂ ਦੇ ਬੱਚਿਆਂ ਲਈ ਤਨ ਢਕਣ ਜੋਗਾ ਕੱਪੜਾ ਅਤੇ ਲੋੜੀਂਦਾ ਸਾਮਾਨ ਦੇਈਏ, ਰਿਸ਼ਵਤਖੋਰ ਅਫਸਰਾਂ ਨੂੰ ਨੱਥ ਪਾਈਏ, ਭ੍ਰਿਸ਼ਟਾਚਾਰ ਤੋਂ ਮੁਕਤ ਪੰਜਾਬ ਸਿਰਜੀਏ। ਕਿਸੇ ਮਾਂ ਨੂੰ ਜਣੇਪੇ ਦੌਰਾਨ ਇਲਾਜ ਖੁਣੋਂ ਨਾ ਮਰਨ ਦੇਈਏ। ਚੰਗਾ ਖਾਈਏ, ਚੰਗਾ ਬੋਲੀਏ, ਚੰਗਾ ਸੁਣੀਏ, ਚੰਗਾ ਸੋਚੀਏ, ਬਜ਼ੁਰਗ ਮਾਪਿਆਂ ਨੂੰ ਬਿਰਧ ਆਸ਼ਰਮ ਭੇਜਣ ਦੀ ਬਜਾਏ, ਉਨ੍ਹਾਂ ਦੀ ਘਰ ਵਿਚ ਸੇਵਾ ਸੰਭਾਲ ਕਰੀਏ। ਕਿਸੇ ਔਰਤ ਨੂੰ ਦਾਜ ਦੀ ਬਲੀ ਨਾ ਚੜ੍ਹਨ ਦੇਈਏ, ਨਵੇਂ ਵਰ੍ਹੇ ਵਿਚ ਜੇਕਰ ਐਸੇ ਪ੍ਰਣ ਕਰ ਲਈਏ, ਤਾਂ ਹੀ ਸਾਡੇ ਲਈ ਨਵਾਂ ਵਰ੍ਹਾ ਅਹਿਮੀਅਤ ਰੱਖਦਾ ਹੈ, ਨਹੀਂ ਤਾਂ ਹਰ ਵਾਰ ਨਵਾਂ ਵਰ੍ਹਾ ਆਉਂਦਾ ਰਹੇਗਾ। ਪਰ ਕੁਝ ਵੀ ਨਵਾਂ ਨਹੀਂ ਹੋਵੇਗਾ, ਖੁਸ਼ ਰਹੋ ਆਬਾਦ ਰਹੋ,

-ਧੰਨਵਾਦ

# ਪੰਜਾਬੀਓ/ਕਿਸਾਨ ਭਰਾਵੋ ਜਗਜੀਤ ਸਿੰਘ ਡੱਲੇਵਾਲ ਨੂੰ ਬਚਾ ਲਓ: ਪੰਜਾਬ ਬਚ ਜਾਵੇਗਾ

**ਦੁੱਖ ਦੀ ਗੱਲ ਹੈ ਕਿ ਆਪਣੇ ਹੱਕਾਂ ਦੀ ਪੂਰਤੀ ਲਈ ਕਿਸਾਨ ਸੰਸਥਾਵਾਂ ਇੱਕਮੁੱਠ ਹੋਣ ਦੀ ਥਾਂ ਆਪੋ-ਆਪਣੀਆਂ ਡਫ਼ਲੀਆਂ ਵਜਾ ਰਹੀਆਂ ਹਨ। ਅਜਿਹੇ ਹਾਲਾਤ ਵਿਚ ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ ਨੇ ਆਪਣੀ ਸੰਸਥਾ ਅਤੇ ਕਿਸਾਨ ਨੇਤਾ ਸਵਰਨ ਸਿੰਘ ਪੰਧੇਰ ਦੇ ਨਾਲ ਮਿਲਕੇ ਬਾਕੀ ਕਿਸਾਨ ਸੰਸਥਾਵਾਂ ਨੂੰ ਭਰੋਸੇ ਵਿਚ ਲੈਣ ਤੋਂ ਬਿਨਾ ਹੀ ਖਨੌਰੀ ਸਰਹੱਦ 'ਤੇ 26 ਨਵੰਬਰ 2024 ਨੂੰ ਕਿਸਾਨਾ ਦੀਆਂ ਜ਼ਾਇਜ ਮੰਗਾਂ ਮੰਨਵਾਉਣ ਲਈ ਮਰਨ ਵਰਤ ਸ਼ੁਰੂ ਕਰ ਦਿੱਤਾ। ਜਗਜੀਤ ਸਿੰਘ ਡੱਲੇਵਾਲ ਦੀ ਭੁੱਖ ਹੜਤਾਲ ਅਤੇ ਕੈਂਸਰ ਦੀ ਬੀਮਾਰੀ ਕਰਕੇ ਹਾਲਤ ਚਿੰਤਾਜਨਕ ਬਣੀ ਹੋਈ ਹੈ।**

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA





ਭਾਰਤ ਦੇ ਕਿਸਾਨ ਮੰਦਹਾਲੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਇਸ ਕਰਕੇ ਕਿਸਾਨੀ ਦਾ ਭਵਿੱਖ਼ ਖ਼ਤਰੇ ਵਿਚ ਪਿਆ ਹੋਇਆ ਹੈ। ਭਾਰਤ ਖਾਸ ਤੌਰ 'ਤੇ ਪੰਜਾਬ ਦੇ ਕਿਸਾਨਾਂ ਦੇ ਲਈ ਜ਼ਿੰਦਗੀ ਮੌਤ ਦਾ ਸਵਾਲ ਬਣ ਗਿਆ ਹੈ, ਕਿਉਂਕਿ ਕੇਂਦਰ ਸਰਕਾਰ ਨੇ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਦੇਣ ਦੀ ਥਾਂ ਪੁਰਾਣੇ ਤਿੰਨ ਖੇਤੀ ਕਾਨੂੰਨਾਂ ਦਾ ਨਵਾਂ ਰੂਪ ਬਣਾਕੇ ਰਾਜਾਂ ਨੂੰ ਪਰੋਸ ਕੇ ਦੇ ਦਿੱਤਾ ਹੈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਇਸ ਲਈ ਪੰਜਾਬ ਦਾ ਕਿਸਾਨ ਤਬਾਹ ਹੋ ਜਾਵੇਗਾ, ਜਿਸਦਾ ਹੋਰ ਸਮਾਜ ਵਰਗਾਂ 'ਤੇ ਪ੍ਰਭਾਵ ਪੈਣਾ ਕੁਦਰਤੀ ਹੈ, ਕਿਉਂਕਿ ਬਹੁਤੇ ਹੋਰ ਕਿਤੇ ਕਿਸਾਨਾ ਦੀ ਆਰਥਿਕਤਾ ਨਾਲ ਜੁੜੇ ਹੋਏ ਹਨ। ਜੇ ਕਿਸਾਨ ਖ਼ੁਸ਼ਹਾਲ ਹੋਵੇਗਾ ਤਾਂ ਪੰਜਾਬ ਖ਼ੁਸ਼ਹਾਲ ਹੋਵੇਗਾ। ਰਾਜ ਸਰਕਾਰਾਂ ਵੀ ਕਸੂਤੀ ਸਥਿਤੀ ਵਿਚ ਫਸ ਗਈਆਂ ਹਨ ਪ੍ਰੰਤੂ ਜਿਥੇ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਹਨ, ਉਥੇ ਤਾਂ ਇਹ ਨਵਾਂ ਰੂਪ ਲਾਗੂ ਹੋ ਜਾਣ ਦੀ ਪੂਰੀ ਸੰਭਾਵਨਾ ਬਣ ਗਈ ਹੈ। ਜਿਹੜੇ ਕਿਸਾਨ ਖੇਤਾਂ ਵਿਚ ਹੋਣੇ ਚਾਹੀਦੇ ਹਨ, ਅੱਜ ਦਿਨ ਮਜਬੂਰੀ ਵਸ ਉਹ ਸੜਕਾਂ 'ਤੇ ਰੁਲ ਰਹੇ ਹਨ। ਹਰ ਵਿਓਪਾਰੀ ਕਿਸਾਨ ਦੀਆਂ ਫ਼ਸਲਾਂ ਅਤੇ ਉਨ੍ਹਾਂ ਦੇ ਉਤਪਾਦਨ ਤੋਂ ਬਣੀਆਂ ਵਸਤਾਂ 'ਤੇ ਲਾਭ ਹੀ ਨਹੀਂ ਲੈ ਰਿਹਾ, ਸਗੋਂ ਉਨ੍ਹਾਂ ਦੀਆਂ ਮਜਬੂਰੀਆਂ ਨੂੰ ਵੀ ਵਰਤ ਰਿਹਾ ਹੈ। ਇਕੱਲਾ ਕਿਸਾਨ ਹੈ, ਜਿਸਨੂੰ ਆਪਣੀ ਉਪਜ ਦਾ ਮੁੱਲ ਲੈਣ ਲਈ ਮੰਡੀ ਵਿਚ ਜਾਣਾ ਪੈਂਦਾ ਹੈ, ਜਿਥੇ ਵਾਜਬ ਕੀਮਤ ਨਹੀਂ ਮਿਲ ਰਹੀ। ਕਿਸਾਨ ਨੂੰ ਬਾਕੀ ਖੇਤੀ ਉਤਪਾਦਨ ਤੋਂ ਬਣੀਆਂ ਜ਼ਰੂਰੀ ਵਸਤੂ ਨੂੰ ਲੈਣ ਲਈ ਵਿਓਪਾਰੀ ਕੋਲ ਜਾਣਾ ਪੈਂਦਾ ਹੈ। ਫ਼ਸਲਾਂ ਦੇ ਵਾਜਬ ਮੁੱਲ ਨਾ ਮਿਲਣਾ, ਖਾਦਾਂ ਤੇ ਕੀਟਨਾਸ਼ਕਾਂ ਵਿਚ ਮਿਲਾਵਟ ਤੇ ਮਹਿੰਗਾਈ ਕਿਸਾਨਾਂ ਦੀ ਆਰਥਿਕ ਹਾਲਤ ਡਾਵਾਂਡੋਲ ਕਰ ਰਹੀਆਂ ਹਨ। ਦੁੱਖ ਦੀ ਗੱਲ ਹੈ ਕਿ ਆਪਣੇ ਹੱਕਾਂ ਦੀ ਪੂਰਤੀ ਲਈ ਕਿਸਾਨ ਸੰਸਥਾਵਾਂ ਇੱਕਮੁੱਠ ਹੋਣ ਦੀ ਥਾਂ ਆਪੋ-ਆਪਣੀਆਂ ਡਫ਼ਲੀਆਂ ਵਜਾ ਰਹੀਆਂ ਹਨ। ਅਜਿਹੇ ਹਾਲਾਤ ਵਿਚ ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ ਨੇ ਆਪਣੀ ਸੰਸਥਾ ਅਤੇ ਕਿਸਾਨ ਨੇਤਾ ਸਵਰਨ ਸਿੰਘ ਪੰਧੇਰ ਦੇ ਨਾਲ ਮਿਲਕੇ ਬਾਕੀ ਕਿਸਾਨ ਸੰਸਥਾਵਾਂ ਨੂੰ ਭਰੋਸੇ ਵਿਚ ਲੈਣ ਤੋਂ ਬਿਨਾ ਹੀ ਖਨੌਰੀ ਸਰਹੱਦ 'ਤੇ 26 ਨਵੰਬਰ 2024 ਨੂੰ ਕਿਸਾਨਾ ਦੀਆਂ ਜ਼ਾਇਜ ਮੰਗਾਂ ਮੰਨਵਾਉਣ ਲਈ ਮਰਨ ਵਰਤ ਸ਼ੁਰੂ ਕਰ ਦਿੱਤਾ। ਜਗਜੀਤ ਸਿੰਘ ਡੱਲੇਵਾਲ ਦੀ ਭੁੱਖ ਹੜਤਾਲ ਅਤੇ ਕੈਂਸਰ ਦੀ ਬੀਮਾਰੀ ਕਰਕੇ ਹਾਲਤ ਚਿੰਤਾਜਨਕ ਬਣੀ ਹੋਈ ਹੈ। ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਨੂੰ ਮੁੱਖ ਰਖਦਿਆਂ ਪੰਜਾਬੀ ਅਤੇ ਸਮੁੱਚਾ ਕਿਸਾਨ ਭਾਈਚਾਰਾ ਗਹਿਰੀ ਚਿੰਤਾ ਵਿਚ ਡੁੱਬਿਆ ਹੋਇਆ ਹੈ। ਸਰਕਾਰ ਟੱਸ ਤੋਂ ਮੱਸ ਨਹੀਂ ਹੋ ਰਹੀ, ਦੂਜੇ ਪਾਸੇ ਕਿਸਾਨ ਨੇਤਾ ਦੀ ਸਿਹਤ ਦਿਨ-ਬ-ਦਿਨ ਖ਼ਰਾਬ ਹੁੰਦੀ ਜਾ ਰਹੀ ਹੈ। ਹਾਲਾਂਕਿ ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨ ਅੰਦੋਲਨ ਨੂੰ ਖ਼ਤਮ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਗੁਰਪੁਰਵ ਵਾਲੇ ਪਵਿੱਤਰ ਦਿਨ ਐਲਾਨ ਕੀਤਾ ਸੀ ਕਿ ਤਿੰਨ ਖੇਤੀ ਕਾਨੂੰਨ ਵਾਪਸ ਲੈ ਲਏ ਹਨ, ਕਿਸਾਨਾਂ ਦੀਆਂ ਬਾਕੀ ਰਹਿੰਦੀਆਂ ਮੰਗਾਂ ਕੇਂਦਰ ਸਰਕਾਰ ਹਮਦਰਦੀ ਨਾਲ ਵਿਚਾਰ ਕਰਕੇ ਪ੍ਰਵਾਨ ਕਰ ਲਵੇਗੀ ਪ੍ਰੰਤੂ ਲੰਬਾ ਸਮਾਂ ਬੀਤਣ ਤੋਂ ਬਾਅਦ ਵੀ ਕੇਂਦਰ ਸਰਕਾਰ ਨੇ ਕੋਈ ਸਾਰਥਿਕ ਕਦਮ ਨਹੀਂ ਚੁੱਕਿਆ, ਸਗੋਂ ਤਿੰਨ ਕੇਂਦਰੀ ਕਾਨੂੰਨਾਂ ਨੂੰ ਨਵੇਂ ਰੂਪ ਅਧੀਨ ਵਾਪਸ ਲਿਆਂਦੇ ਜਾ ਰਹੇ ਹਨ। ਇਸ ਸਾਰੀ ਅਸਫਲਤਾ ਵਿਚ ਇਕੱਲੀ ਕੇਂਦਰ ਸਰਕਾਰ ਹੀ ਨਹੀਂ, ਸਗੋਂ ਕਿਸਾਨ ਜਥੇਬੰਦੀਆਂ ਵੀ ਇੱਕਮੁੱਠ ਨਾ ਰਹਿਣ ਕਰਕੇ ਜ਼ਿੰਮੇਵਾਰ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਕਿਸਾਨ ਜਥੇਬੰਦੀਆਂ ਦੇ ਇੱਕ ਧੜੇ ਨੇ 2022 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲੜਨ ਦਾ ਫ਼ੈਸਲਾ ਕਰਕੇ ਕਿਸਾਨਾਂ ਦੀ ਏਕਤਾ ਨੂੰ ਤਾਰਪੀਡੋ ਕੀਤਾ ਸੀ। ਜਿਸਦਾ ਪ੍ਰਭਾਵ ਗ਼ਲਤ ਗਿਆ, ਕਿ ਕਿਸਾਨ ਨੇਤਾ, ਕਿਸਾਨਾ ਦੀ ਭਲਾਈ ਲਈ ਨਹੀਂ, ਸਗੋਂ ਸਿਆਸੀ ਤਾਕਤ ਲਈ ਅੰਦੋਲਨ ਕਰ ਰਹੇ ਸਨ। ਕੇਂਦਰ ਸਰਕਾਰ ਤਾਂ ਪਹਿਲਾਂ ਹੀ ਚਾਹੁੰਦੀ ਸੀ ਕਿ ਕਿਸਾਨ ਜਥੇਬੰਦੀਆਂ ਵਿਚ ਫੁੱਟ ਪੈ ਜਾਵੇ। ਇਸ ਮੰਤਵ ਵਿਚ ਕੇਂਦਰ ਸਰਕਾਰ ਸਫਲ ਹੋ ਗਈ ਹੈ। ਜਦੋਂ ਕਿਸੇ ਸੰਸਥਾ ਵਿਚ ਫੁੱਟ ਪੈ ਜਾਵੇ, ਤਾਂ ਉਸਦੇ ਅੰਦੋਲਨ ਦਾ ਅਸਫਲ ਹੋਣਾ ਕੁਦਰਤੀ ਹੈ। ਪੰਜਾਬ ਵਿਚ ਕਿਸਾਨਾਂ ਦੀਆਂ 32 ਜਥੇਬੰਦੀਆਂ ਹਨ, ਇਹ ਇੰਨੀਆਂ ਜਥੇਬੰਦੀਆਂ ਕਿਉਂ ਬਣੀਆਂ ਕਿਉਂਕਿ ਇਨ੍ਹਾਂ ਦੇ ਵਿਚਾਰਾਂ ਵਿਚ ਵਖਰੇਵਾਂ ਹੈ? ਇਕੱਲਾ ਵਖਰੇਵਾਂ ਹੀ ਨਹੀਂ, ਚੌਧਰ ਦਾ ਮਸਲਾ ਵੀ ਹੈ, ਭਾਵੇਂ ਉਦੇਸ਼ ਸਾਰਿਆਂ ਦਾ ਇੱਕੋ ਹੈ। ਸੋਚਣ ਵਾਲੀ ਗੱਲ ਹੈ, ਜਦੋਂ ਕਿਸਾਨਾਂ ਦਾ ਉਦੇਸ਼ ਇੱਕ ਹੈ, ਤਾਂ ਸਾਰੇ ਇੱਕਮਤ ਕਿਉਂ ਨਹੀਂ ਹੁੰਦੇ? ਗੱਲ ਉਥੇ ਹੀ ਆ ਕੇ ਖੜ੍ਹ ਗਈ, ਹਰ ਜਥੇਬੰਦੀ ਕਿਸੇ ਵੀ ਸਮੱਸਿਆ ਦੇ ਹੱਲ ਦਾ ਕਰੈਡਿਟ ਖੁਦ ਲੈਣੀ ਚਾਹੁੰਦੀ ਹੈ। ਜਦੋਂ ਪਿਛਲੇ ਕਿਸਾਨ ਅੰਦੋਲਨ ਵਿਚ ਸਾਰੇ ਇਕੱਠੇ ਹੋ ਸਕਦੇ ਸਨ, ਤਾਂ ਇਨ੍ਹਾਂ ਜਿਹੜੀਆਂ ਦੋ ਡੱਲੇਵਾਲ ਤੇ ਪੰਧੇਰ ਜਥੇਬੰਦੀਆਂ ਨੇ ਅੰਦੋਲਨ ਸ਼ੁਰੂ ਕੀਤਾ ਹੈ, ਅੰਦੋਲਨ ਸ਼ੁਰੂ ਕਰਨ ਤੋਂ ਪਹਿਲਾਂ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਲਈ ਕਿਉਂ ਨਹੀਂ ਕੋਸ਼ਿਸ਼ ਕੀਤੀ ਸੀ? ਜੇ ਕੋਸ਼ਿਸ਼ ਵਿਚ ਅਸਫਲ ਹੋਏ, ਤਾਂ ਫਿਰ ਇਕੱਲਿਆਂ ਅੰਦੋਲਨ ਸ਼ੁਰੂ ਨਹੀਂ ਸੀ ਕਰਨਾ ਚਾਹੀਦਾ। ਮਰਨ ਵਰਤ ਕਿਸੇ ਸਮੱਸਿਆ ਦਾ ਹੱਲ ਨਹੀਂ ਹੁੰਦਾ। ਗੱਲਬਾਤ ਹੀ ਇੱਕੋ-ਇੱਕ ਰਾਹ ਸਮਝੌਤਾ ਕਰਨ ਦਾ ਹੁੰਦਾ ਹੈ। ਇਹ ਤਾਂ ਮੰਨਿਆਂ ਜਾ ਸਕਦਾ ਹੈ ਕਿ ਅੰਦੋਲਨ ਸ਼ੁਰੂ ਕਰਨ ਵਾਲੇ ਕਿਸਾਨ, ਕਿਸਾਨ ਸਮੱਸਿਆਵਾਂ ਦਾ ਹੱਲ ਚਾਹੁੰਦੇ ਹਨ ਪ੍ਰੰਤੂ ਇਕੱਲਿਆਂ ਕੁਝ ਵੀ ਪ੍ਰਾਪਤ ਕਰਨਾ ਅਸੰਭਵ ਹੈ। ਹੁਣ ਐਨ ਮੌਕੇ 'ਤੇ ਬਾਕੀ ਜਥੇਬੰਦੀਆਂ ਨੂੰ ਨਾਲ ਚੱਲਣ ਲਈ ਕਿਹਾ ਜਾ ਰਿਹਾ ਹੈ। ਬਾਕੀ ਜਥੇਬੰਦੀਆਂ ਉਨ੍ਹਾਂ ਨਾਲ ਇਸ ਕਰਕੇ ਨਹੀਂ ਚੱਲ ਰਹੀਆਂ, ਕਿਉਂਕਿ ਜੇਕਰ ਕੇਂਦਰ ਸਰਕਾਰ ਨੇ ਮੰਗਾਂ ਮੰਨ ਲਈਆਂ, ਤਾਂ ਕਰੈਡਿਟ ਅੰਦੋਲਨ ਸ਼ੁਰੂ ਕਰਨ ਵਾਲੀਆਂ ਜਥੇਬੰਦੀਆਂ ਨੂੰ ਜਾਵੇਗਾ। ਅੰਦੋਲਨ ਕਰ ਰਹੀਆਂ ਜਥੇਬੰਦੀਆਂ ਤੋਂ ਇਲਾਵਾ ਬਾਕੀ ਜਥੇਬੰਦੀਆਂ ਕਿਸਾਨੀ ਦਾ ਭਲਾ ਤਾਂ ਚਾਹੁੰਦੀਆਂ ਹਨ ਪ੍ਰੰਤੂ ਉਨ੍ਹਾਂ ਦੀ ਪੋਜ਼ੀਸ਼ਨ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਵਾਲੀ ਬਣੀ ਹੋਈ ਹੈ। ਅੱਗੇ ਖੂਹ ਤੇ ਪਿੱਛੇ ਖਾਈ ਹੈ, ਉਹ ਜਾਣ ਤਾਂ ਕਿਧਰ ਜਾਣ। ਜੇਕਰ ਦੂਰ ਅੰਦੇਸ਼ੀ ਨਾਲ ਵੇਖਿਆ ਜਾਵੇ ਤਾਂ ਦੋ ਧੜਿਆਂ ਦੀ ਗੱਲ ਨੂੰ ਕੇਂਦਰ ਸਰਕਾਰ ਦਾ ਮੰਨਣਾ ਅਸੰਭਵ ਲੱਗਦਾ ਹੈ, ਹਾਂ ਜੇਕਰ ਸਾਰੇ ਇੱਕਮਤ ਹੋ ਜਾਣ ਫਿਰ ਤਾਂ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ। ਸਵਾਲ ਤਾਂ ਉਹੀ ਮੁੜ-ਘਿੜ ਕਰੈਡਿਟ ਦਾ ਆਉਂਦਾ ਹੈ। ਪੰਜਾਬੀਆਂ ਖਾਸ ਤੌਰ 'ਤੇ ਕਿਸਾਨਾਂ ਨੂੰ ਯਾਦ ਹੋਵੇਗਾ ਮਰਹੂਮ ਦਰਸ਼ਨ ਸਿੰਘ ਫੇਰੂਵਾਲ ਨੇ ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇਣ ਲਈ ਕੇਂਦਰ ਸਰਕਾਰ ਦੇ ਵਿਰੁੱਧ ਮਰਨ ਵਰਤ ਰੱਖਿਆ ਸੀ। 70 ਦਿਨ ਬਾਅਦ ਉਹ ਸਵਰਗ ਸਿਧਾਰ ਗਏ ਸਨ। ਕੇਂਦਰ ਸਰਕਾਰ ਦੇ ਅਜੇ ਤੱਕ ਕੰਨਾਂ 'ਤੇ ਜੂੰ ਨਹੀਂ ਸਰਕੀ, ਪਰਨਾਲਾ ਉਥੇ ਦਾ ਉਥੇ ਹੀ ਹੈ। ਦਰਸ਼ਨ ਸਿੰਘ ਫੇਰੂਮਾਨ ਦੇ ਸਸਕਾਰ 'ਤੇ ਜਾਣ ਤੋਂ ਵੀ ਲੋਕਾਂ ਨੂੰ ਰੋਕਿਆ ਗਿਆ ਸੀ। ਉਦੋਂ ਤੋਂ ਅੱਜ ਤੱਕ ਦਰਸ਼ਨ ਸਿੰਘ ਫੇਰੂਮਾਨ ਨੂੰ ਕਿਸੇ ਨੇ ਯਾਦ ਤੱਕ ਨਹੀਂ ਕੀਤਾ। ਅਜੇ ਵੀ ਕਿਸਾਨ ਨੇਤਾ ਅੰਤਰਝਾਤ ਮਾਰਕੇ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਵਿਚ ਵਿਚਾਲੇ ਪੈ ਕੇ ਖ਼ਤਮ ਕਰਵਾ ਦੇਣ, ਉਨ੍ਹਾਂ ਦੀ ਆਹੂਤੀ ਨਾ ਦਿੱਤੀ ਜਾਵੇ। ਪੰਜਾਬ ਨੇ ਪਹਿਲਾਂ ਹੀ ਬਹੁਤ ਸੰਤਾਪ ਭੋਗਿਆ ਹੈ। ਕਿਸਾਨ ਤਾਂ ਪਹਿਲਾਂ ਹੀ ਕਿਸਾਨ ਮਾਰੂ ਨੀਤੀਆਂ ਕਰਕੇ ਮਾਰੇ ਪਏ ਹਨ। ਸਰਕਾਰ ਤਾਂ ਉਨ੍ਹਾਂ ਨੂੰ ਮਾਰਨਾ ਹੀ ਚਾਹੁੰਦੀ ਹੈ, ਫਿਰ ਆਪ ਹੀ ਕਿਉਂ ਮਰਿਆ ਜਾਵੇ? ਤੁਸੀਂ ਕਿਸਾਨ ਭਰਾਵੋ ਇਹ ਸੋਚੋ ਕਿ ਸੜਕਾਂ ਤਾਂ ਹਰਿਆਣਾ ਸਰਕਾਰ ਨੇ ਰੋਕੀਆਂ ਹੋਈਆਂ ਹਨ, ਪ੍ਰਚਾਰ ਸੁਪਰੀਮ ਕੋਰਟ ਤੱਕ ਇਹ ਕੀਤਾ ਜਾ ਰਿਹਾ ਹੈ ਕਿ ਕਿਸਾਨਾਂ ਨੇ ਰਸਤੇ ਰੋਕੇ ਹੋਏ ਹਨ। ਸੁਪਰੀਮ ਕੋਰਟ ਨੇ ਪੰਜਾਬ ਸਰਕਾਰ 'ਤੇ ਜਗਜੀਤ ਸਿੰਘ ਡੱਲੇਵਾਲ ਨੂੰ ਹਸਪਤਾਲ ਦਾਖ਼ਲ ਕਰਵਾਉਣ ਦਾ ਹੁਕਮ ਕਰਕੇ, ਇੱਕ ਹੋਰ ਨਵੀਂ ਸਮੱਸਿਆ ਖੜ੍ਹੀ ਕਰ ਦਿੱਤੀ ਹੈ। ਜੇ ਸਰਕਾਰ ਜ਼ਬਰਦਸਤੀ ਕਰੇਗੀ, ਤਾਂ ਹਾਲਾਤ ਖ਼ਰਾਬ ਹੋਣ ਦੇ ਖ਼ਦਸ਼ੇ ਹਨ। ਪੰਜਾਬ ਸਰਕਾਰ ਵੀ ਕਸੂਤੀ ਫਸ ਗਈ ਹੈ। ਜੇ ਕਿਸਾਨਾਂ ਨੇ ਇਨਸਾਫ਼ ਲੈਣਾ ਹੈ, ਤਾਂ ਪਹਿਲਾਂ ਦੀ ਤਰ੍ਹਾਂ ਸਾਰੇ ਇੱਕਮੁੱਠ ਹੋ ਕੇ ਯੋਜਨਾਬੱਧ ਢੰਗ ਨਾਲ ਅੰਦੋਲਨ ਸ਼ੁਰੂ ਕੀਤਾ ਜਾਵੇ। ਪਹਿਲੇ ਅੰਦੋਲਨ ਵਿਚ ਤਾਂ ਸੰਸਾਰ ਵਿਚੋਂ ਕਿਸਾਨ ਅੰਦੋਲਨ ਨੂੰ ਪੂਰੀ ਸਮਾਜਿਕ ਅਤੇ ਆਰਥਿਕ ਸਪੋਰਟ ਸੀ। ਸਮਾਜ ਦਾ ਹਰ ਵਰਗ ਵਿਓਪਾਰੀ, ਪੱਲੇਦਾਰ, ਆੜ੍ਹਤੀਆ, ਗ਼ਰੀਬ, ਅਮੀਰ, ਮਜ਼ਦੂਰ ਇਥੋਂ ਤੱਕ ਕਿ ਕਿਸਾਨ ਅੰਦੋਲਨ ਵਿਚ ਸ਼ਾਮਲ ਹੋਣ ਲਈ ਹਰ ਇਨਸਾਨ ਇੱਕ ਦੂਜੇ ਤੋਂ ਮੂਹਰੇ ਹੋ ਪਵਿੱਤਰ ਕਾਰਜ ਸਮਝਦਿਆਂ ਸ਼ਾਮਲ ਹੁੰਦਾ ਸੀ। ਅੱਜ ਉਹ ਪੋਜ਼ੀਸ਼ਨ ਨਹੀਂ ਹੈ। ਲੋਕ ਸੜਕਾਂ ਰੋਕਣ ਨੂੰ ਵੀ ਚੰਗਾ ਨਹੀਂ ਸਮਝ ਰਹੇ। ਭਾਵੇਂ 30 ਦਸੰਬਰ ਦੀ ਹੜਤਾਲ ਪੂਰਨ ਸਫਲ ਰਹੀ ਹੈ। ਜੇ ਹੜਤਾਲ ਕਰਨ ਲਈ ਇਕੱਠੇ ਹੋ ਸਕਦੇ, ਤਾਂ ਵੈਸੇ ਕਿਉਂ ਨਹੀਂ? ਆਪੋ ਆਪਣੀ ਡਫਲੀ ਵਜਾਉਣ ਨਾਲ ਸਫਲਤਾ ਬਿਲਕੁਲ ਨਹੀਂ ਮਿਲ ਸਕਦੀ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਜਗਜੀਤ ਸਿੰਘ ਡੱਲੇਵਾਲ ਦੀ ਜ਼ਿੰਦਗੀ ਨੂੰ ਬਚਾ ਲਓ। ਪੰਜਾਬੀਆਂ ਦੀ ਆਰਥਿਕ ਹਾਲਤ ਹੁਣ ਵੀ ਬਹੁਤੀ ਚੰਗੀ ਨਹੀਂ, ਜੇ ਮੰਦਭਾਗੀ ਘਟਨਾ ਵਾਪਰ ਗਈ ਤਾਂ ਹੋਰ ਨਿਘਾਰ ਹੋ ਜਾਵੇਗਾ। ਪੰਜਾਬ ਦੇ ਬੁੱਧੀਜੀਵੀਆਂ ਨੇ ਜਿਵੇਂ ਪਹਿਲੇ ਕਿਸਾਨ ਅੰਦਲਨ ਵਿਚ ਭੂਮਿਕਾ ਨਿਭਾਈ ਸੀ ਹੁਣ ਵੀ ਉਨ੍ਹਾਂ ਨੂੰ ਦਖ਼ਲਅੰਦਾਜ਼ੀ ਕਰਕੇ ਇਹ ਮਰਨ ਵਰਤ ਖ਼ਤਮ ਕਰਵਾਉਣਾ ਚਾਹੀਦਾ ਹੈ।



# ਨਵੇਂ ਵਰ੍ਹੇ ਨੂੰ ਸਲਾਮਾਂ ਸਾਰੇ ਜੱਗ ਦੀਆਂ ਰੱਬਾ..

## ਆਓ ਨਵੇਂ ਵਰ੍ਹੇ ਦੀ ਆਮਦ ਤੇ ਆਪੋ ਆਪਣੇ ਪਰਿਵਾਰਾਂ ਨੂੰ ਸਮਰਪਿਤ ਹੋਈਏ

- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA



ਪਿਛਲਾ ਵਰ੍ਹਾ ਬੀਤ ਚੁੱਕਿਆ ਹੈ ਤੇ ਨਵੇਂ ਵਰ੍ਹੇ ਨੇ ਦਸਤਕ ਦੇ ਦਿੱਤੀ ਹੈ। ਬੀਤੇ ਵਰ੍ਹੇ ਹਰ ਇਨਸਾਨ ਦੇ ਮਨ ਦੀਆਂ ਸੱਧਰਾਂ ਆਪੋ-ਆਪਣੇ ਢੰਗ ਨਾਲ ਪੂਰੀਆਂ ਹੋਣ ਦੀ ਗੁੰਜਾਇਸ਼ ਬਾਕੀ ਰਹਿ ਹੀ ਜਾਂਦੀ ਹੈ। ਕੋਈ ਵੀ ਇਨਸਾਨ ਅਜਿਹਾ ਨਹੀਂ ਹੁੰਦਾ, ਜਿਸ ਦੀਆਂ ਬੀਤੇ ਵਰ੍ਹੇ ਸਾਰੀਆਂ ਦਿਲ ਦੀਆਂ ਸੱਧਰਾਂ ਪੂਰੀਆਂ ਹੋਈਆਂ ਹੋਣ। ਕਿਸੇ ਨੂੰ ਪਰਿਵਾਰ ਦਾ ਦੁੱਖ ਹੁੰਦਾ ਹੈ ਅਤੇ ਕਿਸੇ ਨੂੰ ਲੋਕਾਂ ਦਾ। ਪਰ ਇਨਸਾਨ ਨੂੰ ਆਪਣੇ ਪਰਿਵਾਰ ਪ੍ਰਤੀ ਸਮਰਪਿਤ ਰਹਿ ਕੇ ਦੁਨੀਆਂ ਅੰਦਰ ਜ਼ਿੰਦਗੀ ਜਿਊਣ ਦਾ ਅਸਲ ਢੰਗ ਆਉਣਾ ਚਾਹੀਦਾ ਹੈ। ਕਿਸੇ ਦੇ ਆਖੇ ਲੱਗ ਕੇ ਆਪਣਾ ਪਰਿਵਾਰ ਬਰਬਾਦ ਨਹੀਂ ਕਰਨਾ ਚਾਹੀਦਾ। ਕਿਉਂਕਿ ਜੋ ਆਪਣੇ ਪਰਿਵਾਰ ਦਾ ਨਹੀਂ ਹੋ ਸਕਿਆ, ਉਹ ਤੁਹਾਡਾ ਵੀ ਨਹੀਂ ਹੋ ਸਕਦਾ ਕਿਉਂਕਿ ਜੋ ਵਿਅਕਤੀ ਆਪਣੇ ਪਰਿਵਾਰ ਦਾ ਸਕਾ ਨਹੀਂ, ਉਹ ਤੁਹਾਡਾ ਵੀ ਸਕਾ ਨਹੀਂ ਹੈ। ਕਈਆਂ ਨੂੰ ਵੱਡਾ ਨੁਕਸਾਨ ਹੋ ਜਾਂਦਾ ਹੈ ਤੇ ਕਈ ਸਾਰਾ ਕੁਝ ਸਹੀ ਹੋਣ ਦੇ ਬਾਵਜੂਦ ਕੁਦਰਤੀ ਪੱਖ ਤੋਂ ਵਾਂਝੇ ਰਹਿ ਜਾਂਦੇ ਹਨ। ਗੱਲ ਕਰੀਏ ਨਵੇਂ ਵਰ੍ਹੇ ਦੀ, ਇਹ ਸ਼ੁਰੂ ਹੋ ਚੁੱਕਿਆ ਅਤੇ ਬੀਤਿਆ ਆਪਣਾ ਮੁੱਖ ਘੁਮਾ ਕੇ ਅਲੋਪ ਹੋ ਗਿਆ, ਉਸਨੇ ਮੁੜ ਕੇ ਨਹੀਂ ਆਉਣਾ। ਦਿਨ ਅਤੇ ਤਰੀਕਾਂ ਬਦਲਦੇ ਰਹਿੰਦੇ ਨੇ, ਨਵੇਂ ਆਉਂਦੇ ਰਹਿੰਦੇ ਨੇ ਪਰ ਇਨਸਾਨ ਉਥੇ ਦਾ ਉਥੇ ਹੀ ਖੜ੍ਹਾ ਰਹਿ ਜਾਂਦਾ ਹੈ, ਇਹ ਪਤਾ ਨਹੀਂ ਕਿਉਂ ਨਹੀਂ ਬਦਲਦਾ। ਪਿਛਲੇ ਵਰ੍ਹੇ ਬਹੁਤ ਕੁਝ ਅਜਿਹਾ ਵਾਪਰਿਆ, ਜਿਸ ਨੂੰ ਲੈ ਕੇ ਹਰ ਕਿਸੇ ਇਨਸਾਨ ਦੇ ਮਨ ਅੰਦਰ ਕੁਝ ਗਿੱਲੇ ਸ਼ਿਕਵੇ ਹੁੰਦੇ ਹਨ। ਅੱਜ ਗੱਲ ਕਰੀਏ ਹਸਪਤਾਲਾਂ ਦੀ ਜਿੱਥੇ ਕੋਈ ਵੀ ਇਨਸਾਨ ਗਰੀਬ ਹੋਵੇ ਜਾਂ ਅਮੀਰ ਜਾਣਾ ਨਹੀਂ ਚਾਹੁੰਦਾ ਪਰ ਸਾਡੇ ਹਸਪਤਾਲਾਂ ਦੀ ਹਾਲਤ ਬੇਹੱਦ ਮੰਦੜੀ ਹੋ ਚੁੱਕੀ ਹੈ। ਮੇਰਾ ਦੇਸ਼ ਭਾਰਤ ਜਿੱਥੇ ਹਰ ਰੋਜ਼ ਹਜ਼ਾਰਾਂ ਇਨਸਾਨ ਮੌਤ ਦੇ ਮੂੰਹ ਵਿਚ ਜਾ ਪੈਂਦੇ ਹਨ। ਉਥੇ ਗਰੀਬ ਦਾ ਇਲਾਜ ਨਹੀਂ ਹੁੰਦਾ, ਹਸਪਤਾਲ ਤੋਂ ਵੱਧ ਸਿੱਖਿਆ ਦਾ ਹਾਲ ਵੀ ਬਹੁਤ ਮਾੜਾ ਹੈ, ਬੱਚੇ ਪੜ੍ਹਨਾ ਚਾਹੁੰਦੇ ਹਨ ਪਰ ਉਨ੍ਹਾਂ ਕੋਲ ਪੜ੍ਹਨ ਨੂੰ ਕੋਈ ਵੀ ਹੀਲਾ ਵਸੀਲਾ ਨਹੀਂ ਬਣ ਰਿਹਾ।

ਦੁਨਿਆਵੀ ਪੱਖ ਤੋਂ ਤਾਂ ਵਾਚੀਏ ਤਾਂ ਸਾਨੂੰ ਸਾਰਾ ਕੁਝ ਸਹੀ ਜਾਪ ਰਿਹਾ। ਪਰ ਇੱਥੇ ਕੁਝ ਵੀ ਸਥਾਈ ਨਹੀਂ, ਦੁਨੀਆਂ ਆਉਂਦੀ ਤੇ ਜਾਂਦੀ ਰਹਿੰਦੀ ਹੈ। ਉਸੇ ਤਰ੍ਹਾਂ ਦਿਨ ਅਤੇ ਕੰਮ ਬਦਲਦੇ ਰਹਿੰਦੇ ਹਨ। ਪਰ ਕੁਝ ਵੀ ਹੋਵੇ ਕੋਈ ਵੀ ਇਨਸਾਨ ਇਥੋਂ ਜਾਣਾ ਨਹੀਂ ਚਾਹੁੰਦਾ ਪਰ ਅਸੀਂ ਕਰ ਕੀ ਰਹੇ ਹਾਂ, ਇਹ ਵੀ ਇੱਕ ਅਹਿਮ ਤੇ ਵੱਡਾ ਵਿਸ਼ਾ ਹੈ। ਅੱਜ ਦੇ ਸਮੇਂ ਅੰਦਰ ਖਾਸ ਕਰ ਜਦੋਂ ਮਹਿੰਗਾਈ ਨੇ ਆਪਣੇ ਪੈਰ ਪਸਾਰੇ ਹੋਣ ਤਾਂ ਕਈ ਗੱਲਾਂ ਬੇਹੱਦ ਜ਼ਰੂਰੀ ਹੋ ਜਾਂਦੀਆਂ ਹਨ ਕਿ ਅਸੀਂ ਨਵੇਂ ਵਰ੍ਹੇ ਉੱਤੇ ਕਿਸ ਤਰ੍ਹਾਂ ਦਾ ਵਿਹਾਰ ਕਰਨਾ ਹੈ। ਬੀਤੇ ਮੇਰੇ ਸਾਡੇ ਤੋਂ ਜੋ ਗਲਤੀਆਂ ਹੋਈਆਂ, ਉਨ੍ਹਾਂ ਨੂੰ ਵਿਚਾਰ ਕਰਦਿਆਂ ਇੱਕ ਪਾਸੇ ਰੱਖ ਕੇ ਅਗਲੇ ਸਮੇਂ ਨੂੰ ਆਉਣ ਵਾਲੀ ਰੂਪ ਰੇਖਾ ਬਣਾ ਕੇ ਚੱਲਣ ਦੀ ਸਾਨੂੰ ਬਹੁਤ ਲੋੜ ਹੈ ਕਿਉਂਕਿ ਅਸੀਂ ਬਹੁਤ ਕੁਝ ਪਿਛਲੀ ਵਾਰੀ ਗਲਤ ਕੀਤਾ ਸੀ, ਉਸ ਨੂੰ ਬੰਦ ਕਰਕੇ ਚੰਗੀ ਤਰ੍ਹਾਂ ਨਵੇਂ ਵਰ੍ਹੇ ਦੀ ਆਮਦ 'ਤੇ ਆਪਣੇ ਆਪ ਨੂੰ ਬਦਲਣ ਦੀ ਲੋੜ ਹੈ। ਅੱਜ ਹਰ ਇਨਸਾਨ ਪੈਸੇ ਪਿੱਛੇ ਭੱਜ ਕੇ ਆਪਣੇ ਆਪ ਨੂੰ ਇੱਕ ਤਰ੍ਹਾਂ ਨਾਲ ਦੁਨੀਆਂ ਨਾਲੋਂ, ਆਪਣੇ ਮਿੱਤਰਾਂ ਪਿਆਰਿਆਂ ਨਾਲੋਂ ਤੋੜ ਚੁੱਕਿਆ ਹੈ। ਇੱਥੇ ਵੀ ਕੀ ਅਸੀਂ ਜੋ ਕਰ ਰਹੇ ਹਾਂ, ਉਹ ਸਹੀ ਹੈ ਨਹੀਂ ਇਸ ਤਰ੍ਹਾਂ ਦੀਆਂ ਗੱਲਾਂ ਸਾਨੂੰ ਸ਼ੋਭਾ ਨਹੀਂ ਦਿੰਦੀਆਂ ਇਹ ਬਿਲਕੁਲ ਗਲਤ ਹੈ। ਸਿੱਖਿਆ ਦੀ ਗੱਲ ਕਰੀਏ ਤਾਂ ਇੱਥੇ ਵੀ ਨਿਘਾਰ ਹੱਦ ਦਰਜੇ ਤੱਕ ਪਹੁੰਚ ਚੁੱਕਿਆ ਹੈ। ਪਿਛਲੇ ਵਰ੍ਹੇ ਸਾਡੀਆਂ ਸਰਕਾਰਾਂ ਅਤੇ ਚੰਗਾ ਕੰਮ ਕਰਨ ਹੋਣ ਵਾਲਿਆਂ ਨੇ ਢੇਰਾਂ ਸਾਰੇ ਵਾਅਦੇ ਕੀਤੇ ਸਨ, ਕੀ ਉਹ ਪੂਰੇ ਹੋ ਗਏ ਹਨ। ਕਿਉਂਕਿ ਜਦੋਂ ਕੋਈ ਵੀ ਸਰਕਾਰ ਚੁਣੀ ਜਾਂਦੀ ਹੈ, ਤਾਂ ਸਰਕਾਰਾਂ ਵੱਲੋਂ ਅਤੇ ਉਸ ਨੂੰ ਚਲਾਉਣ ਵਾਲਿਆਂ ਵੱਲੋਂ ਲੋਕਾਂ ਦੇ ਨਾਲ ਢੇਰਾਂ ਵਾਅਦੇ ਕੀਤੇ ਜਾਂਦੇ ਨੇ, ਜੋ ਕਦੇ ਵੀ ਪੂਰੇ ਨਹੀਂ ਹੁੰਦੇ। ਇਹੋ ਹਾਲ ਮੇਰੇ ਭਾਰਤ ਮਹਾਨ ਸਣੇ ਬਹੁਤ ਸਾਰੇ ਦੇਸ਼ਾਂ ਦਾ ਹੋ ਚੁੱਕਿਆ ਹੈ। ਇੱਥੇ ਤਾਂ ਰੱਬ ਹੀ ਰਾਖਾ ਹੈ, ਸਕੂਲਾਂ ਅੰਦਰ ਬਹੁਤ ਘੱਟ ਸਹੂਲਤਾਂ ਹਨ, ਜਿਹੜੇ ਪ੍ਰਾਈਵੇਟ ਸਕੂਲਾਂ ਅੰਦਰ ਸਹੂਲਤਾਂ ਮਿਲ ਰਹੀਆਂ ਹਨ, ਉੱਥੇ ਫੀਸਾਂ ਬਹੁਤ ਜ਼ਿਆਦਾ ਹਨ, ਹਰ ਨਵੇਂ ਵਰ੍ਹੇ 'ਤੇ ਇੱਥੇ ਵੀ ਵੱਡੀਆਂ-ਵੱਡੀਆਂ ਗੱਲਾਂ ਕਰਕੇ ਕਾਮਨਾ ਕੀਤੀ ਜਾਂਦੀ ਹੈ ਪਰ ਹੁੰਦਾ ਕੁਝ ਵੀ ਨਹੀਂ ਹੈ। ਬਹੁਤ ਸਾਰੇ ਸਰਕਾਰੀ ਸਕੂਲ ਵੀ ਅਜਿਹੇ ਹਨ, ਜਿਨ੍ਹਾਂ ਵੱਲੋਂ ਆਪਣੇ ਪੱਧਰ 'ਤੇ ਬੱਚਿਆਂ ਨੂੰ ਸਿੱਖਿਆ ਦੇਣ ਦਾ ਕੰਮ ਤਾਂ ਕੀਤਾ ਜਾਂਦਾ ਹੈ ਪਰ ਉਨ੍ਹਾਂ ਦੀ ਸੁਣਵਾਈ ਨਹੀਂ ਹੁੰਦੀ ਕਿਉਂਕਿ ਜਿੰਨੇ ਟਾਈਮ ਨੂੰ ਚੰਗਾ ਅਧਿਆਪਕ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰਦਾ ਹੈ, ਉਸ ਤੋਂ ਕੁਝ ਸਮਾਂ ਬਾਅਦ ਉਸ ਦੀ ਬਦਲੀ ਹੋ ਜਾਂਦੀ ਹੈ ।


ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਵੀ ਹਰ ਨਵੇਂ ਵਰ੍ਹੇ ਦੀ ਸ਼ੁਰੂਆਤ 'ਤੇ ਅਰਦਾਸ ਕਰਦੀਆਂ ਹਨ ਕਿ ਉਨ੍ਹਾਂ ਵੱਲੋਂ ਦੀਨ ਦੁਖੀਆਂ ਦੀ ਮਦਦ ਕਰਕੇ ਵੱਡੇ ਉਪਰਾਲੇ ਕੀਤੇ ਜਾਣਗੇ ਪਰ ਜੋ ਉਪਰਾਲੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਕੀਤੇ ਜਾਂਦੇ ਹਨ। ਉੱਥੇ ਤਾਂ ਰੱਬ ਹੀ ਰਾਖਾ ਹੈ, ਕਹਿਣ ਦੀ ਕੁਝ ਲੋੜ ਹੀ ਨਹੀਂ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀ ਚੋਣ ਸਮੇਂ ਜੋ ਡਾਂਗ ਖੜਕਦੀ ਹੈ, ਉਸ ਨੂੰ ਬਿਆਨ ਕਰਨਾ ਔਖਾ ਹੈ, ਕਿਵੇਂ ਅਸੀਂ ਲੋਕ ਚੌਧਰ ਦੀ ਭੁੱਖ ਖਾਤਰ ਇੱਕ ਦੂਜੇ ਦੇ ਕਤਲ ਕਰਨ ਤੱਕ ਪਹੁੰਚ ਜਾਂਦੇ ਹਾਂ, ਇਹ ਵੀ ਇੱਕ ਬਹੁਤ ਅਹਿਮ ਤੇ ਵੱਡਾ ਮੁੱਦਾ ਹੈ। ਪਿੰਡਾਂ ਅਤੇ ਸ਼ਹਿਰਾਂ ਅੰਦਰ ਕਈ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਕੋਲ ਕਰੋੜਾਂ ਰੁਪਏ ਦਾ ਬਜਟ ਹੋਣ ਦੇ ਬਾਵਜੂਦ ਉਨ੍ਹਾਂ ਵੱਲੋਂ ਕੋਈ ਖਾਸ ਉਪਰਾਲੇ ਨਹੀਂ ਕੀਤੇ ਜਾਂਦੇ। ਜੇਕਰ ਕੀਤੇ ਜਾਂਦੇ ਹਨ, ਤਾਂ ਉਹ ਵੀ ਕਈ ਵਾਰ ਸਿਆਸਤ ਦੀ ਭੇਟ ਚੜ੍ਹ ਜਾਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣੇ ਪੱਧਰ 'ਤੇ ਲੋੜਵੰਦ, ਦੀਨ ਦੁਖੀਆਂ ਦੇ ਨਾਲ-ਨਾਲ ਸਿੱਖਿਆ ਤੇ ਮਰੀਜ਼ਾਂ ਦੀ ਦੇਖਭਾਲ ਕਰਨ ਦਾ ਬੀੜਾ ਤਾਂ ਚੁੱਕਿਆ ਜਾਂਦਾ ਹੈ ਪਰ ਉੱਥੇ ਵੀ ਰਾਜਨੀਤਿਕ ਪੱਖ ਭਾਰੀ ਪੈ ਜਾਂਦੇ ਹਨ।

ਨਵੇਂ ਵਰ੍ਹੇ 'ਤੇ ਸਾਨੂੰ ਸਾਰਿਆਂ ਨੂੰ ਇੱਕ ਖਾਸ ਪਰਿਵਾਰਿਕ ਗੱਲ ਦਾ ਪ੍ਰਣ ਲੈ ਕੇ ਚੱਲਣ ਦੀ ਲੋੜ ਹੈ ਕਿ ਅਸੀਂ ਲੋੜਵੰਦਾਂ ਦੀ ਸੇਵਾ ਕਰਨ ਦੇ ਨਾਲ-ਨਾਲ ਦੀਨ ਦੁਖੀਆਂ ਤੋਂ ਇਲਾਵਾ ਆਪਣਾ ਫਰਜ਼ ਵੀ ਪੂਰਾ ਕਰਨਾ ਹੈ। ਬਹੁਤ ਸਾਰੇ ਪਰਿਵਾਰ ਅਜਿਹੇ ਹਨ, ਜੋ ਅੱਜ ਔਜੜ ਭਰੀ ਜ਼ਿੰਦਗੀ ਜਿਊਣ 'ਤੇ ਮਜਬੂਰ ਹਨ। ਕਦੇ ਵੀ ਕਿਸੇ ਦੇ ਆਖੇ ਲੱਗ ਕੇ ਆਪਣਾ ਘਰ ਬਰਬਾਦ ਕਰਨ ਦੀ ਨੀਤੀ ਨੂੰ ਤਿਆਗਣਾ ਚਾਹੀਦਾ ਹੈ। ਬਹੁਤ ਸਾਰੇ ਇਨਸਾਨ ਅਜਿਹੇ ਹਨ, ਜੋ ਕਿਸੇ ਮਾੜੇ ਬੰਦੇ ਦੇ ਪਿੱਛੇ ਲੱਗ ਕੇ ਆਪਣਾ ਪਰਿਵਾਰ ਛੱਡ ਕੇ ਆਪਣੀ ਜ਼ਿੰਦਗੀ ਬਰਬਾਦ ਕਰ ਲੈਂਦੇ ਹਨ। ਉਨ੍ਹਾਂ ਕੋਲ ਸਿਵਾਏ ਜ਼ਿੰਦਗੀ ਅੰਦਰ ਭਟਕਣ ਤੋਂ ਇਲਾਵਾ ਕੁਝ ਨਹੀਂ ਹੁੰਦਾ ਕਿਉਂਕਿ ਜਿਹੜਾ ਇਨਸਾਨ ਆਪਣੇ ਪਰਿਵਾਰ ਦਾ ਨਹੀਂ ਹੋ ਸਕਿਆ, ਉਹ ਕਿਸੇ ਦਾ ਕਿਵੇਂ ਹੋ ਜਾਵੇਗਾ। ਇਸ ਲਈ ਪਰਿਵਾਰ ਨੂੰ ਪਹਿਲਾਂ ਮੁੱਖ ਰੱਖ ਕੇ ਲੋੜਵੰਦਾਂ ਅਤੇ ਦੀਨ ਦੁਖੀਆਂ ਦੀ ਮਦਦ ਕਰਨਾ ਹੀ ਅਸਲ ਸੱਚਾ ਧਰਮ ਅਖਵਾਉਂਦਾ ਹੈ। ਅਸੀਂ ਗੱਲਾਂ ਜਿੰਨੀਆਂ ਮਰਜ਼ੀ ਕਰੀ ਜਾਈਏ, ਕੋਈ ਫਾਇਦਾ ਨਹੀਂ।

ਕਿੰਨੀਆਂ ਗੱਲਾਂ ਕਰੀ ਜਾਈਏ, ਕਿਸੇ ਨੂੰ ਕੁਝ ਵੀ ਫਰਕ ਨਹੀਂ ਪੈਂਦਾ, ਜਦਕਿ ਚਾਹੀਦਾ ਤਾਂ ਇਹ ਹੈ ਕਿ ਅਸੀਂ ਅਤੇ ਸਾਡਾ ਭਾਈਚਾਰਾ ਇਕੱਠਾ ਹੋ ਕੇ ਦੀਨ ਦੁਖੀਆਂ ਦੀ ਮਦਦ ਕਰਕੇ ਚੌਧਰ ਦੀ ਭੁੱਖ ਨੂੰ ਤਿਆਗ ਕੇ, ਲੋੜਵੰਦਾਂ ਦੀ ਮਦਦ ਕਰਨ ਦਾ ਬੀੜਾ ਚੁੱਕੀਏ। ਕਿਉਂਕਿ ਅੱਜ ਜੋ ਹਾਲਾਤ ਬਣੇ ਹਨ, ਬੱਚੇ ਬਹੁਤ ਸਾਰੇ ਹਨ, ਜੋ ਸਿੱਖਿਆ ਤੋਂ ਰਹਿਤ ਹਨ। ਹਸਪਤਾਲਾਂ ਅੰਦਰ ਵੀ ਹਾਲਤ ਕੋਈ ਬਹੁਤ ਵਧੀਆ ਨਹੀਂ ਹੈ। ਨਵੇਂ ਵਰ੍ਹੇ ਦੀ ਸ਼ੁਰੂਆਤ ਨੂੰ ਮੁੱਖ ਰੱਖ ਕੇ ਸਾਨੂੰ ਸਾਰਿਆਂ ਨੂੰ ਇੱਕ ਫਰਜ਼ ਪੂਰਾ ਕਰਨ ਦੀ ਕਾਮਨਾ ਦੇ ਤਹਿਤ ਵਿਉਂਤਬੰਦੀ ਬਣਾ ਕੇ ਆਪਣੇ ਇਸ ਵਰ੍ਹੇ ਨੂੰ ਚੰਗਾ ਬਣਾਉਣ ਦੇ ਲਈ ਸਾਰੇ ਪੱਖਾਂ ਨੂੰ ਵਾਚ ਕੇ ਮਦਦ ਕਰਨ ਦੀ ਲੋੜ ਹੈ। ਕਿਉਂਕਿ ਜੇਕਰ ਅਸੀਂ ਦੀਨ ਦੁਨੀਆਂ ਦੀ ਸੇਵਾ ਨਹੀਂ ਕਰ ਸਕਦੇ, ਤਾਂ ਅਸੀਂ ਅਸਲ ਵਿਚ ਉਸ ਮਾਲਕ ਨੂੰ ਖੁਸ਼ ਨਹੀਂ ਕਰ ਸਕਦੇ। ਹਰ ਵਰ੍ਹੇ 'ਤੇ ਅਸੀਂ ਕਹਿੰਦੇ ਤਾਂ ਬਹੁਤ ਕੁਝ ਹਾਂ ਪਰ ਕਰਦੇ ਕੁਝ ਵੀ ਨਹੀਂ। ਆਓ ਨਵੇਂ ਵਰ੍ਹੇ ਨੂੰ ਮੁੱਖ ਰੱਖ ਕੇ ਕਿਸੇ ਦੀ ਮਦਦ ਕਰਨ ਦਾ ਬੀੜਾ ਚੁੱਕੀਏ ਇਹੀ ਉਸ ਸੱਚੇ ਮਾਲਕ ਨੂੰ ਯਾਦ ਕਰਨ ਦੀ ਅਸਲ ਰਮਜ ਹੈ।




# ਭਾਰਤ ਦੀ ਪਹਿਲੀ ਅਧਿਆਪਕਾ ਸਵਿਤਰੀ ਬਾਈ ਫੂਲੇ ਪੁਸਤਕ ਦਾ ਰਿਵਿਊ




ਕੀਮਤ : 160
ISBN: 978-93-93428-02-8
ਪੇਜ: 103
ਸਹਿਬਦੀਪ ਪਬਲੀਕੇਸ਼ਨ ਭਿੱਖੀ, ਮਾਨਸਾ

-ਡਾ. ਸਰਬਜੀਤ ਸਿੰਘ
ਅਸਿਸਟੈਂਟ ਪ੍ਰੋਫੈਸਰ,
ਪੰਜਾਬੀ ਵਿਭਾਗ, ਖਾਲਸਾ
ਕਾਲਜ ਪਟਿਆਲਾ,
94176-26925
ਪੰਜਾਬ ਮੇਲ USA



ਭਾਰਤ ਦੀ ਪਹਿਲੀ ਅਧਿਆਪਕਾ ਸਵਿਤਰੀ ਬਾਈ ਫੂਲੇ ਪੁਸਤਕ ਦੇ ਲੇਖਕ ਡਾ. ਗੁਰਪ੍ਰੀਤ ਕੌਰ ਹਨ। ਇਸ ਪੁਸਤਕ ਦੇ ਤੀਹ ਪੜਾਅ ਹਨ। ਲੇਖਕ ਨੇ ਸਵਿਤਰੀ ਬਾਈ ਫੂਲੇ ਦੇ ਜੀਵਨ ਕਾਲ ਵਿਚ ਫੈਲੀਆਂ ਹੋਈਆਂ ਸਮਾਜਿਕ ਬੁਰਾਈਆਂ, ਜਿਸ ਵਿਚ ਛੂਤ ਅਛੂਤ, ਗਰੀਬ ਔਰਤ ਦੀ ਸਮਾਜਿਕ ਸਥਿਤੀ ਖਾਸ ਕਰਕੇ ਦਲਿਤ ਵਰਗ ਨਾਲ ਵਾਪਰ ਰਹੇ ਵਰਤਾਰਿਆਂ ਦਾ ਜ਼ਿਕਰ ਕੀਤਾ ਹੈ। ਗਿਆਨ ਉੱਪਰ ਕਿਸੇ ਖਾਸ ਵਰਗ ਦੇ ਕਬਜ਼ੇ ਦੀ ਭਾਵਨਾ ਦੇ ਅੰਤਰਗਤ ਸਮਾਜ ਦੇ ਬਾਕੀ ਵਰਗ ਨਾਲ ਮਾੜਾ ਵਿਵਹਾਰ ਕਰਨਾ, ਉਸ ਸਮੇਂ ਦੇ ਵਿਚ ਸਭ ਤੋਂ ਮਾੜੇ ਹਾਦਸੇ ਜਾਂ ਘਟਨਾ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਵਿਦਿਆ ਉੱਪਰ ਬ੍ਰਾਹਮਣ ਵਰਗ ਨੇ ਆਪਣਾ ਕਬਜ਼ਾ ਜਮਾ ਰੱਖਿਆ ਸੀ ਅਤੇ ਹੋਰ ਕੋਈ ਵੀ ਵਰਗ ਵਿਦਿਆ ਦੀ ਪ੍ਰਾਪਤੀ ਨਹੀਂ ਸੀ ਕਰ ਸਕਦਾ। ਜੇਕਰ ਕੋਈ ਵਰਗ ਵਿਦਿਆ ਪ੍ਰਾਪਤ ਕਰਨੀ ਵੀ ਚਾਹੁੰਦਾ ਸੀ ਤਾਂ ਉਸਨੂੰ ਡਰਾ ਧਮਕਾ ਕੇ ਵਿਦਿਆ ਤੋਂ ਦੂਰ ਕਰ ਦਿੱਤਾ ਜਾਂਦਾ ਸੀ, ਸ਼ਾਇਦ ਇਹ ਸੋਚ ਸੀ ਕਿ ਜੇ ਸਾਰੇ ਗਿਆਨ ਪ੍ਰਾਪਤ ਕਰ ਲੈਣਗੇ ਤਾਂ ਲੋਕ ਜਾਗਰੂਕ ਹੋ ਜਾਣਗੇ। ਦਲਿਤ ਵਰਗ ਨਾਲ ਬਹੁਤ ਮਾੜਾ ਵਿਵਹਾਰ ਕੀਤਾ ਜਾਂਦਾ ਸੀ। ਉਸ ਤੋਂ ਇਲਾਵਾ ਇਸਤਰੀ ਚਾਹੇ ਕਿਸੇ ਵੀ ਵਰਗ ਦੀ ਹੋਵੇ, ਉਸ ਨਾਲ ਸਮਾਜ ਦੇ ਵਿਚ ਚੰਗਾ ਵੀ ਵਿਵਹਾਰ ਨਹੀਂ ਸੀ ਕੀਤਾ ਜਾਂਦਾ, ਪਤੀ ਦੀ ਮੌਤ ਤੋਂ ਬਾਅਦ ਪਤਨੀ ਨੂੰ ਵੀ ਪਤੀ ਦੇ ਨਾਲ ਹੀ ਸਤੀ ਹੋਣਾ ਪੈਂਦਾ ਸੀ ਅਤੇ ਵਿਧਵਾ ਇਸਤਰੀਆਂ ਦੀ ਸਮਾਜ ਵਿਚ ਕੋਈ ਸਤਿਕਾਰਯੋਗ ਥਾਂ ਨਹੀਂ ਸੀ। ਵਿਧਵਾ ਜਾਂ ਗਰੀਬ ਵਰਗ ਦੀਆਂ ਇਸਤਰੀਆਂ ਅਮੀਰ ਵਰਗ ਦੇ ਲੋਕਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਸਨ। ਸਮਾਜ ਵਿਚ ਇਸਤਰੀ ਦੀ ਕੋਈ ਵੀ ਸੁਣਵਾਈ ਨਹੀਂ ਸੀ। ਅਜਿਹੇ ਸਮੇਂ ਵਿਚ ਸਵਿਤਰੀ ਬਾਈ ਫੂਲੇ ਨਾਮ ਦੀ ਕ੍ਰਾਂਤੀ ਨੇ ਸਮਾਜ ਨੂੰ ਮੁੜ ਲੀਹਾਂ 'ਤੇ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ। ਸਮਾਜ ਵਿਚ ਮਿਲੇ ਵਿਰੋਧ ਦੇ ਕਾਰਨ ਵੀ ਸਵਿਤਰੀ ਬਾਈ ਫੂਲੇ ਕਦੇ ਵੀ ਨਹੀਂ ਡੋਲੀ ਅਤੇ ਲਗਾਤਾਰ ਆਪਣੇ ਕੰਮ ਦੇ ਵਿਚ ਅੱਗੇ ਵੱਧਦੀ ਰਹੀ। ਸਵਿਤਰੀ ਬਾਈ ਫੂਲੇ ਨੂੰ ਉਦੋਂ ਹੋਰ ਬਲ ਮਿਲਦਾ ਹੈ, ਜਦੋਂ ਉਸਦਾ ਵਿਆਹ ਉਸਦੀ ਸੋਚ ਦੇ ਧਾਰਨੀ ਜੋਤੀਬਾ ਫੂਲੇ ਨਾਲ ਹੁੰਦਾ ਹੈ। ਸਵਿਤਰੀ ਬਾਈ ਫੂਲੇ ਜਨਮ ਤੋਂ ਲੈ ਕੇ ਅੰਤ ਤੱਕ ਇੱਕ ਵਿਸ਼ੇਸ਼ ਮਕਸਦ ਨਾਲ ਆਪਣੀ ਜ਼ਿੰਦਗੀ ਜਿਉਂਦੀ ਹੈ, ਜਿਸ ਵਿਚ ਛੋਟੇ ਬੱਚਿਆਂ ਦੀ ਪੜ੍ਹਾਈ, ਇਸਤਰੀਆਂ ਦੇ ਪੜ੍ਹਨ ਦਾ ਪ੍ਰਬੰਧ ਕਰਨਾ ਅਤੇ ਵਿਧਵਾਵਾਂ ਦੇ ਮੁੜ ਵਸੇਬੇ ਲਈ ਯਤਨ ਦੀ ਅਹਿਮ ਜ਼ਿੰਮੇਵਾਰੀ ਨਿਭਾਉਂਦੀ ਹੈ। ਸਮਾਜ ਸੇਵਾ ਦੇ ਅਜਿਹੇ ਕੰਮਾਂ ਵਿਚ ਉਸਨੂੰ ਬਹੁਤ ਸਾਰੀਆਂ ਚੁਣੌਤੀਆਂ ਦਾ ਅਤੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ। ਇੱਕ ਸਮਾਂ ਅਜਿਹਾ ਆਇਆ ਕਿ ਉਸ ਨੂੰ ਅਤੇ ਉਸਦੇ ਪਤੀ ਨੂੰ ਘਰ ਛੱਡ ਕੇ ਜਾਣ ਲਈ ਵੀ ਮਜਬੂਰ ਕੀਤਾ ਗਿਆ ਪਰ ਉਸਦੀ ਦ੍ਰਿੜ੍ਹਤਾ ਅਤੇ ਸਮਾਜ ਵੱਲੋਂ ਮਿਲੇ ਸਾਥ ਸਦਕਾ ਉਸਨੇ ਦੱਬੇ-ਕੁਚਲੇ ਵਰਗ ਦੇ ਲੋਕਾਂ ਅਤੇ ਇਸਤਰੀਆਂ ਲਈ ਉਹ ਕਰ ਦਿਖਾਇਆ, ਜੋ ਸਰਕਾਰਾਂ ਵੀ ਕਰਨ ਤੋਂ ਅਸਮਰਥ ਰਹਿੰਦੀਆਂ ਹਨ। ਆਪਣੀ ਪੂਰੀ ਜ਼ਿੰਦਗੀ ਉਸਨੇ ਬੱਚਿਆਂ ਦੀ ਸਿੱਖਿਆ, ਔਰਤਾਂ ਲਈ ਸਨਮਾਨਯੋਗ ਜ਼ਿੰਦਗੀ ਅਤੇ ਸਮਾਜ ਭਲਾਈ ਦੇ ਕਾਰਜ ਕੀਤੇ। ਸਵਿਤਰੀ ਬਾਈ ਫੂਲੇ ਨੇ ਜ਼ਿੰਦਗੀ ਦੇ ਵਿਚ ਅਹਿਮ ਕਾਰਜਾਂ ਵਜੋਂ ਬਾਲ ਵਿਆਹ ਸਤੀ ਪ੍ਰਥਾ ਤੇ ਵਿਧਵਾਵਾਂ ਨਾਲ ਹੋ ਰਹੇ ਅਨਿਆਏ ਪ੍ਰਤੀ ਆਵਾਜ਼ ਬੁਲੰਦ ਕੀਤੀ। ਸਵਿਤਰੀ ਬਾਈ ਫੂਲੇ ਨੇ ਧਰਮ ਦੀ ਸਹੀ ਵਿਆਖਿਆ ਕਰਦੇ ਹੋਏ, ਆਮ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਕਰਾਇਆ ਕਿ ਧਰਮ ਲੋਕਾਂ ਨੂੰ ਜੋੜਦਾ ਹੈ ਅਤੇ ਕੋਈ ਵੀ ਵਰਗ ਉੱਚਾ ਜਾਂ ਨੀਵਾਂ ਨਹੀਂ ਹੁੰਦਾ ਹੈ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਸਮਾਜ ਨੂੰ ਸੇਧ ਦਿੰਦੇ ਹੋਏ ਦੱਸਿਆ ਕਿ ਕੋਈ ਵੀ ਵਿਅਕਤੀ ਵਿਸ਼ੇਸ਼, ਮਾੜਾ ਨਹੀਂ ਹੁੰਦਾ, ਸਾਨੂੰ ਕਿਸੇ ਵੀ ਵਿਚਾਰਧਾਰਾ ਦੇ ਪਿੱਛੇ ਲੱਗ ਕੇ ਕਿਸੇ ਦੂਸਰੀ ਵਿਚਾਰਧਾਰਾ ਨੂੰ ਨਿੰਦਣਾ ਨਹੀਂ ਚਾਹੀਦਾ ਹੈ। ਸਾਰੀ ਜ਼ਿੰਦਗੀ ਵਿਚ ਸਵਿਤਰੀ ਬਾਈ ਫੂਲੇ ਨੇ ਇੰਨੇ ਮਹਾਨ ਅਤੇ ਕ੍ਰਾਂਤੀਕਾਰੀ ਕਾਰਜ ਕੀਤੇ ਕਿ ਜੋ ਉਸ ਨੂੰ ਅੱਜ ਵੀ ਸਾਡੇ ਸਾਹਮਣੇ ਨਿਧੜਕ ਰੂਪ ਵਿਚ ਪੇਸ਼ ਕਰ ਰਹੇ ਹਨ। ਅਸੀਂ ਅੱਜ ਦੇ ਸਮੇਂ ਵਿਚ ਉਨ੍ਹਾਂ ਦੇ ਕੀਤੇ ਕਾਰਜ ਤੋਂ ਜੇਕਰ ਉਨ੍ਹਾਂ ਨੂੰ ਸਿੱਖਿਆ ਦੇ ਖੇਤਰ ਵਿਚ ਕ੍ਰਾਂਤੀ ਕਹਿਣਾ ਹੋਵੇ, ਤਾਂ ਬਿਲਕੁਲ ਇਹ ਗੱਲ ਜਾਇਜ਼ ਹੈ। ਉਨ੍ਹਾਂ ਨੇ ਸਾਰੀ ਉਮਰ ਇੱਕ ਗੱਲ 'ਤੇ ਬਹੁਤ ਜ਼ੋਰ ਦਿੱਤਾ, ਉਹ ਸੀ ਗਿਆਨ ਦੇ ਸਾਧਨ 'ਤੇ ਸਾਰੇ ਲੋਕਾਂ ਦਾ ਹੱਕ ਹੈ। ਸਾਰੀ ਉਮਰ ਵਿਚ ਉਨ੍ਹਾਂ ਨੇ ਬਹੁਤ ਸਾਰੇ ਸਕੂਲ ਅਤੇ ਵਿਦਿਅਕ ਸੰਸਥਾਵਾਂ ਖੋਲ੍ਹੀਆਂ ਅਤੇ ਸਫਲਤਾਪੂਰਵਕ ਉਨ੍ਹਾਂ ਨੂੰ ਚਲਾਇਆ। ਉਨ੍ਹਾਂ ਦੇ ਇਸ ਕਾਰਜ ਕਰਕੇ ਸਮੇਂ-ਸਮੇਂ 'ਤੇ ਉਨ੍ਹਾਂ ਨੂੰ ਅੰਗਰੇਜ਼ ਹਕੂਮਤ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਭਾਰਤ ਦੀ ਪਹਿਲੀ ਅਧਿਆਪਕਾ ਸਵਿਤਰੀ ਬਾਈ ਫੂਲੇ ਪੁਸਤਕ ਦੀ ਲੇਖਕ ਡਾ. ਗੁਰਪ੍ਰੀਤ ਕੌਰ ਨੇ ਬਹੁਤ ਹੀ ਸੰਜੀਦਾ ਤਰੀਕੇ ਨਾਲ ਇਸ ਮਹਾਨ ਕਾਰਜ ਨੂੰ ਨੇਪਰੇ ਚਾੜ੍ਹਿਆ ਹੈ। ਲੇਖਕ ਨੇ ਇੱਕ ਸਦੀ ਦੀ ਉਸ ਮਹਾਨ ਸ਼ਖਸੀਅਤ ਨੂੰ ਸਾਡੇ ਸਨਮੁਖ ਕੀਤਾ ਹੈ, ਜਿਸ ਬਾਰੇ ਜ਼ਿਕਰ ਹੋਣਾ ਜਰੂਰੀ ਹੈ। ਇਸ ਕਿਤਾਬ ਦੀ ਭਾਸ਼ਾ, ਸ਼ੈਲੀ ਹੋਰ ਰਚਨਾਤਮਿਕ ਯੁਗਤਾ, ਹਰੇਕ ਪਾਠਕ ਨੂੰ ਇਸ ਤਰ੍ਹਾਂ ਅਹਿਸਾਸ ਕਰਾਉਂਦੀਆਂ ਹਨ ਕਿ ਉਹ ਸਾਰੀਆਂ ਘਟਨਾਵਾਂ ਬਿਲਕੁਲ ਉਸਦੇ ਸਾਹਮਣੇ ਵਾਪਰ ਰਹੀਆਂ ਹਨ, ਜਿਨ੍ਹਾਂ ਦਾ ਜ਼ਿਕਰ ਲੇਖਕ ਨੇ ਕਿਤਾਬ ਦੇ ਵਿਚ ਬਹੁਤ ਹੀ ਤਰਤੀਬ ਨਾਲ ਕੀਤਾ ਹੈ। ਕਿਸੇ ਦੂਸਰੇ ਦੀ ਜ਼ਿੰਦਗੀ ਦੇ ਉਹ ਅਹਿਮ ਅੰਸ਼ ਇਸ ਤਰ੍ਹਾਂ ਇਕ ਧਾਗੇ 'ਚ ਪਰੋ ਕੇ ਲਿਖਤ ਦਾ ਰੂਪ ਦੇ ਕੇ ਪਾਠਕਾਂ ਦੇ ਸਨਮੁਖ ਕਰਨਾ ਲੇਖਕ ਦੀ ਵੱਡੀ ਪ੍ਰਾਪਤੀ ਦਾ ਅਹਿਸਾਸ ਕਰਵਾਉਂਦੇ ਹਨ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਡਾ. ਗੁਰਪ੍ਰੀਤ ਕੌਰ ਨੇ ਖੋਜੀ ਬਿਰਤੀ ਦਾ ਅਨੁਭਵ ਕਰਦੇ ਹੋਏ, ਇਸ ਵਿਸ਼ੇਸ਼ ਕਿਤਾਬ ਰਾਹੀਂ ਇੱਕ ਅਜਿਹੀ ਸ਼ਖਸੀਅਤ ਨੂੰ ਸਾਡੇ ਸਾਹਮਣੇ ਲਿਆਂਦਾ ਹੈ, ਜੋ ਵਾਕਿਆ ਹੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਚਾਨਣ ਮਨਾਰਾ ਸਾਬਤ ਹੋਵੇਗੀ।

# ਬਹੁਪੱਖੀ ਸ਼ਖਸੀਅਤ ਦੇ ਮਾਲਕ ਸਨ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ



ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ
ਵਿਧਾਇਕ ਹਲਕਾ ਅਮਰਗੜ੍ਹ
98788-22000
ਪੰਜਾਬ ਮੇਲ USA



ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸ਼ਖਸੀਅਤ ਨੂੰ ਸ਼ਬਦਾਂ ਜ਼ਰੀਏ ਚਿੱਤਵਿਆ ਨਹੀਂ ਜਾ ਸਕਦਾ। ਗੁਰੂ ਸਾਹਿਬ ਸਬੰਧੀ ਅੱਲਾ ਯਾਰ ਖਾਂ ਜੋਗੀ ਵਰਗੇ ਆਲਮ ਫਾਜ਼ਲ ਸ਼ਾਇਰ ਨੇ ਲਿਖਿਐ,

'ਕਰਤਾਰ ਕੀ ਸੌਗੰਧ ਹੈ ਨਾਨਕ ਕੀ ਕਸਮ ਹੈ,
ਜਿਤਨੀ ਵੀ ਹੋ ਗੋਬਿੰਦ ਕੀ ਤਾਰੀਫ਼ ਵੁਹ ਕਮ ਹੈ,
ਹਰਚੰਦ ਮੇਰੇ ਹਾਥ ਮੇ ਪੁਰਜੋਰ ਕਲਮ ਹੈ,
ਸਤਿਗੁਰ ਕੇ ਲਿਖੂੰ ਵਸਫ਼ ਕਹਾਂ ਤਾਬੇ ਰਕਮ ਹੈ,

ਗੁਰੂ ਜੀ ਦਾ ਜਨਮ ਪੰਜਾਬ ਤੋਂ ਬਾਹਰ ਬਿਹਾਰ ਦੇ ਸ਼ਹਿਰ ਪਟਨੇ ਦੀ ਧਰਤੀ 'ਤੇ ਹੋਇਆ। ਇਹ ਵੀ ਇੱਕ ਕੌਤਕ ਹੀ ਸੀ ਕਿ ਸਾਡੇ ਦਸ ਗੁਰੂ ਸਾਹਿਬਾਨਾਂ ਵਿਚੋਂ ਇਕੱਲੇ ਦਸਮ ਪਿਤਾ ਹੀ ਪੰਜਾਬ ਦੀ ਧਰਤੀ ਤੋਂ ਬਾਹਰ ਦੇ ਜੰਮਪਲ ਸਨ। ਇਹ ਸਹਿਤ ਭਾਸ਼ਾ ਤੇ ਭੰਗੋਲਿਕਤਾ ਤੋਂ ਬਾਹਰ ਦੀ ਗੱਲ ਹੈ ਕਿ ਭਾਰਤ ਧਰਤੀ ਨੇ ਕੋਈ ਚੰਗੇ ਕਰਮ ਜਾਂ ਵੱਡੀ ਤਪੱਸਿਆ ਕੀਤੀ ਹੋਵੇਗੀ ਕਿ ਇੱਥੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਰਗੀ ਸ਼ਖਸੀਅਤ ਨੇ ਜਨਮ ਲਿਆ। ਗੁਰੂ ਸਾਹਿਬ ਸੰਬੰਧਿਤ ਬਚਪਨ ਦੀਆਂ ਸਾਖੀਆਂ ਵੀ ਇਹ ਸਿੱਧ ਕਰਦੀਆਂ ਹਨ ਕਿ ਉਨ੍ਹਾਂ ਨੇ ਉਸ ਵੇਲੇ ਕਿੱਡਾ-ਵੱਡਾ ਸੰਕੇਤ ਦੇ ਦਿੱਤਾ। ਜਦ ਗੁਰੂ ਜੀ ਦਾ ਇੱਕ ਕੰਗਣ ਗੰਗਾ ਨਦੀ ਵਿਚ ਡਿੱਗ ਗਿਆ, ਤਾਂ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੰਗਣ ਕਿੱਥੇ ਹੈ, ਤਾਂ ਬਾਲ ਗੋਬਿੰਦ ਨੇ ਝੱਟ ਆਖ ਦਿੱਤਾ, ਚਲੋ ਮੇਰੇ ਨਾਲ, ਦੱਸਦਾ ਹਾਂ ਗੁਰੂ ਸਾਹਿਬ ਨੇ ਸਾਰਿਆਂ ਨੂੰ ਗੰਗਾ ਦੇ ਕਿਨਾਰੇ 'ਤੇ ਲਿਆ ਖੜ੍ਹਾ ਕਰ ਦਿੱਤਾ ਅਤੇ ਆਪਣਾ ਦੂਜਾ ਕੰਗਣ ਹੱਥ ਵਿਚੋਂ ਕੱਢ ਗੰਗਾ ਵਿਚ ਛੁੱਟ ਦਿੱਤਾ ਤੇ ਆਖ ਦਿੱਤਾ ਇੱਥੇ ਹੈ। ਸਾਰੇ ਹੈਰਾਨ ਹੋਏ ਇੱਕ ਕੰਗਣ ਤਾਂ ਗੁੰਮ ਹੋਇਆ ਹੀ ਸੀ, ਗੁਰੂ ਜੀ ਨੇ ਦੂਜਾ ਵੀ ਗੰਗਾ ਵਿਚ ਸੁੱਟ ਦਿੱਤਾ। ਕਿਸੇ ਨੂੰ ਕੁਝ ਸਮਝ ਨਾ ਆਇਆ ਪਰ ਗੁਰੂ ਸਾਹਿਬ ਨੇ ਬਾਲ ਅਵਸਥਾ ਵਿਚ ਹੀ ਦੁਨੀਆਂ ਨੂੰ ਦੱਸ ਦਿੱਤਾ ਸੀ ਕਿ ਸੰਸਾਰ ਰੂਪੀ ਪਦਾਰਥਾਂ ਦੀ ਮੇਰੇ ਕੋਲ ਕੋਈ ਕੀਮਤ ਨਹੀਂ, ਇਹ ਸੋਨਾ ਰੂਪੀ ਕੰਗਣ ਦੀ ਕੀਮਤ ਤੁਹਾਡੇ ਕੋਲ ਹੋਵੇਗੀ। ਉਨ੍ਹਾਂ ਨੇ ਵੱਡੇ ਤਿਆਗੀ ਹੋਣ ਦਾ ਸੁਨੇਹਾ ਉਸ ਵੇਲੇ ਹੀ ਸਾਨੂੰ ਦੇ ਦਿੱਤਾ ਸੀ। ਗੁਰੂ ਸਾਹਿਬ ਦਾ ਦੂਜਾ ਇਮਤਿਹਾਨ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਕਸ਼ਮੀਰੀ ਪੰਡਤਾਂ ਦੀ ਫਰਿਆਦ ਸੁਣਨ ਸਮੇਂ ਦੁਵਿਧਾ ਵਿਚੋਂ ਕੱਢ ਇੱਕਦਮ ਉਨ੍ਹਾਂ ਦੀ ਰੱਖਿਆ ਖਾਤਰ ਕੁਰਬਾਨੀ ਕਰਨ ਲਈ ਆਪਣੇ ਪਿਤਾ ਜੀ ਨੂੰ ਆਖਣਾ ਸੀ ਕਿ ਤੁਹਾਡੇ ਤੋਂ ਬਲੀ ਹੋਰ ਕੌਣ ਹੋ ਸਕਦਾ ਹੈ। ਗੁਰੂ ਜੀ ਦਾ ਇਹ ਸੰਦੇਸ਼ ਲੁਕਾਈ ਦੀ ਰੱਖਿਆ ਲਈ ਕੀਤੀ ਜਾ ਰਹੀ ਵੱਡੀ ਤੋਂ ਵੱਡੀ ਕੁਰਬਾਨੀ ਮੌਕੇ ਦਿੱਤਾ ਜਾ ਸਕਦਾ ਹੈ।

ਗੁਰੂ ਸਾਹਿਬ ਨੇ ਆਪਣੇ ਆਪ ਨੂੰ ਕੁਦਰਤ ਨਾਲ ਜੋੜ ਕੇ ਰੱਖਿਆ। ਉਨ੍ਹਾਂ ਨੇ ਮਨੁੱਖ ਜਾਤੀ ਨੂੰ ਖਾਲਸ ਰੂਪ ਬਖਸ਼ ਕੇ ਸਭ ਤੋਂ ਪਹਿਲਾਂ ਕੁਦਰਤੀ ਨਿਯਮਾਂ ਦੀ ਪਾਲਣਾ ਕੀਤੀ। ਖਾਲਸਾ ਪੰਥ ਦੀ ਇਹ ਇੱਕ ਵਿਲੱਖਣਤਾ ਹੈ, ਜੋ ਸਾਰੇ ਧਰਮਾਂ ਨਾਲੋਂ ਇਸ ਨੂੰ ਵੱਖਰਾ ਕਰਦੀ ਹੈ। ਉਸ ਸਮੇਂ ਹਿੰਦੁਸਤਾਨ ਦੀ ਸਭ ਤੋਂ ਵੱਡੀ ਕਮਜ਼ੋਰੀ ਜਾਤ-ਪਾਤ ਵਿਚ ਹੋਣਾ ਸੀ। ਉਨ੍ਹਾਂ ਨੇ ਜਦੋਂ ਪੰਡਤਾਂ ਨਾਲ ਬੈਠ ਹਵਨ ਕੀਤਾ ਅਤੇ ਆਖਿਆ ਕਿ ਦੈਵੀ ਸ਼ਕਤੀਆਂ ਦੇ ਨਾਲ ਅਸੀਂ ਅਤੇ ਸਾਡੇ ਧਰਮ ਜਿਉਂਦੇ ਨਹੀਂ ਰਹਿ ਸਕਦੇ। ਇੱਥੇ ਸਾਨੂੰ ਤਲਵਾਰ ਰੂਪੀ ਦੈਵੀ ਦੀ ਪੂਜਾ ਜ਼ਰੂਰੀ ਹੈ। ਖਾਲਸਾ ਪੰਥ ਦੀ ਸਥਾਪਨਾ ਨੇ ਇੱਕੋ ਝਟਕੇ ਨਾਲ ਸੁੱਤੇ ਹਿੰਦੁਸਤਾਨ ਨੂੰ ਇੱਕਮੁੱਠ ਕਰ ਦਿੱਤਾ। ਜਾਤ-ਪਾਤ ਦਾ ਖਾਤਮਾ, ਪੰਚ ਸਿਧਾਂਤ ਦੀ ਪਾਲਣਾ ਨਾਲ ਕੀਤਾ। ਦੁਨੀਆਂ ਦੀ ਇਸ ਤੋਂ ਵੱਡੀ ਉਦਾਹਰਨ ਹੋਰ ਕੀ ਹੋ ਸਕਦੀ ਹੈ ਕਿ ਗੁਰੂ ਸਾਹਿਬ ਲੋਕਰਾਜੀ ਸਿਧਾਂਤ ਦੇ ਕਿੰਨੇ ਹਾਮੀ ਸਨ। ਪੰਜ ਪਿਆਰਿਆਂ ਦੀ ਚੋਣ ਤੇ ਪੰਜ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਦਿੱਤਾ, ਜਿਸ ਦਾ ਅਰਥ ਪੂਰੇ ਅੰਬਰ ਦੀ ਤਾਕਤ, ਪੂਰੇ ਬ੍ਰਹਿਮੰਡ ਦੀ ਸ਼ਕਤੀ ਪੰਜਾਂ ਪਿਆਰਿਆਂ ਨੂੰ ਛਕਾ ਦਿੱਤੀ ਸੀ। ਉਸ ਨਾਲੋਂ ਵੀ ਵੱਡੀ ਗੱਲ ਪੰਚਮ ਸਿਧਾਂਤ ਅਨੁਸਾਰ ਉਨ੍ਹਾਂ ਤੋਂ ਖੁਦ ਆਪ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।

'ਵਾਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਅਕੇਲਾ
ਵਾਹੁ-ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ'

ਉਹ ਕਿਹੜੀ ਕੁਰਬਾਨੀ ਹੈ, ਜਿਹੜੀ ਖਾਲਸੇ ਨੇ ਨਹੀਂ ਕੀਤੀ। ਹਜ਼ਾਰਾਂ ਨਹੀਂ, ਲੱਖਾਂ ਕੁਰਬਾਨੀਆਂ ਦੇਣ ਵਾਲਾ ਖਾਲਸਾ ਅੱਜ ਤੱਕ ਕਿਸੇ ਜ਼ੁਲਮ ਅੱਗੇ ਈਨ ਮੰਨਦਾ ਨਹੀਂ ਵੇਖਿਆ। ਕਦੇ ਖਾਲਸੇ ਨੇ ਡਰ ਨਾਲ ਆਪਣਾ ਧਰਮ ਤਬਦੀਲ ਨਹੀਂ ਕੀਤਾ, ਇਸ ਨਾਲੋਂ ਖਾਲਸੇ ਦੀ ਵੱਡੀ ਜਿੱਤ ਹੋਰ ਕੀ ਹੋ ਸਕਦੀ ਹੈ ਕਿ ਖੰਡੇ ਬਾਟੇ ਦੀ ਪਾਹੁਲ ਨੇ 65 ਕੁ ਸਾਲਾਂ ਵਿਚ ਖਾਲਸੇ ਦਾ ਝੰਡਾ ਲਾਹੌਰ 'ਤੇ ਝੁਲਾ ਦਿੱਤਾ ਸੀ। ਗੁਰੂ ਸਾਹਿਬ ਦੇ ਅੰਮ੍ਰਿਤ ਵਿਚ ਅੰਤਾਂ ਦੀ ਸਕਤੀ ਸੀ, ਜਿਸ ਨੂੰ ਛਕ ਕੇ ਮੌਤ ਨੂੰ ਮਖੌਲ ਕਰਨ ਵਾਲੀ ਬਖਸ਼ੀ ਧਾਰਨਾ ਨੂੰ ਪੱਕੇ ਕਰ ਦਿੱਤਾ ਸੀ। ਗੁਰੂ ਸਾਹਿਬ ਵੱਲੋਂ ਖਾਲਸੇ ਨੂੰ ਬਖਸ਼ੀ ਪੌਸ਼ਾਕ ਵੀ ਕਮਾਲ ਦੀ ਹੈ। ਉਨ੍ਹਾਂ ਅੱਗੇ ਆਖਿਆ,

'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ,'

ਗੁਰੂ ਸਾਹਿਬ ਦੀ ਇਹ ਧਾਰਨਾ ਵੀ ਇੱਕ ਦਿਨ ਜ਼ਰੂਰ ਪੂਰੀ ਹੋਵੇਗੀ, ਕਿਉਂਕਿ ਅੱਜ ਮਨੁੱਖ ਦਿਖਾਵੇ ਦੀ ਜ਼ਿੰਦਗੀ ਜਿਉ ਰਿਹਾ ਹੈ। ਮਨੁੱਖ ਜਾਤੀ ਅੰਦਰ ਹਜ਼ਾਰਾਂ ਹੀ ਕਮਜ਼ੋਰੀਆਂ ਆ ਗਈਆਂ ਹਨ, ਜਦੋਂ ਮਨੁੱਖ ਨੂੰ ਇਹ ਸਮਝ ਆ ਜਾਵੇਗੀ ਕਿ ਭੈੜੇ ਤੇ ਬਨਾਵਟੀ ਗੁਣਾਂ ਵਾਲੀ ਜ਼ਿੰਦਗੀ ਨਾਲੋਂ ਅਸਲੀ ਤੇ ਕੁਦਰਤੀ ਨਿਯਮਾਂ ਵਿਚ ਰਹਿਣ ਵਾਲੀ ਜ਼ਿੰਦਗੀ ਹਜ਼ਾਰਾਂ ਗੁਣਾਂ ਚੰਗੀ ਹੈ। ਜਦੋਂ ਅਜਿਹੀ ਸੋਚ ਦੇ ਲੋਕ ਰਾਜ ਕਰਨ ਲੱਗ ਜਾਣਗੇ, ਤਾਂ ਉਸ ਸਮੇਂ ਗੁਰੂ ਸਾਹਿਬ ਦੀ ਭਵਿੱਖਬਾਣੀ ਸੱਚ ਸਾਬਤ ਹੋਵੇਗੀ।

ਗੁਰੂ ਜੀ ਦੇ ਵਿਚ ਯੁੱਧ ਕਲਾ ਦਾ ਨਮੂਨਾ ਦੁਨੀਆਂ ਵਿਚ ਕਿਤੇ ਹੋਰ ਨਹੀਂ ਮਿਲਦਾ, ਕਿੰਨੇ ਹੀ ਯੁੱਧ ਉਨ੍ਹਾਂ ਆਪਣੀ ਯੁੱਧ ਨੀਤੀ ਕਰਕੇ ਜਿੱਤੇ ਸਨ ਅਤੇ ਕਦੇ ਹਾਰ ਨਹੀਂ ਮੰਨੀ।

ਪੂਰੇ ਭਾਰਤ ਵਿਚ ਸਾਰੇ ਸੂਬਿਆਂ ਦੇ ਅਧੀਨ ਰਾਜਿਆਂ ਸਮੇਤ 10 ਲੱਖ ਸੈਨਾ ਦਾ ਮੁਕਾਬਲਾ ਗੁਰੂ ਸਾਹਿਬ ਨੇ ਪੰਜ ਸਿੰਘਾਂ ਤੋਂ ਕਰਵਾ ਦਿੱਤਾ। ਇਥੇ ਕਈ ਲੋਕ ਮੈਦਾਨ ਵਿਚ 10 ਲੱਖ ਫੌਜ ਦੀ ਗਿਣਤੀ ਨੂੰ ਮੰਨ ਲੈਂਦੇ ਹਨ ਪਰ ਇਹ ਅਜਿਹੀ ਗੱਲ ਨਹੀਂ ਸੀ। ਗੁਰੂ ਸਾਹਿਬ ਦੇ ਅਰਥ ਸਨ ਕਿ 10 ਲੱਖ ਫੌਜ ਦੀ ਗਿਣਤੀ ਨਹੀਂ, ਬਲਕਿ ਪੂਰੀ ਤਾਕਤ ਦੀ ਗੱਲ ਸੀ। ਜਿਵੇਂ ਹੁਣ ਸਾਡੇ ਭਾਰਤ ਕੋਲ 12 ਲੱਖ ਫੌਜ ਹੈ ਅਤੇ ਜੋ ਇੱਕ ਥਾਂ ਕਦੇ ਵੀ ਇਕੱਠੀ ਨਹੀਂ ਹੁੰਦੀ ਪਰ ਉਸ ਦੀ ਪੂਰੀ ਤਾਕਤ ਦਾ ਕੇਂਦਰ ਬਿੰਦੂ ਤਾਂ ਇੱਕ ਹੀ ਹੈ। ਗੁਰੂ ਸਾਹਿਬ ਨੇ ਇੱਕੋ ਝਟਕੇ ਨਾਲ ਭਾਰਤ ਦੀ ਜਾਤੀ ਵਿਵਸਥਾ ਨੂੰ ਅੰਮ੍ਰਿਤ ਦੀ ਦਾਤ ਨਾਲ ਜੋੜ ਕੇ ਜੜ੍ਹਾਂ ਤੋਂ ਪੁੱਟ ਦਿੱਤਾ, ਇਸ ਨਾਲੋਂ ਵੱਡੀ ਕ੍ਰਾਂਤੀ ਹੋਰ ਕੀ ਹੋ ਸਕਦੀ ਹੈ। ਇਸ ਕ੍ਰਾਂਤੀ ਕਰਕੇ ਹੀ ਸਿੰਘਾਂ ਨੇ 10 ਲੱਖ ਦੀ ਸੈਨਾ ਦਾ ਮੁਕਾਬਲਾ ਕਰਕੇ ਸਿੱਖ ਰਾਜ ਮਹਾਰਾਜਾ ਰਣਜੀਤ ਸਿੰਘ ਦੇ ਰੂਪ ਵਿਚ ਹਾਸਲ ਕੀਤਾ। ਗੁਰੂ ਸਾਹਿਬ ਦੇ ਪਰਿਵਾਰ ਵਿਚ ਪਿਆ ਵਿਛੋੜਾ ਵੀ ਕੋਈ ਛੁਪੀ ਹੋਈ ਅਲੌਕਿਕ ਸਕਤੀ ਹੀ ਸੀ ਕਿ ਉਨ੍ਹਾਂ ਨੇ ਆਪਣੇ ਮਹਿਲਾਂ ਨੂੰ ਪਹਿਲਾਂ ਹੀ ਭਾਈ ਮਨੀ ਸਿੰਘ ਨੂੰ ਤੋਰ ਦਿੱਤਾ ਤੇ ਛੋਟੇ ਸਾਹਿਬਜ਼ਾਦੇ ਇੱਕ ਮਾਂ ਨਾਲੋਂ ਅਲੱਗ ਕਿਵੇਂ ਕਰ ਦਿੱਤੇ। ਇਸ ਸਬੰਧੀ ਗੁਰੂ ਸਾਹਿਬ ਨੂੰ ਪਹਿਲਾਂ ਹੀ ਪਤਾ ਸੀ ਕਿ ਸੀ ਕਿ ਪੁੱਤਰ ਦੀ ਕੁਰਬਾਨੀ ਦੇ ਵੇਲੇ ਮਾਂ ਡੋਲ੍ਹ ਨਾ ਜਾਵੇ, ਇਸੇ ਲਈ ਉਨ੍ਹਾਂ ਮਾਤਾ ਗੁਜਰੀ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ। ਕਿਉਂਕਿ ਮਾਤਾ ਜੀ ਆਪਣੇ ਪਤੀ ਦਾ ਵਿਛੋੜਾ ਝੱਲ ਚੁੱਕੇ ਸੀ, ਉਹ ਉਦੋਂ ਵੀ ਨਹੀਂ ਸਨ ਡੋਲੇ ਇਸੇ ਲਈ ਮਾਤਾ ਨਾਲ ਦੋਵੇਂ ਛੋਟੇ ਸਾਹਿਬਜ਼ਾਦੇ ਤੋਰ ਦਿੱਤੇ ਗਏ। ਮਾਤਾ ਦੀ ਪ੍ਰੇਰਨਾ ਸਦਕਾ ਹੀ ਦੁਨੀਆਂ ਵਿਚ ਅਜਿਹੀ ਕੋਈ ਉਦਾਹਰਣ ਨਹੀਂ ਸੀ ਕਿ ਇੰਨੀ ਛੋਟੀ ਉਮਰ ਵਿਚ ਕਿਸੇ ਮਾਸੂਮ ਬੱਚੇ ਨੇ ਮੌਤ ਦੀ ਸਜ਼ਾ ਕਬੂਲ ਕੀਤੀ ਹੋਵੇ।

ਦੂਜੀ ਵੱਡੀ ਗੱਲ ਸੱਤ ਸਾਲ ਤੇ ਨੌ ਸਾਲ ਦੇ ਬੱਚਿਆਂ ਨੇ ਵੀ ਦੂਜੇ ਧਰਮ ਨੂੰ ਅਪਣਾਉਣ ਤੋਂ ਕੋਰੀ ਨਾਂਹ ਕੀਤੀ ਹੋਵੇ। ਇਸ ਤੋਂ ਵੱਡਾ ਗੁਰੂ ਦਾ ਪ੍ਰਤਾਪ ਹੋਰ ਕੀ ਹੋ ਸਕਦਾ ਹੈ। ਚਮਕੌਰ ਦੀ ਜੰਗ ਵਿਚ ਅਜੀਤ ਸਿੰਘ 17 ਸਾਲ ਦਾ ਪੁੱਤ ਅੱਖਾਂ ਦੇ ਸਾਹਮਣੇ ਹਜ਼ਾਰਾਂ ਦੀ ਗਿਣਤੀ ਵਿਚ ਫੌਜ ਨਾਲ ਲੜ ਰਿਹਾ ਹੋਵੇ ਅਤੇ ਜਿਸ ਦਾ ਪਤਾ ਹੀ ਹੈ ਕਿ ਕੁਰਬਾਨੀ ਹੀ ਹੋਵੇਗੀ। ਇਸੇ ਤਰ੍ਹਾਂ ਦੂਜਾ ਸਾਹਿਬਜ਼ਾਦਾ ਜੁਝਾਰ ਸਿੰਘ 14 ਸਾਲ ਦੀ ਉਮਰ ਦੇ ਵਿਚ ਜੰਗ ਲੜਦਾ-ਲੜਦਾ ਸ਼ਹੀਦ ਹੋ ਗਿਆ।

ਦੁਨੀਆਂ ਵਿਚ ਕੋਈ ਪਿਤਾ ਹੋਵੇਗਾ, ਜੋ ਕਿ ਇੱਕ ਘੰਟੇ ਵਿਚ ਆਪਣੇ ਅੱਖੀ ਆਪਣੇ ਦੋ ਪੁੱਤਰਾਂ ਦੀ ਕੁਰਬਾਨੀ ਦੇ ਰਿਹਾ ਹੋਵੇ। ਅਜਿਹੀ ਉਦਾਹਰਣ ਦੁਨੀਆਂ ਵਿਚ ਕਿਤੇ ਨਹੀਂ ਮਿਲੇਗੀ। ਆਪਣੇ ਸੀਨੇ 'ਤੇ ਹੱਥ ਰੱਖ ਕੇ ਵੇਖੋ ਕਿ ਉਸ ਪਿਤਾ ਦਾ ਜਿਗਰਾ ਕਿਹੋ ਜਿਹਾ ਹੋਵੇਗਾ, ਜਿਸ ਨੇ ਕੌਮ ਵਿਚ ਅਜਿਹੀ ਉਦਾਹਰਨ ਪੈਦਾ ਕੀਤੀ ਹੈ।

'ਕਟਵਾ ਦੀਏ ਸ਼ਿਸ਼ ਸਾਮਨੇ ਗੀਤਾ ਕੋ ਸੁਣਾ ਕੇ
ਰੂਹ ਫੂਕ ਦੀ ਗੋਬਿੰਦ ਨੇ ਔਲਾਦ ਕੋ ਕਟਾਕੇ,
(ਅੱਲਾ ਯਾਰ ਖਾਂ ਜੋਗੀ )

ਗੁਰੂ ਸਾਹਿਬ ਪਰਿਵਾਰ ਵਾਰ ਕੇ ਮਾਛੀਵਾੜੇ ਦੇ ਜੰਗਲਾਂ ਵਿਚ ਰੱਬ ਨੂੰ ਉਲਾਂਭਾ ਵੀ ਨਹੀਂ ਦਿੰਦੇ, ਸਗੋਂ ਆਪਣਾ ਹਾਲ ਬਿਆਨ ਕਰ ਰਹੇ ਹਨ।

'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ,
ਤੁਧ ਬਿਨ ਰੋਗ ਰਜਾਈਆਂ ਦਾ ਓਡਣ, ਨਾਗ ਨਿਵਾਸਾਂ ਦੇ ਰਹਿਣਾ,
ਯਾਰੜੇ ਦਾ ਸਾਨੂੰ ਸੱਥਰ ਚੰਗਾ, ਭੱਠ ਖੇੜਿਆਂ ਦਾ ਰਹਿਣਾ,

ਉੱਥੇ ਵੀ ਟਿੰਡ ਦਾ ਸਰਾਣਾ ਲਾ ਕੇ ਸੌਣ ਦਾ ਜਿਗਰਾ ਗੁਰੂ ਸਾਹਿਬ ਤੋਂ ਬਿਨਾਂ ਹੋਰ ਕੌਣ ਕਰ ਸਕਦਾ ਸੀ। ਆਪਣਾ ਰਾਜਭਾਗ ਅਨੰਦਪੁਰ ਸਾਹਿਬ ਨੂੰ ਛੱਡ ਕੇ ਜੰਗਲਾਂ ਵਿਚ ਗੁਜ਼ਾਰਨਾ, ਇਹ ਕੋਈ ਸਾਧਾਰਨ ਘਟਨਾ ਨਹੀਂ ਸੀ। ਚਾਰ ਪੁੱਤਰ ਤੇ ਮਾਂ ਗੁਰੂ ਤੇਗ ਬਹਾਦਰ ਨੂੰ ਮਿਲਾ ਦਿੱਤੇ। ਚਾਰੇ ਪੁੱਤਰਾਂ ਨੂੰ ਕੌਮ ਉਪਰੋਂ ਵਾਰਨ ਤੋਂ ਬਾਅਦ ਕੋਈ ਵੱਡੇ ਤੋਂ ਵੱਡੇ ਦਿਲ ਵਾਲਾ ਪਿਤਾ ਹੀ ਇਹ ਸਭ ਆਖ ਸਕਦਾ ਹੈ।

'ਇਨ ਪੁੱਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ, ਚਾਰ ਮੋਏ ਤੋਂ ਕਿਆ ਹੂਆ ਜੀਵਤ ਕਈ ਹਜ਼ਾਰ, ਅਜਿਹਾ ਕੌਣ ਪਿਤਾ ਹੋਵੇਗਾ, ਜੋ ਸਾਧਾਰਨ ਜਨਤਾ ਨੂੰ ਆਪਣੇ ਪੁੱਤਰ ਸਮਝੇਗਾ। ਉਨ੍ਹਾਂ ਆਪਣੇ ਆਪ ਨੂੰ ਸਦਾ ਹੀ ਖਾਲਸੇ ਦੇ ਸਰੂਪ ਵਿਚ ਪ੍ਰਗਟ ਹੋਣ ਦਾ ਸੰਦੇਸ਼ ਦਿੱਤਾ। ਗੁਰੂ ਸਾਹਿਬ ਨੇ ਆਪਣੀ ਹੋਂਦ ਨੂੰ ਵੀ ਖਾਲਸੇ ਵਿਚ ਹੀ ਜਨਤਾ ਸਾਹਮਣੇ ਪ੍ਰਗਟ ਕੀਤਾ। ਉਨ੍ਹਾਂ ਨੇ ਸਿੱਖ ਕੌਮ ਨੂੰ ਬਚਨ ਦਿੱਤਾ ਸੀ ਕਿ

'ਖਾਲਸਾ ਮੇਰੋ ਰੂਪ ਹੈ ਖਾਸ,
ਖਾਲਸੇ ਮਹਿ ਹੌ ਕਰੌ ਨਿਵਾਸ'।

ਧੰਨ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਨ੍ਹਾਂ ਨੇ ਹਰ ਇੱਕ ਕੰਮ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਕੀਤਾ ਅਤੇ ਖਾਲਸੇ ਤੋਂ ਸਦਾ ਹੀ ਆਪਾ ਵਾਰਨ ਦੀ ਕਾਮਨਾ ਕੀਤੀ ਹੈ। ਇਸ ਦੀ ਸਭ ਤੋਂ ਵੱਡੀ ਉਦਾਹਰਨ ਉਦੋਂ ਪ੍ਰਗਟ ਹੋਈ, ਜਦੋਂ 40 ਸਿੰਘਾਂ ਨੇ ਗੁਰੂ ਸਾਹਿਬ ਨੂੰ ਬੇਦਾਵਾ ਦੇ ਦਿੱਤਾ ਸੀ ਪਰ ਗੁਰੂ ਜੀ ਨੂੰ ਆਸ ਸੀ ਕਿ ਮੇਰੇ ਸਿੰਘ ਇੱਕ ਦਿਨ ਜ਼ਰੂਰ ਵਾਪਸ ਪਰਤਣਗੇ। ਇਸ ਲਈ ਭਾਈ ਮਹਾ ਸਿੰਘ ਦੀ ਬੇਨਤੀ ਤੇ ਬੇਦਾਵਾ ਪਾੜ ਕੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਆਪਣੀ ਹਿੱਕ ਨਾਲ ਲਗਾ ਲਿਆ। ਗੁਰੂ ਸਾਹਿਬ ਨੇ ਆਪਣੇ ਪਰਿਵਾਰ ਤੋਂ ਵਿਛੜ ਕੇ ਸਭ ਕੁਝ ਕੌਮ ਉਪਰੋਂ ਵਾਰ ਕੇ ਆਪਣੇ ਕੋਲ ਕੁਝ ਨਾ ਰੱਖਿਆ ਪਰ ਉਨ੍ਹਾਂ ਨੇ ਆਪਣੇ ਸਿੰਘਾਂ ਦੇ ਉਸ ਬੇਦਾਵੇ ਨੂੰ ਆਪਣੀ ਕੋਲ ਸੰਭਾਲ ਕੇ ਰੱਖਿਆ ਕਿਉਂਕਿ ਉਨ੍ਹਾਂ ਨੂੰ ਉਮੀਦ ਸੀ ਕਿ ਉਹ ਵਾਪਸ ਜ਼ਰੂਰ ਆਉਣਗੇ, ਜਦੋਂ ਬੇਦਾਵਾ ਪਾੜ ਦਿੱਤਾ, ਤਾਂ ਗੁਰੂ ਸਾਹਿਬ ਨੂੰ ਕਿੰਨੀ ਤਸੱਲੀ ਹੋਈ ਹੋਵੇਗੀ।

ਗੁਰੂ ਸਾਹਿਬ ਦੀ ਨਿਡਰਤਾ ਤਾਂ ਹਰ ਸਮੇਂ ਹੀ ਪ੍ਰਗਟ ਹੁੰਦੀ ਸੀ ਪਰ ਜਿਸ ਦਲੇਰੀ ਨਾਲ ਹਿੰਦੁਸਤਾਨ ਦੇ ਬਾਦਸ਼ਾਹ ਔਰੰਗਜ਼ੇਬ ਨੂੰ ਸਿੱਧਾ ਪੱਤਰ ਲਿਖ ਕੇ ਜਿਸ ਭਾਸ਼ਾ ਦਾ ਇਸਤੇਮਾਲ ਉਨ੍ਹਾਂ ਨੇ ਜ਼ਫ਼ਰਨਾਮਾ ਵਿਚ ਕੀਤਾ ਹੈ। ਉਨ੍ਹਾਂ ਸਮਿਆਂ ਵਿਚ ਕੋਈ ਨਹੀਂ ਲਿਖ ਸਕਿਆ। ਔਰੰਗਜ਼ੇਬ ਨੂੰ ਤਾਹਨੇ, ਕਾਇਰਤਾ ਅਤੇ ਉਸ ਦੇ ਬੁਜ਼ਦਿਲੀ ਵਰਗੇ ਕਾਰਨਾਮਿਆਂ ਬਾਰੇ ਬਾਖੂਬੀ ਲਿਖਿਆ ਅਤੇ ਕਿਵੇਂ ਆਪਣੇ ਹੱਕਾਂ ਲਈ ਸ਼ਮਸੀਰ ਚੁੱਕਣ ਨੂੰ ਜਾਇਜ਼ ਕਿਹਾ। ਇਹ ਬਾ ਕਮਾਲ ਹੈ। ਉਨ੍ਹਾਂ ਨੇ ਕਦੇ ਵੀ ਨਿਰਾਸ਼ਤਾ, ਬੇਬਸੀ ਵਰਗੇ ਸ਼ਬਦ ਆਪਣੀ ਜ਼ੁਬਾਨ ਵਿਚੋਂ ਪ੍ਰਗਟ ਨਹੀਂ ਕੀਤੇ। ਇਹ ਆਖਣਾ ਹੀ ਉਨ੍ਹਾਂ ਸਮਿਆਂ ਵਿਚ ਬਹੁਤ ਵੱਡੀ ਗੱਲ ਸੀ। ਉਨ੍ਹਾਂ ਦੀ ਕਲਮ ਦਾ ਕਮਾਲ ਕਿੰਨੀਆਂ ਹੀ ਲਿਖਤਾਂ ਜਿਹੜੀਆਂ ਸਾਡੀ ਕੌਮ ਕੋਲੇ ਅੱਜ ਵੀ ਸਾਂਭੀਆਂ ਪਈਆਂ ਹਨ। ਜਫਰਨਾਮਾ, ਬਚਿੱਤਰ ਨਾਟਕ, ਜਾਪ ਸਾਹਿਬ, ਦਸਮ ਗ੍ਰੰਥ, ਚੰਡੀ ਦੀ ਵਾਰ ਅਤੇ ਸਾਡੀ ਬੋਲੀ ਸਣੇ ਸਾਨੂੰ ਬਹੁਤ ਕੁਝ ਦਿੱਤਾ। ਗੁਰੂ ਸਾਹਿਬ ਨੇ ਤਲਵੰਡੀ ਸਾਹਿਬ ਬੈਠ ਕੇ ਆਦਿ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਦਾ ਦਰਜਾ ਦੇਣ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕਰ ਲਈ ਬਾਬਾ ਦੀਪ ਸਿੰਘ ਜੀ ਦੇ ਹੱਥੋਂ ਗੁਰੂ ਗ੍ਰੰਥ ਸਾਹਿਬ ਦੀ ਹੱਥ ਲਿਖਤ ਬੀੜ ਤਿਆਰ ਕਰਵਾਉਣ ਦਾ ਵੱਡਾ ਕਾਰਜ ਕੀਤਾ।

ਉਨ੍ਹਾਂ ਦੇ ਸਮੁੱਚੇ ਜੀਵਨ 'ਤੇ ਝਾਤ ਮਾਰਨ ਤੇ ਗੁਰੂ ਸਾਹਿਬ ਦੀ ਸ਼ਖਸੀਅਤ ਅਲੱਗ-ਅਲੱਗ ਤਰ੍ਹਾਂ ਨਾਲ ਪ੍ਰਗਟ ਹੁੰਦੀ ਹੈ। ਇੱਕ ਕਵੀ, ਇੱਕ ਜਰਨੈਲ, ਤਿਆਗੀ, ਸੰਗਠਿਤ ਕਰਤਾ, ਦੂਰ ਅੰਦੇਸ਼ੀ, ਹਿੰਮਤੀ ਕੁਰਬਾਨੀ ਦਾ ਪੁੰਜ ਅਤੇ ਦਲੇਰ ਸਣੇ ਗੁਰੂ ਜੀ ਅਜਿਹੇ ਕਿੰਨੇ ਹੀ ਗੁਣਾਂ ਦੇ ਧਾਰਨੀ ਸਨ, ਜਿਨ੍ਹਾਂ ਦੀ ਮਿਸਾਲ ਅੱਜ ਤੱਕ ਦੁਨੀਆਂ ਵਿਚ ਕਿਤੇ ਵੀ ਨਹੀਂ ਮਿਲਦੀ। ਗੁਰੂ ਸਾਹਿਬ ਦੇ ਵਿਦਿਆ ਦੇ ਪ੍ਰੇਮੀ ਹੋਣ ਦਾ ਵੱਡਾ ਸਬੂਤ ਉਨ੍ਹਾਂ ਦੇ ਆਪਣੇ ਪੂਰੇ ਜੀਵਨ ਕਾਲ ਦੌਰਾਨ ਮਿਲਦਾ ਹੈ ਕਿ ਉਨ੍ਹਾਂ ਆਪਣੇ ਨਾਲ 52 ਕਵੀ ਰੱਖੇ ਹੋਏ ਸਨ। ਨੰਦ ਲਾਲ ਵਰਗੇ ਸੂਝਵਾਨ ਕਵੀਆਂ ਨੇ ਗੁਰੂ ਜੀ ਦੇ ਦਰਬਾਰ ਦੀ ਸ਼ੋਭਾ ਸਨ। ਹਿੰਦੁਸਤਾਨ ਦੀ ਸੰਸਕ੍ਰਿਤੀ ਨੂੰ ਜਿਉਂਦਾ ਰੱਖਣ ਦਾ ਜੋ ਯੋਗਦਾਨ ਗੁਰੂ ਸਾਹਿਬ ਦਾ ਸੀ, ਉਹ ਸ਼ਾਇਦ ਹੀ ਕਿਸੇ ਦੇ ਹਿੱਸੇ ਆਇਆ ਹੋਵੇ। ਬੜੀ ਹੈਰਾਨੀ ਹੁੰਦੀ ਹੈ ਕਿ ਗੁਰੂ ਸਾਹਿਬ ਨੇ ਇੱਕ ਬੈਰਾਗੀ ਸਾਧੂ ਮਾਧੋਦਾਸ ਨੂੰ ਗੁਰਬਖਸ਼ ਸਿੰਘ ਨਾਮ ਵਿਚ ਤਬਦੀਲ ਕਰ ਬੰਦਾ ਸਿੰਘ ਬਹਾਦਰ ਦਾ ਖਿਤਾਬ ਦੇ ਕੇ ਪੰਜਾਬ ਨੂੰ ਤੋਰ ਦਿੱਤਾ। ਕਿਵੇਂ ਬੈਰਾਗੀ ਤੋਂ ਜਰਨੈਲ ਬਣ ਕੇ ਬੰਦਾ ਬਹਾਦਰ ਨੇ ਪੰਜਾਬ ਨੂੰ ਸਰ ਕਰਦਿਆਂ ਸਰਹੰਦ ਨੂੰ ਤਬਾਹ ਕਰਨ ਤੋਂ ਬਾਅਦ ਸਿੱਖ ਰਾਜ ਦੀ ਨੀਹ ਰੱਖ ਦਿੱਤੀ। ਇਹ ਇੱਕ ਘਟਨਾ ਨਹੀਂ ਸੀ, ਸਗੋਂ ਇੱਕ ਕ੍ਰਾਂਤੀ ਸੀ। ਉਨ੍ਹਾਂ ਸਿੱਖ ਪੰਥ ਨੂੰ ਕਿਵੇਂ ਇੱਕ ਦੇਹਧਾਰੀ ਗੁਰਗੱਦੀ ਨੂੰ ਤਬਦੀਲ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਅਤੇ ਸਬਦ ਨੂੰ ਗੁਰੂ ਦਾ ਦਰਜਾ ਦੇ ਕੇ ਇੱਕ ਸਦੀਵੀ ਗੁਰੂ ਬਖਸ਼ ਦਿੱਤਾ।

ਗੁਰੂ ਸਾਹਿਬ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਮੈਂ ਇਸ ਜੱਗ ਵਿਚ ਜੱਗ ਵੇਖਣ ਆਇਆ ਹਾਂ, ਮੈਂ ਉਸ ਵਾਹਿਗੁਰੂ ਪ੍ਰਮੇਸ਼ਰ ਦਾ ਸੇਵਕ ਹਾਂ, ਮੈਨੂੰ ਰੱਬ ਆਖਣ ਵਾਲਿਆਂ ਨੂੰ ਜ਼ਿੰਦਗੀ ਵਿਚ ਕੋਈ ਲਾਭ ਨਹੀਂ ਮਿਲਣਾ। ਉਹ ਆਪਣੇ ਆਪ ਨੂੰ ਕਿਸੇ ਵੀ ਦੈਵੀ ਸਕਤੀ ਤੋਂ ਕੋਹਾਂ ਦੂਰ ਰੱਖਦੇ ਸਨ, ਉਨ੍ਹਾਂ ਨੂੰ ਪਤਾ ਸੀ ਕਿ ਜਨਤਾ ਮੇਰੀ ਪੂਜਾ ਕਰਨ ਲੱਗ ਜਾਵੇਗੀ। ਗੁਰੂ ਸਾਹਿਬ ਨੇ ਆਪਣੀ ਜ਼ਿੰਦਗੀ ਨੂੰ ਬਚਿੱਤਰ ਬਣਾ ਦਿੱਤਾ। ਕਿਸੇ ਦੈਵੀ ਸਕਤੀ ਨੂੰ ਨਕਾਰਦੇ ਹੋਏ ਸਿੱਧੀ ਜ਼ਿੰਦਗੀ ਦੇ ਅਰਥ ਸਾਨੂੰ ਸਮਝਾਏ। ਔਖੇ ਤੋਂ ਔਖੇ ਸਮੇਂ ਵੀ ਉਨ੍ਹਾਂ ਧੀਰਜ ਨਾ ਗਵਾਇਆ ਅਤੇ ਆਪਣੇ ਪਰਿਵਾਰ ਨਾਲੋਂ ਵੱਧ ਸੰਗਤ ਨੂੰ ਅਹਿਮੀਅਤ ਦਿੱਤੀ। ਸੰਗਤ ਦੇ ਹਿੱਤਾਂ ਲਈ ਉਨ੍ਹਾਂ ਆਪਣਾ ਪਰਿਵਾਰ ਕੁਰਬਾਨ ਕਰ ਦਿੱਤਾ। ਖਾਲਸਾ ਸਾਜਨਾ ਮਨ ਅਤੇ ਤਨ ਦਾ ਸਰੂਪ ਪ੍ਰਦਾਨ ਕਰਨਾ ਹੀ ਗੁਰੂ ਨਾਨਕ ਦੇਵ ਜੀ ਤੋਂ ਖਾਲਸੇ ਦੀ ਆਰੰਭਤਾ ਕਰਨ ਸਮੇਂ ਦਸਵੇਂ ਜਾਮੇ ਵਿਚ ਉਸ ਬੂਟੇ ਨੂੰ ਫ਼ਲ ਪ੍ਰਦਾਨ ਕਰਨਾ ਹੀ ਸੀ। ਦਸ ਗੁਰੂ ਸਾਹਿਬਾਨ ਮਨ ਦੇ ਸੁੱਧ ਲਈ ਨੌ ਜਾਮੇ ਅੰਮ੍ਰਿਤ ਦਾ ਅੰਦਰਮੁਖੀ ਅੰਮ੍ਰਿਤ ਪਿਆਉਂਦੇ ਰਹੇ। ਮਨ ਦੀ ਸਾਧਨਾ ਬਿਨਾਂ ਅੰਮ੍ਰਿਤ ਤਿਆਰ ਹੀ ਨਹੀਂ ਹੋ ਸਕਦਾ ਸੀ। ਦਸਮ ਪਿਤਾ ਨੇ ਨੌ ਗੁਰੂ ਸਾਹਿਬਾਨ ਦੀ ਸਾਧਨਾ ਨੂੰ ਅੰਤਰ ਮੁੱਖ ਤੇ ਬਾਹਰ ਮੁੱਖ ਸਰੂਪ ਵੀ ਪ੍ਰਧਾਨ ਕਰ ਦਿੱਤਾ। ਉਨ੍ਹਾਂ ਰੱਬ ਵੱਲੋਂ ਸ਼ੁੱਧ ਜਨਮ ਅਧਿਕਾਰ ਨੂੰ ਪ੍ਰਗਟ ਕਰਕੇ ਉਸ ਨੂੰ ਰੱਬ ਦਾ ਸਰੂਪ ਹੀ ਬਖਸ਼ ਕੇ ਪੰਚਮ ਸਿਧਾਂਤ ਨੂੰ ਸਰਬ ਤਾਕਤ ਦੇ ਦਿੱਤੀ।

ਅੱਜ ਵੀ ਗੁਰੂ ਸਾਹਿਬ ਦੇ ਦਰਸ਼ਨ ਹੋ ਜਾਂਦੇ ਹਨ, ਜੇ ਪੰਚ ਰਹਿਤ ਮਰਿਆਦਾ ਵਾਲੇ ਸਿੱਖ ਕਿਧਰੇ ਮਿਲ ਜਾਣ, ਜਿਨ੍ਹਾਂ ਦੇ ਤਨ ਉੱਤੇ ਪੰਜ ਕਰਾਰ ਹੋਣ। ਜਿਨ੍ਹਾਂ ਦੇ ਹਿਰਦੇ ਵਿਚ ਪੰਜ ਬਾਣੀਆਂ ਦਾ ਪਾਠ ਹੋਵੇ। ਜਿਨ੍ਹਾਂ ਦੇ ਕੰਠ ਵਿਚ ਮੂਲ ਮੰਤਰ ਵਸਿਆ ਹੋਵੇ। ਜਿਨ੍ਹਾਂ ਦੀ ਰਸਨਾ ਉੱਤੇ ਗੁਰੂ ਦਾ ਮੰਤਰ ਹੋਵੇ। ਐਸੇ ਪੰਜ ਸਿੰਘਾਂ ਦੇ ਜੇ ਦਰਸ਼ਨ ਹੋ ਜਾਣ, ਤਾਂ ਗੁਰੂ ਸਾਹਿਬ ਦੇ ਆਪ ਦਰਸ਼ਨ ਹੋ ਜਾਂਦੇ ਹਨ। ਅਜਿਹਾ ਹੀ ਗੁਰੂ ਸਾਹਿਬਾਨ ਨੇ ਚਿੱਤਵਿਆ ਸੀ। ਉਨ੍ਹਾਂ ਮਨੁੱਖ ਨੂੰ ਆਖਿਆ ਕਿ ਜੋ ਖਾਲਸਾ ਜੀਵਨ ਜਿਊਣ ਲਈ ਬਚਨ ਵੱਧ ਹੋਵੇਗਾ, ਮੈਂ ਹਮੇਸ਼ਾ ਉਸ ਦੇ ਅੰਦਰ ਹੀ ਨਿਵਾਸ ਕਰਾਂਗਾ। ਲੋਕੀ ਰੱਬ ਨੂੰ ਲੱਭਦੇ ਹਨ ਪਰ ਮੈਂ ਤਾਂ ਸਦਾ ਤੇਰੇ ਵਿਚ ਹੀ ਨਿਵਾਸ ਕਰਾਂਗਾ। ਰੱਬ ਦਾ ਸਰੂਪ ਵੀ ਖਾਲਸਾ ਦੇ ਸਰੂਪ ਨਾਲ ਹੀ ਮਿਲਦਾ-ਜੁਲਦਾ ਹੋਵੇਗਾ। ਦਸਮ ਪਿਤਾ ਨੇ ਕੁਦਰਤ ਦੇ ਨਿਯਮਾਂ ਵਿਚ ਰਹਿਣ ਲਈ ਮਨੁੱਖ ਨੂੰ ਪ੍ਰੇਰਿਤ ਕੀਤਾ। ਰੱਬ ਦਾ ਖਾਲਸ ਸਰੂਪ ਬਹੁਤ ਹੀ ਸੁੰਦਰ ਹੈ। ਗੁਰੂ ਪੰਥ ਦੇ ਦਰਸ਼ਨ ਗੁਰੂ ਦੇ ਸਰੀਰ ਦੇ ਦਰਸ਼ਨ ਹਨ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਗੁਰੂ ਦੀ ਆਤਮਾ ਦੇ ਦਰਸ਼ਨ ਹਨ। ਉਨ੍ਹਾਂ ਮਾਣ ਨਾਲ ਕਿਹਾ ਕਿ

'ਖਾਲਸਾ ਮੇਰਾ ਰੂਪ ਹੈ ਖਾਸ,
ਖਾਲਸੇ ਮੇ ਹੋ ਕਰੂ ਨਿਵਾਸ,

ਇਹ ਕਿਹਾ ਖੇਲ ਸੀ ਕਿ ਸਾਰਾ ਸਰਬੰਸ ਵਾਰ ਕੇ ਸਿੰਘਾਂ ਨੂੰ ਸਦਾ ਲਈ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਦਿੱਤਾ। ਗੁਰੂ ਗੋਬਿੰਦ ਸਿੰਘ ਦੀ ਲੜਾਈ ਕਿਸੇ ਮਜ਼੍ਹਬ ਦੇ ਖਿਲਾਫ ਨਹੀਂ ਸੀ। ਉਨ੍ਹਾਂ ਦਾ ਜੀਵਨ ਸੰਘਰਸ਼ ਅਤੇ ਜ਼ੁਲਮ ਦੇ ਖਿਲਾਫ ਸੀ। ਜ਼ੁਲਮ ਕਰਨ ਵਾਲੀ ਸ਼ਕਤੀ ਉਹ ਭਾਵੇਂ ਕਿੱਡੀ ਵੀ ਵੱਡੀ ਕਿਉਂ ਨਾ ਹੋਵੇ, ਗੁਰੂ ਜੀ ਉਸ ਦੇ ਖਿਲਾਫ ਸਨ। ਉਨ੍ਹਾਂ ਦਾ ਇਹ ਸਿਧਾਂਤ ਹੀ ਖਾਲਸਾ ਪੰਥ ਦਾ ਸਿਧਾਂਤ ਹੈ। ਹਰ ਪੀੜਤ ਇਨਸਾਨ ਦੀ ਮਦਦ ਕਰਨ ਦੇ ਲਈ ਭਾਵੇਂ ਪੰਥ ਨੂੰ ਕੋਈ ਵੀ ਕੀਮਤ ਕਿਉਂ ਨਾ ਝੁਕਾਉਣੀ ਪਵੇ, ਖਾਲਸੇ ਨੂੰ ਕੋਈ ਫਰਕ ਨਹੀਂ। ਇਸੇ ਲਈ ਖਾਲਸਾ ਪੰਥ ਦਾ ਮੁੱਖ ਸਿਧਾਂਤ ਅੱਜ ਵੀ ਨਿਮਰਤਾ ਤੇ ਸਰਬੱਤ ਦਾ ਭਲਾ ਹੀ ਹੈ।

# ਗੁਰੂ ਗੋਬਿੰਦ ਸਿੰਘ ਜੀ ਦਾ ਸ਼ਬਦ-ਗੁਰੂ ਪ੍ਰਤੀ ਸਤਿਕਾਰ

ਜਸਵਿੰਦਰ ਸਿੰਘ "ਸਨੇਹੀ"
ਲੁਧਿਆਣਾ
98147-15796
ਪੰਜਾਬ ਮੇਲ USA





ਸਿੱਖ ਕੌਮ ਇਸ ਗੱਲ ਤੋਂ ਨਿਰਾਲੀ ਹੈ ਅਤੇ ਮਾਣ ਕਰਦੀ ਆਈ ਹੈ ਕਿ ਇਸ ਵਿਚ ਸ਼ਬਦ ਨੂੰ ਗੁਰੂ ਦੀ ਉਪਾਧੀ ਦਿੱਤੀ ਗਈ ਹੈ। ਇਸ ਦੇ ਸੰਸਥਾਪਕ ਗੁਰੂ ਨਾਨਕ ਜੀ ਤੋਂ ਜਦੋਂ ਸਿੱਧਾਂ ਨੇ ਪੁੱਛਿਆ ਸੀ ਕਿ ਤੇਰਾ ਗੁਰੂ ਕੌਣ ਹੈ, ਤਾਂ ਉਨ੍ਹਾਂ ਨੇ "ਸ਼ਬਦ ਗੁਰੂ ਸੁਰਤਿ ਧੁਨਿ ਚੇਲਾ" ਆਖ ਕੇ ਇੱਕ ਤਰ੍ਹਾਂ ਨਾਲ ਸ਼ਬਦ-ਗੁਰੂ ਨੂੰ ਗੁਰਿਆਈ ਦੇ ਦਿੱਤੀ ਸੀ। ਇਸੇ ਸ਼ਬਦ ਨੂੰ ਉਨ੍ਹਾਂ ਨੇ ਸਭ ਤੋਂ ਵੱਡੀ ਕਰਾਮਾਤ ਵੀ ਦੱਸਿਆ ਸੀ। ਇਸ ਵਿਚ ਕੋਈ ਦੋ ਰਾਵਾਂ ਨਹੀਂ, ਅੱਜ ਦੇ ਵਿਗਿਆਨ ਅਤੇ ਤਕਨਾਲੋਜੀ ਦੇ ਯੁੱਗ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਗਿਆਨ ਸਭ ਤੋਂ ਵੱਡੀ ਸ਼ਕਤੀ ਹੈ। ਗੁਰਬਾਣੀ ਦੇ ਹੋਰ ਹਵਾਲੇ ਅਤੇ ਬਾਕੀ ਗੁਰੂ ਸਾਹਿਬਾਨ ਦੇ ਜੀਵਨ ਅਤੇ ਬਚਨਾਂ ਵਿਚੋਂ ਬਾਣੀ-ਗੁਰੂ ਦੀਆਂ ਝਲਕਾਂ ਦੀ ਗੱਲ ਨਾ ਕਰਦੇ ਹੋਏ ਅੱਜ ਅਸੀਂ ਸਿਰਫ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦ-ਸਤਿਕਾਰ 'ਤੇ ਕੇਂਦਰਿਤ ਹੋਵਾਂਗੇ।

ਗੁਰੂ ਗੋਬਿੰਦ ਸਿੰਘ ਜੀ ਨੂੰ ਬਾਣੀ ਦੀ ਗੁੜ੍ਹਤੀ ਘਰੋਂ ਹੀ ਮਿਲੀ। ਗੁਰਬਾਣੀ ਦਾ ਸਤਿਕਾਰ ਉਨ੍ਹਾਂ ਦੇ ਵੱਡੇ ਵਡੇਰੇ ਕਰਦੇ ਆਏ ਹੋਣ ਕਰਕੇ ਉਨ੍ਹਾਂ ਨੂੰ ਬਚਪਨ ਵਿਚ ਹੀ ਜਿੱਥੇ ਹੋਰ ਦੁਨਿਆਵੀ ਵਿੱਦਿਆ ਦਿੱਤੀ ਗਈ, ਉੱਥੇ ਗੁਰਬਾਣੀ ਦਾ ਗਿਆਨ ਅਤੇ ਪ੍ਰੇਮ ਵੀ ਪ੍ਰਤੱਖ ਰੂਪ ਵਿਚ ਮਿਲਿਆ। ਉਨ੍ਹਾਂ ਦੇ ਜੀਵਨ ਵਿਚੋਂ ਕੁਝ ਉਨ੍ਹਾਂ ਘਟਨਾਵਾਂ ਦਾ ਜ਼ਿਕਰ ਕਰਦੇ ਹਾਂ, ਜਿਹੜੀਆਂ ਉਨ੍ਹਾਂ ਦੇ ਬਾਣੀ ਦੇ ਸਤਿਕਾਰ ਨੂੰ ਪ੍ਰਗਟਾਉਂਦੀਆਂ ਹਨ।

* ਦਸੰਬਰ 1704 ਈਸਵੀ ਵਿਚ ਅਨੰਦਪੁਰ ਸਾਹਿਬ ਦਾ ਕਿਲ੍ਹਾ ਦੁਸ਼ਮਣ ਵੱਲੋਂ ਆਪਣੇ ਆਪਣੇ ਇਸ਼ਟ ਦੀਆਂ ਖਾਧੀਆਂ ਕਸਮਾਂ ਤੇ ਇਤਬਾਰ ਕਰਕੇ ਛੱਡਿਆ, ਤਾਂ ਦੁਸ਼ਮਣ ਨੇ ਕਸਮਾਂ ਤੋੜ ਕੇ ਪਿੱਛੋਂ ਹਮਲਾ ਕਰ ਦਿੱਤਾ। ਲੜਦੇ-ਲੜਦੇ ਸਰਸਾ ਨਦੀ ਦੇ ਕੰਢੇ ਪੁੱਜ ਗਏ। ਅੰਮ੍ਰਿਤ ਵੇਲਾ ਹੋਇਆ ਜਾਣ ਕੇ, ਕੁਝ ਸਿੱਖਾਂ ਦੀ ਪਹਿਰੇ 'ਤੇ ਡਿਊਟੀ ਲਗਾਈ ਅਤੇ ਆਸਾ ਦੀ ਵਾਰ ਸ਼ੁਰੂ ਕਰ ਦਿੱਤੀ। ਇਸ ਅਵਸਥਾ ਨੂੰ ਜਾਨਣਾ ਅਤੇ ਡੂੰਘਾਈ ਵਿਚ ਸਮਝਣਾ ਬਹੁਤ ਜ਼ਰੂਰੀ ਅਤੇ ਮਹੱਤਵਪੂਰਨ ਹੈ, ਗੁਰੂ ਸਾਹਿਬ ਇਸ ਸੰਕਟ ਦੇ ਸਮੇਂ ਵੀ ਆਪਣਾ ਨਿੱਤਨੇਮ ਛੱਡਣ ਲਈ ਤਿਆਰ ਨਹੀਂ, ਤੇ ਅਸੀਂ ਅੱਜ ਸਭ ਕੁਝ ਹੁੰਦੇ ਹੋਏ, ਸੁੱਖ-ਸਹੂਲਤਾਂ ਮਾਣਦੇ ਹੋਏ ਵੀ ਨਿੱਤਨੇਮ ਨੂੰ ਵਿਸਾਰ ਬੈਠੇ ਹਾਂ।

* ਇੱਕ ਹੋਰ ਘਟਨਾ ਗੁਰੂ ਸਾਹਿਬ ਦੇ ਜੀਵਨ ਵਿਚ ਇੰਝ ਹੈ ਕਿ ਜਦੋਂ ਉਨ੍ਹਾਂ ਨੇ ਇੱਕ ਸਿੱਖ ਨੂੰ ਪਾਠ ਕਰਦੇ ਗਲਤ ਉਚਾਰਣ ਕਰਦੇ ਸੁਣਿਆ, ਤਾਂ ਉਨ੍ਹਾਂ ਆਪਣੀ ਨਾਰਾਜ਼ਗੀ ਪ੍ਰਗਟ ਕੀਤੀ ਸੀ। ਸਿੱਖ ਨੇ ਰਾਮਕਲੀ ਦੀ ਵਾਰ ਵਿਚਲੀ ਪੰਕਤੀ "ਕਰਤੇ ਕੀ ਮਿਤਿ ਕਰਤਾ ਜਾਣੈ, ਕੈ ਜਾਣੈ ਗੁਰ ਸੂਰਾ" ਨੂੰ ਗਲਤ ਪੜ੍ਹਿਆ ਸੀ। ਉਸਨੇ "ਕਰਤੇ ਕੀ ਮਿਤਿ ਕਰਤਾ ਜਾਣੈ ਕੇ ਜਾਣੇ ਗੁਰ ਸੂਰਾ" ਪੜ੍ਹ ਦਿੱਤਾ ਸੀ। ਗੁਰੂ ਜੀ ਨੇ ਅਰਥ ਸਮਝਾਉਂਦੇ ਹੋਏ ਦੱਸਿਆ ਸੀ ਕਿ ਦੁਲਾਵਾਂ ਲਗਾ ਕੇ "ਕੈ" ਉਚਾਰਣ ਕਰਨ ਨਾਲ ਇਸ ਦੇ ਅਰਥ ਹੋਣਗੇ, ਕਿ ਕਰਤੇ ਦੀ ਮਿਤਿ ਜਾਂ ਕਰਤਾ ਜਾਣਦਾ ਹੈ ਤੇ ਜਾਂ ਗੁਰੂ। ਜਦਕਿ ਜੇ ਲਾਵਾਂ ਲਗਾ ਕੇ "ਕੇ" ਪੜ੍ਹਿਆ ਜਾਵੇ ਤਾਂ ਅਰਥ ਬਣਨਗੇ ਕਿ ਗੁਰੂ ਨੂੰ ਕਰਤੇ ਕੀ ਮਿਤਿ ਦਾ ਕੁਝ ਨਹੀਂ ਪਤਾ। ਇਸ ਲਈ ਗਲਤ ਉਚਾਰਣ ਕਰਨ ਨਾਲ ਅਰਥਾਂ ਦੇ ਅਨਰਥ ਹੋ ਰਹੇ ਹਨ। ਗੁਰੂ ਸਾਹਿਬ ਦੀ ਇੱਛਾ ਸੀ ਕਿ ਉਨ੍ਹਾਂ ਦੇ ਸਿੱਖ ਗੁਰਬਾਣੀ ਦੇ ਠੀਕ ਅਰਥ ਜਾਣਦੇ ਹੋਣ, ਅਤੇ ਸ਼ੁੱਧ ਉਚਾਰਣ ਕਰਨ, ਤਦ ਹੀ ਉਹ ਗੁਰਬਾਣੀ ਅਨੁਸਾਰ ਜੀਵਨ ਜਿਊ ਸਕਦੇ ਹਨ।

* ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ-ਗੁਰੂ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਆਦਿ ਗ੍ਰੰਥ ਵਿਚ ਉਸੇ ਤਰਤੀਬ ਵਿਚ ਚੜ੍ਹਾਇਆ, ਜਿਸ ਤਰਤੀਬ ਵਿਚ ਗੁਰੂ ਅਰਜਨ ਦੇਵ ਜੀ ਨੇ ਸੰਪਾਦਿਤ ਕੀਤਾ ਸੀ।

* ਭਾਈ ਮਨੀ ਸਿੰਘ ਜੀ ਅਤੇ ਹੋਰ ਸਿੱਖਾਂ ਰਾਹੀਂ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਕਰਵਾਉਣੇ ਉਨ੍ਹਾਂ ਦੇ ਸ਼ਬਦ ਬਾਣੀ ਪ੍ਰਤੀ ਸਤਿਕਾਰ ਨੂੰ ਹੀ ਪ੍ਰਗਟ ਕਰਦੇ ਹਨ।

**ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ:-** ਸਮੇਂ ਦੇ ਹਾਲਾਤ ਦੇਖ ਕੇ ਅਤੇ ਆਉਣ ਵਾਲੇ ਸਮੇਂ ਨੂੰ ਧਿਆਨ ਵਿਚ ਰੱਖਦੇ ਹੋਏ ਉਨ੍ਹਾਂ ਨੇ ਆਪਣੇ ਅੰਤਿਮ ਸਮੇ ਨੰਦੇੜ ਵਿਖੇ ਸਮੂਹ ਸੰਗਤ ਦੇ ਸਾਹਮਣੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿਰ ਨਿਵਾਇਆ ਅਤੇ ਫੁਰਮਾਇਆ ਕਿ ਅੱਗੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਗੁਰੂ ਹੋਣਗੇ। ਸਿੱਖਾਂ ਦੇ ਇਹ ਪੁੱਛਣ 'ਤੇ ਕਿ ਤੁਹਾਡੇ ਤੋਂ ਬਾਅਦ ਸਾਨੂੰ ਕਿਸ ਦੇ ਲੜ ਲਾ ਚੱਲੇ ਹੋ? ਤਾਂ ਗੁਰੂ ਸਾਹਿਬ ਜੀ ਨੇ ਆਖਿਆ ਸੀ ਕਿ ਜਿਸ ਨੇ ਮੇਰੇ ਨਾਲ ਗੱਲ ਕਰਨੀ ਹੋਵੇ, ਉਹ ਗੁਰੂ ਗ੍ਰੰਥ ਸਾਹਿਬ ਦਾ ਪ੍ਰੇਮ ਨਾਲ ਪਾਠ ਕਰੇ। ਗੁਰੂ ਜੀ ਨੇ ਆਖਿਆ ਸੀ ਕਿ ਮੇਰਾ ਸਰੀਰ ਪੰਥ ਵਿਚ, ਆਤਮਾ ਗ੍ਰੰਥ ਵਿਚ ਹੋਏਗੀ। (ਅੱਜ ਜਦੋਂ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਪੱਖੇ, ਏ.ਸੀ. ਅਤੇ ਰਜਾਈ ਦਿੰਦੇ ਦੇਖਦੇ ਹਾਂ, ਤਾਂ ਹੈਰਾਨੀ ਹੁੰਦੀ ਹੈ ਕਿ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਿਮ ਬਚਨ ਕਿਉਂ ਭੁੱਲ ਗਏ ਹਨ? ਆਤਮਾ ਨੂੰ ਤਾਂ ਗਰਮੀ ਸਰਦੀ ਨਹੀਂ ਲੱਗਦੀ,...)

**ਗੁਰੂ ਗ੍ਰੰਥ ਸਾਹਿਬ ਜੀ ਬਾਰੇ ਦੋ ਭੁਲੇਖੇ :-** ਗੁਰੂ ਗੋਬਿੰਦ ਸਿੰਘ ਜੀ ਬਾਰੇ ਦੋ ਭੁਲੇਖੇ ਸੰਗਤ ਵਿਚ ਬਣੇ ਹੋਏ ਹਨ, ਜਿਨ੍ਹਾਂ ਬਾਰੇ ਗੱਲ ਕਰਨੀ ਜ਼ਰੂਰੀ ਹੈ।

ਪਹਿਲਾ ਭੁਲੇਖਾ ਇਹ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਗੁਰੂ ਜੀ ਤੋਂ ਇੱਕ ਪ੍ਰਸ਼ਨ ਪੁੱਛਿਆ, ਜਿਹੜਾ ਸਲੋਕ ਮਹਲਾ 9 ਵਿਚ ਦਰਜ ਹੈ:-

ਬਲੁ ਛੁਟਕਿਓ ਬੰਧਨੁ ਪਰੇ ਕਛੂ ਨ ਹੋਤ ਉਪਾਇ॥

ਕਹੁ ਨਾਨਕ ਅਬ ਓਟਿ ਹਰਿ ਗਜ ਜਿਉ ਹੋਹੁ ਸਹਾਇ॥ ......(ਸਲੋਕ ਮਹਲਾ 9, ਪੰਨਾ 1429)

ਕਿਹਾ ਜਾਂਦਾ ਹੈ ਕਿ ਇਸ ਤੋਂ ਅਗਲਾ ਸਲੋਕ, ਗੁਰੂ ਗੋਬਿੰਦ ਸਿੰਘ ਜੀ ਵਲੋਂ ਦਿੱਤਾ ਗਿਆ ਜਵਾਬ ਹੈ। ਕੁਝ ਵਿਦਵਾਨ ਤਾਂ ਇਸ ਜਵਾਬ ਨੂੰ ਗੁਰਗੱਦੀ ਦੇਣ ਦਾ ਮਾਪਦੰਡ ਤੱਕ ਕਹਿਣ ਤੋਂ ਸੰਕੋਚ ਨਹੀਂ ਕਰਦੇ।

ਦੂਸਰਾ ਸਲੋਕ ਇੰਝ ਹੈ:-

ਬਲੁ ਹੋਆ ਬੰਧਨੁ ਛੁਟੇ ਸਭੁ ਕਿਛੁ ਹੋਤ ਉਪਾਇ॥

ਨਾਨਕ ਸਭੁ ਕਿਛੁ ਤੁਮਰੇ ਹਾਥ ਮੈ ਤੁਮ ਹੀ ਹੋਤ ਸਹਾਇ॥...... (ਸਲੋਕ ਮਹਲਾ 9, ਪੰਨਾ 1429)

ਸਾਡਾ ਵਿਚਾਰ ਹੈ ਕਿ ਇਹ ਦੋਵੇਂ ਸਲੋਕ ਗੁਰੂ ਤੇਗ ਬਹਾਦਰ ਜੀ ਦੇ ਆਪਣੇ ਹੀ ਲਿਖੇ ਹੋਏ ਹਨ। ਆਪ ਹੀ ਸਵਾਲ ਕਰਕੇ ਉਸਦਾ ਜਵਾਬ ਲਿਖਣ ਦਾ ਤਰੀਕਾ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੋਰ ਵੀ ਬਹੁਤ ਥਾਵਾਂ 'ਤੇ ਹੋਰ ਗੁਰੂ ਸਾਹਿਬਾਨ ਅਤੇ ਹੋਰ ਬਾਣੀਕਾਰਾਂ ਵਲੋਂ ਵੀ ਵਰਤਿਆ ਗਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾ ਹੋਣ ਦੇ ਦੋ ਹੋਰ ਵੱਡੇ ਕਾਰਨ ਹਨ।

ਪਹਿਲਾ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ (ਜੇ ਉਹ ਸੱਚਮੁੱਚ ਹੀ ਉਨ੍ਹਾਂ ਦੀ ਹੈ) ਦਾ ਅੰਦਾਜ਼ ਅਤੇ ਸ਼ੈਲੀ ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਵੱਖਰੀ ਹੈ।

ਦੂਸਰਾ ਹੋਰ ਵੀ ਮਹੱਤਵਪੂਰਨ ਪੱਖ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਆਪਣੀ ਹੀ ਲਿਖਤ ਨੂੰ ਗੁਰੂ ਆਖ ਕੇ ਸੀਸ ਨਹੀਂ ਸੀ ਨਿਵਾ ਸਕਦੇ।

ਸੋ ਇਹ ਸਪੱਸ਼ਟ ਹੈ ਕਿ ਇਹ ਦੋਵੇਂ ਸਲੋਕ ਗੁਰੂ ਤੇਗ ਬਹਾਦਰ ਜੀ ਦੇ ਆਪਣੇ ਹੀ ਲਿਖੇ ਹੋਏ ਹਨ, ਨਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ।

ਇੱਕ ਭੁਲੇਖਾ ਇਹ ਪ੍ਰਚੱਲਿਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ 'ਚ ਭਗਤ ਕਬੀਰ ਜੀ ਦੇ ਸ਼ਬਦ ਵਿਚ ਆਇਆ ਸ਼ਬਦ ਖਲਾਸੇ ਨੂੰ ਬਦਲ ਕੇ ਖਾਲਸੇ ਕੀਤਾ ਹੈ। ਇਹ ਸ਼ਬਦ ਇਸ ਤਰ੍ਹਾਂ ਹੈ:-

ਪਰਿਓ ਕਾਲੁ ਸਭੈ ਜਗ ਊਪਰ, ਮਾਹਿ ਲਿਖੇ ਭ੍ਰਮ ਗਿਆਨੀ॥

ਕਹੁ ਕਬੀਰ ਜਨ ਭਏ ਖਾਲਸੇ, ਪ੍ਰੇਮ ਭਗਤਿ ਜਿਹ ਜਾਨੀ॥...... (ਪੰਨਾ 654, ਸੋਰਠਿ ਕਬੀਰ ਜੀ)

ਕਿਹਾ ਜਾਂਦਾ ਹੈ ਕਿ ਆਖਰੀ ਪੰਕਤੀ ਵਿਚ ਕਹੁ ਕਬੀਰ ਜਨ ਭਏ ਖਲਾਸੇ ਸ਼ਬਦ ਸੀ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਕਰ ਦਿੱਤਾ ਸੀ। ਪਰ ਸਾਡੇ ਵਿਚਾਰ ਅਨੁਸਾਰ ਇਹ ਸੱਚ ਨਹੀਂ ਹੈ।

ਪਹਿਲੀ ਗੱਲ ਕਿਸੇ ਵੀ ਗੁਰੂ ਸਾਹਿਬ ਨੇ ਆਪਣੇ ਤੋਂ ਪਹਿਲੇ ਗੁਰੂ ਸਾਹਿਬ ਜਾਂ ਭਗਤਾਂ ਦੀ ਬਾਣੀ ਦਾ ਇੱਕ ਵੀ ਸ਼ਬਦ ਨਹੀਂ ਬਦਲਿਆ। ਹੋਰ ਤਾਂ ਹੋਰ, ਸੰਪਾਦਕੀ ਹੱਕ ਰੱਖਣ ਵਾਲੇ ਗੁਰੂ ਅਰਜਨ ਦੇਵ ਜੀ ਨੇ ਵੀ ਜਿੱਥੇ ਕਿਤੇ ਲੋੜ ਪਈ ਹੈ, ਵੱਖਰਾ ਸ਼ਬਦ ਜਾਂ ਸਲੋਕ ਤਾਂ ਲਿਖ ਦਿੱਤਾ ਹੈ, ਪਰ ਮੂਲ ਸ਼ਬਦ ਨੂੰ ਨਹੀਂ ਬਦਲਿਆ। ਇਤਿਹਾਸ ਗਵਾਹ ਹੈ ਕਿ ਗੁਰੂ ਹਰਿ ਰਾਇ ਜੀ ਨੇ ਰਾਮ ਰਾਇ ਜੀ ਵਲੋਂ ਗੁਰਬਾਣੀ ਦਾ ਇੱਕ ਸ਼ਬਦ ਵੀ ਬਦਲਿਆ ਜਾਣਾ ਪ੍ਰਵਾਨ ਨਹੀਂ ਸੀ ਕੀਤਾ।

ਦੂਸਰੀ ਗੱਲ ਭਾਈ ਕਾਹਨ ਸਿੰਘ ਨਾਭਾ ਜੀ ਨੇ ਉਚੇਚਾ ਫੁੱਟਨੋਟ ਦੇ ਕੇ ਸਪੱਸ਼ਟ ਕੀਤਾ ਹੈ। ਭਾਈ ਸਾਹਿਬ ਜੀ ਦੇ ਸ਼ਬਦ ਇਸ ਤਰ੍ਹਾਂ ਹਨ:-

"ਕਈ ਅਞਾਣ ਲੇਖਕਾਂ ਨੇ ਲਿਖਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿਖੇ "ਖਲਾਸੇ" ਦੀ ਥਾਂ "ਖਾਲਸੇ" ਸ਼ਬਦ ਵਰਤਿਆ ਹੈ, ਪਰ ਇਹ ਉਨ੍ਹਾਂ ਦੀ ਭੁੱਲ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਕਰਤਾਰਪੁਰ ਵਾਲੀ ਬੀੜ ਵਿਚ ਪੁਰਾਣੀ ਕਲਮ ਦਾ ਲਿਖਿਆ ਪਾਠ ਖਾਲਸੇ ਹੈ।"

ਸੋ ਇਹ ਭੁਲੇਖੇ ਮਨ ਵਿਚੋਂ ਕੱਢ ਦੇਣੇ ਚਾਹੀਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਮੂਲ ਰੂਪ ਨੂੰ ਹੀ ਗੁਰੂ ਆਖਿਆ ਹੈ। ਉਨ੍ਹਾਂ ਨੇ ਤਾਂ ਸਿਰਫ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਆਦਿ ਗ੍ਰੰਥ ਵਿਚ ਸ਼ਾਮਲ ਕੀਤਾ ਹੈ ਅਤੇ ਉਹ ਵੀ ਪਹਿਲਾਂ ਹੀ ਚਲਦੀ ਤਰਤੀਬ ਅਨੁਸਾਰ ਹੀ।

* ਭਾਵੇਂ ਇਸ ਮੱਤ ਤੇ ਸਿੱਖ ਕੌਮ ਵਿਚ ਵਿਵਾਦ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਬਾਣੀ ਰਚੀ ਕਿ ਨਹੀਂ? ਦਸਮ ਗ੍ਰੰਥ ਵਿਚ ਉਨ੍ਹਾਂ ਦੀ ਉਨ੍ਹਾਂ ਬਾਣੀ ਕਿੰਨੀ ਕੁ ਹੈ, ਵਿਦਵਾਨਾਂ ਅੰਦਰ ਇਸ ਬਾਰੇ ਵੱਖ-ਵੱਖ ਵਿਚਾਰ ਹਨ। ਅਸੀਂ ਉਸ ਸਾਰੇ ਵਿਵਾਦ ਨੂੰ ਪਰ੍ਹੇ ਰੱਖਦੇ ਹੋਏ ਇਹ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਇੱਕ ਵੀ ਸ਼ਬਦ ਨਹੀਂ। ਸ਼ਾਇਦ ਇੱਕ ਵੱਡਾ ਕਾਰਨ ਇਹੋ ਹੋਵੇ, ਕਿ ਉਹ ਆਪਣੀ ਲਿਖਤ ਨੂੰ ਹੀ ਗੁਰੂ ਆਖ ਕੇ ਮੱਥਾ ਨਹੀਂ ਸੀ ਟੇਕ ਸਕਦੇ। ਦਸਮ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਪ੍ਰਕਾਸ਼ ਕਰਨ ਦੀ ਇਜਾਜ਼ਤ ਅਕਾਲ ਤਖਤ ਤੋਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਅਨੁਸਾਰ ਨਹੀਂ ਹੈ।

**ਗੁਰੂ ਗੋਬਿੰਦ ਸਿੰਘ ਜੀ ਦੇ 52 ਹੁਕਮਨਾਮੇ :-** ਗੁਰੂ ਗੋਬਿੰਦ ਸਿੰਘ ਜੀ ਦੇ ਨੰਦੇੜ ਤੋਂ ਕੀਤੇ ਗਏ 52 ਹੁਕਮਨਾਮੇ ਸਿੱਖ ਪੰਥ ਵਿਚ ਬਹੁਤ ਸਤਿਕਾਰ ਦਾ ਸਥਾਨ ਰੱਖਦੇ ਹਨ। ਇਨ੍ਹਾਂ ਵਿਚੋਂ 10 ਹੁਕਮਨਾਮੇ ਅਜਿਹੇ ਹਨ, ਜਿਹੜੇ ਗੁਰਬਾਣੀ ਦੇ ਸਤਿਕਾਰ ਨੂੰ ਦ੍ਰਿੜ੍ਹ ਕਰਵਾਉਂਦੇ ਹਨ। ਦੇਖੋ ਜ਼ਰਾ:-

* ਤੀਸਰਾ ਹੁਕਮਨਾਮਾ - ਗੁਰਬਾਣੀ ਕੰਠ ਕਰਨੀ।

* ਛੇਵਾਂ ਹੁਕਮਨਾਮਾ - ਗੁਰਸਿੱਖਾਂ ਪਾਸੋਂ ਗੁਰਬਾਣੀ ਦੇ ਅਰਥ ਸਮਝਣੇ।

* ਅੱਠਵਾਂ ਹੁਕਮਨਾਮਾ - ਸ਼ਬਦ ਦਾ ਅਭਿਆਸ ਕਰਨਾ।

* ਨੌਵਾਂ ਹੁਕਮਨਾਮਾ - ਧਿਆਨ ਸਤਿ ਸਰੂਪ ਸਤਿਗੁਰੂ ਜੀ ਦਾ ਧਰਨਾ।

* ਦਸਵਾਂ ਹੁਕਮਨਾਮਾ - ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ।

* ਵੀਹਵਾਂ ਹੁਕਮਨਾਮਾ - ਗੁਰਬਾਣੀ ਦੀ ਕਥਾ ਅਤੇ ਕੀਰਤਨ ਰੋਜ਼ ਸੁਣਨਾ ਅਤੇ ਕਰਨਾ।

* ਇੱਕਤੀਵਾਂ ਹੁਕਮਨਾਮਾ- ਦੂਸਰੇ ਧਰਮਾਂ ਦੀਆਂ ਪੁਸਤਕਾਂ, ਵਿੱਦਿਆ ਪੜ੍ਹਨੀ ਪਰ ਭਰੋਸਾ ਦ੍ਰਿੜ੍ਹ ਗੁਰਬਾਣੀ ਅਤੇ ਅਕਾਲ-ਪੁਰਖ ਉੱਤੇ ਹੀ ਰੱਖਣਾ।

* ਤੇਤੀਵਾਂ ਹੁਕਮਨਾਮਾ - ਰਹਿਰਾਸ ਦਾ ਪਾਠ ਕਰਕੇ ਖੜ੍ਹੇ ਹੋ ਕੇ ਅਰਦਾਸ ਕਰਨੀ।

* ਚੌਤੀਵਾਂ ਹੁਕਮਨਾਮਾ - ਸੌਣ ਸਮੇਂ ਸੋਹਿਲੇ ਦਾ ਪਾਠ ਕਰਨਾ।

* ਉਨਤਾਲੀਵਾਂ ਹੁਕਮਨਾਮਾ - ਸਭ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਅਤੇ ਗੁਰਬਾਣੀ ਅਨੁਸਾਰ ਕਰਨੇ।

**ਅੰਤਿਕਾ:-** ਉਪਰੋਕਤ ਵਿਚਾਰ ਚਰਚਾ ਤੋਂ ਅਸੀਂ ਦੇਖਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿਚ ਸ਼ਬਦ-ਬਾਣੀ ਨੂੰ ਸਦਾ ਸਤਿਕਾਰ ਦਿੱਤਾ। ਉਦੋਂ ਦੁੱਖ ਲੱਗਦਾ ਹੈ ਜਦੋਂ ਅੱਜ ਸਿੱਖਾਂ ਨੂੰ, ਹੋਰ ਤਾਂ ਹੋਰ ਖਾਲਸਿਆਂ ਨੂੰ ਵੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡ ਕੇ ਵੱਖ-ਵੱਖ ਰੰਗ-ਬਿਰੰਗੇ ਡੇਰਿਆਂ ਅਤੇ ਬਾਬਿਆਂ ਕੋਲ ਜਾਂਦੇ ਦੇਖਦੇ ਹਾਂ। ਗੁਰ-ਫੁਰਮਾਨ ਹੈ:-

ਜਾ ਕੋ ਠਾਕੁਰੁ ਊਚਾ ਹੋਈ।
ਸੋ ਜਨੁ ਪਰ ਘਰ ਜਾਤ ਨ ਸੋਹੀ।
...(ਗਉੜੀ ਭੀ ਸੋਰਠਿ ਭੀ ਪੰਨਾ 330)

ਸਪੱਸ਼ਟ ਹੈ ਕਿ ਅੱਜ ਸਿੱਖਾਂ ਨੂੰ ਆਪਣੇ ਗੁਰੂ 'ਤੇ ਭਰੋਸਾ ਵਿਸਵਾਸ਼ ਨਹੀਂ ਰਿਹਾ, ਇਸੇ ਲਈ ਉਹ ਹੋਰ ਦੁਆਰਿਆਂ 'ਤੇ ਭਟਕਦੇ ਫਿਰਦੇ ਹਨ। ਪਾਤਸ਼ਾਹ ਬਖਸ਼ਿਸ਼ ਕਰਨ ਸਾਨੂੰ ਗੁਰੂ ਸਾਹਿਬਾਨ ਨੇ ਜਿਸ ਸ਼ਬਦ ਦੇ ਲੜ ਲਾਇਆ ਹੈ, ਉਸ ਦਾ ਸਤਿਕਾਰ ਕਰਨਾ ਆ ਜਾਵੇ। ਸ਼ਬਦ ਦੀ ਸਮਝ ਆ ਸਕੇ, ਸ਼ਬਦ ਨੂੰ ਕਮਾਉਣਾ ਸਿੱਖ ਸਕੀਏ। ਸ਼ਬਦ ਅਨੁਸਾਰ ਆਪਣਾ ਜੀਵਨ ਢਾਲ ਸਕੀਏ।

# ਦੁੱਖਦਾਈ ਹੈ ਚੰਗੇ ਫ਼ਨਕਾਰਾਂ ਦਾ 'ਚੜ੍ਹਦੀ ਉਮਰੇ' ਤੁਰ ਜਾਣਾ...

-ਮਨਜਿੰਦਰ ਸਿੰਘ ਸਰੌਦ
94634-63136
(Punjab Mail USA)





ਕਿਸੇ ਸ਼ਾਇਰ ਨੇ ਵਿਛੋੜੇ ਦੇ ਦਰਦ ਨੂੰ ਆਪਣੇ ਜ਼ਹਿਨ 'ਤੇ ਲਿਆਉਂਦਿਆਂ ਆਖਿਐ ਕਿ "ਸੁਣਿਐ ਅੱਜ ਮੇਲੇ 'ਚੋਂ ਵਿਛੜ ਗਏ ਦੋ ਰੂਹਾਂ ਦੇ ਹਾਣੀ, ਹੱਥ ਘੁੱਟ ਕੇ ਫੜ ਲਈ ਵੇ ਸੋਹਣਿਆਂ ਹਾਲੇ ਸਾਡੀ ਉਮਰ ਨਿਆਣੀ, ਇਹ ਦਰਦ ਵਿਛੋੜੇ ਦੇ ਸਾਥੋਂ ਨਾ ਜਾਣੇ ਹੁਣ ਝੇਲੇ, ਵਿਛੜੇ ਸੱਜਣਾਂ ਦੇ ਹੋਣ ਸਬੱਬੀ ਮੇਲੇ"। ਪਿਛਲੇ ਵਰ੍ਹਿਆਂ ਦੌਰਾਨ ਬਾਲੀਵੁੱਡ ਅੰਦਰ 'ਚੜ੍ਹਦੀ ਉਮਰ' ਦੇ ਕਲਾਕਾਰ ਸੁਸ਼ਾਂਤ ਸਿੰਘ ਰਾਜਪੂਤ ਤੋਂ ਬਾਅਦ ਇੱਕ-ਇੱਕ ਕਰਕੇ ਕਈ ਕਲਾਕਾਰਾਂ ਦੇ ਖ਼ੁਦਕੁਸ਼ੀ ਦੀ ਖ਼ਬਰ ਨੇ ਉਸ ਦੇ ਚਾਹੁਣ ਵਾਲਿਆਂ ਨੂੰ ਧੁਰ ਅੰਦਰੋਂ ਝੰਜੋੜ ਕੇ ਰੱਖ ਦਿੱਤਾ। ਆਖ਼ਰ ਅਜਿਹੇ ਕਾਰਨ ਕੀ ਬਣੇ ਕਿ ਇਹ ਉੱਭਰਦਾ ਸਿਤਾਰਾ ਆਪਣੀ ਗਲੈਮਰ ਭਰੀ ਜ਼ਿੰਦਗੀ ਦੀ 'ਚਰਮ ਸੀਮਾ' 'ਤੇ ਪਹੁੰਚਣ ਤੋਂ ਪਹਿਲਾਂ ਹੀ ਇਸ ਦੁਨੀਆਂ ਤੋਂ ਅਲੋਪ ਹੋ ਗਿਆ। ਬਿਨਾਂ ਸ਼ੱਕ ਇਸ ਫ਼ਨਕਾਰ ਦੀ ਮੌਤ ਤੋਂ ਬਾਅਦ ਅਜਿਹੇ ਕਈ ਨਵੇਂ ਪਹਿਲੂਆਂ ਦੀਆਂ ਪਰਤਾਂ ਤੋਂ ਇੱਕ-ਇੱਕ ਕਰਕੇ ਉੱਠ ਰਹੇ ਪਰਦਿਆਂ ਨੇ ਕਾਫੀ ਕੁਝ ਜੱਗ ਜ਼ਾਹਿਰ ਕੀਤੈ ਕਿ ਇਥੇ ਕਿੰਝ ਕਿਸੇ ਇੱਕ ਆਮ ਨੌਜਵਾਨ ਨੂੰ ਕਿਸੇ 'ਮਰਤਬੇ' ਨੂੰ ਪਾਉਣ ਦੇ ਲਈ ਕੀ ਕੁਝ ਸਹਿਣ ਕਰਨਾ ਪੈਂਦਾ ਹੈ। ਖ਼ੈਰ ਇਹ ਲੰਬੀ ਚਰਚਾ ਦਾ ਵਿਸ਼ੈ ਅਤੇ ਹੁਣ ਉਸ ਦੀ ਮੌਤ ਦੇ ਅਸਲ ਕਾਰਨਾਂ ਨੂੰ ਜਾਨਣ ਲਈ ਕਾਨੂੰਨ ਨੇ ਆਪਣਾ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ।

ਪਾਠਕਾਂ ਨੂੰ ਯਾਦ ਹੋਵੇਗਾ ਕਿ ਹਿੰਦੀ ਫਿਲਮ ਇੰਡਸਟਰੀ ਦੀ ਇੱਕ ਸੋਹਣੀ ਸੁਨੱਖੀ ਕੁੜੀ ਦਿਵਿਆ ਭਾਰਤੀ ਜਿਸ ਨੇ 5 ਅਪ੍ਰੈਲ 1993 ਨੂੰ ਆਪਣੇ ਘਰ ਦੀ ਛੱਤ ਤੋਂ ਛਾਲ ਮਾਰ ਕੇ ਇਸ ਸੰਸਾਰ ਨੂੰ ਅਲਵਿਦਾ ਆਖ ਦਿੱਤਾ ਸੀ, ਉਸ ਸਮੇਂ ਸੋਸ਼ਲ ਮੀਡੀਆ ਦੀ ਅਣਹੋਂਦ ਕਾਰਨ ਦਿਵਿਆ ਭਾਰਤੀ ਦੀ ਮੌਤ ਦੀ ਚਰਚਾ ਸਿਵਾਏ ਕੁਝ ਟੀ.ਵੀ. ਚੈਨਲਾਂ ਅਤੇ ਅਖ਼ਬਾਰਾਂ ਤੋਂ ਅਗਾਹ ਆਮ ਅਵਾਮ ਤੱਕ ਨਹੀਂ ਸੀ ਪਹੁੰਚ ਸਕੀ, ਭਾਵੇਂ ਕਿ ਬਾਅਦ ਵਿਚ ਉਸ ਦੀ ਮੌਤ ਨੂੰ ਕਈ ਹੋਰ ਕਾਰਨਾਂ ਨਾਲ ਜੋੜ ਕੇ ਵੀ ਵੇਖਿਆ ਗਿਆ ਸੀ। ਦਿਵਿਆ ਭਾਰਤੀ ਇੱਕ 'ਨਵੇਂ ਪੂਰ' ਦੀ ਅਗਾਂਹਵਧੂ ਕਲਾਕਾਰ ਸੀ, ਉਸ ਦਾ ਚਲੇ ਜਾਣਾ ਉਸ ਦੇ ਦਰਸਕਾਂ ਲਈ ਕਿਸੇ ਸਦਮੇ ਤੋਂ ਘੱਟ ਨਹੀਂ ਸੀ। ਮੈਂ ਵਰ੍ਹਿਆਂ ਦੇ ਇਸ ਖਿੱਤੇ ਨਾਲ ਜੁੜਕੇ ਅਪਣੇ ਲਿਖਣ ਦੇ ਸਫ਼ਰ ਦੌਰਾਨ ਦਿਵਿਆਂ ਅਤੇ ਸੁਸ਼ਾਂਤ ਸਿੰਘ ਰਾਜਪੂਤ ਦੀ ਜ਼ਿੰਦਗੀ ਨਾਲ ਵਾਪਰੀਆਂ ਇਨ੍ਹਾਂ ਅਣਹੋਣੀਆਂ ਘਟਨਾਵਾਂ ਦੇ ਵਿਚਕਾਰਲੇ ਦੌਰ ਨੂੰ ਧਿਆਨ ਨਾਲ ਵਾਚਿਆ, ਤਾਂ ਬਹੁਤ ਕੁਝ ਅਜਿਹਾ ਸਾਹਮਣੇ ਆਉਂਦੈ ਜਿਸ 'ਤੇ ਕਿਸੇ ਦਾ ਧਿਆਨ ਹੀ ਨਹੀਂ ਜਾਂਦਾ ਜਾਂ ਇਹ ਵੀ ਕਹਿ ਲਈਏ ਕਿ ਜਾਣਬੁੱਝ ਕੇ ਉਨ੍ਹਾਂ ਪੱਖਾਂ ਨੂੰ ਹਮੇਸ਼ਾਂ ਅਸੀਂ ਅਣਗੌਲਿਆ ਕਰ ਦਿੰਦੇ ਹਾਂ।

ਇਨ੍ਹਾਂ ਲੰਘੇ ਵਰ੍ਹਿਆਂ ਦੌਰਾਨ ਲਗਪਗ ਇੱਕ ਦਰਜਨ ਦੇ ਕਰੀਬ ਅਜਿਹੇ ਚੰਗੇ ਨੌਜਵਾਨ ਕਲਾਕਾਰਾਂ ਵੱਲੋਂ ਆਪਣੇ ਹੱਥੀਂ ਆਪਣੀ ਜ਼ਿੰਦਗੀ ਨੂੰ ਖਤਮ ਕੀਤਾ ਹੈ। ਇਸੇ ਤਰ੍ਹਾਂ ਜੀਆ ਖਾਨ ਟੀ.ਵੀ. ਅਤੇ ਫਿਲਮ ਇੰਡਸਟਰੀ ਦੀ ਇੱਕ ਪ੍ਰਭਿਤਾਵਾਨ ਲੜਕੀ ਸੀ, ਉਸ ਨੇ ਵੀ ਹਾਲਾਤਾਂ ਤੋਂ ਤੰਗ ਹੋ ਕੇ ਇਸ ਸੰਸਾਰ ਤੋਂ ਕੂਚ ਕਰਨਾ ਹੀ ਮੁਨਾਸਿਬ ਸਮਝਿਆ ਸੀ। ਉਸ ਤੋਂ ਬਾਅਦ ਛੋਟੇ ਪਰਦੇ ਦੀਆਂ ਵੱਡੀਆਂ ਅਦਾਕਾਰਾਂ ਪ੍ਰਿਅਤਾ ਬੈਨਰਜੀ ਅਤੇ ਸਿਖ਼ਾ ਜੋਸ਼ੀ ਦਾ ਚਲੇ ਜਾਣਾ ਵੀ ਉਨ੍ਹਾਂ ਦੇ ਪਿਆਰਿਆਂ ਲਈ ਬੇਹੱਦ ਦੁੱਖਦਾਈ ਸੀ। ਪੰਜਾਬ ਨਾਲ ਜੁੜੇ ਐਂਕਰ ਮਨਮੀਤ ਗਰੇਵਾਲ, ਕੁਲਜੀਤ ਰੰਧਾਵਾ ਅਤੇ ਕੁਸ਼ਲ ਪੰਜਾਬੀ ਵੀ ਬਾਲੀਵੁੱਡ ਦੀ ਚਮਕ ਭਰੀ ਚਾਲ ਅਤੇ ਢਾਲ ਨੂੰ ਸਮਝ ਨਾ ਸਕੇ, ਭਾਵੇਂ ਉਹ ਚੜ੍ਹਦੀ ਉਮਰੇ ਵੱਡੀਆਂ ਪ੍ਰਾਪਤੀਆਂ ਦੇ ਰਾਹੀਂ ਜ਼ਰੂਰ ਸਨ ਪਰ ਇਹ ਰਸਤਾ ਉਨ੍ਹਾਂ ਨੂੰ ਰਾਸ ਨਾ ਆਇਆ ਅਤੇ ਹਜ਼ਾਰਾਂ ਸਰੋਤਿਆਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਇਹ ਫ਼ਨਕਾਰ ਵੀ ਇਕਾਂਤਵਸ ਹੋ ਪਿਛਲੇ ਸਮੇਂ ਜ਼ਿੰਦਗੀ ਤੋਂ ਹਾਰ ਗਏ। ਇਸ ਤੋਂ ਇਲਾਵਾ ਫਿਲਮ ਇੰਡਸਟਰੀ ਦੇ ਛੋਟੇ ਵੱਡੇ ਇੱਕ ਦਰਜਨ ਦੇ ਕਰੀਬ ਕਲਾਕਾਰਾਂ ਨੇ ਆਪਣੀ ਜ਼ਿੰਦਗੀ ਨੂੰ ਅਲਵਿਦਾ ਆਖ ਕੇ ਆਪਣੇ ਹੀ ਲੋਕਾਂ ਤੇ ਪਰਿਵਾਰ ਤੋਂ ਦੂਰ ਜਾਣਾ ਚੰਗਾ ਸਮਝਿਆ।

ਇਨ੍ਹਾਂ ਸਾਰਿਆਂ ਨਾਲ ਅਣਹੋਣੀਆਂ ਦੇ ਕਾਰਨ ਭਾਵੇਂ ਵੱਖੋ-ਵੱਖਰੇ ਜ਼ਰੂਰ ਹੋਣਗੇ ਪਰ ਕੁਝ ਕਾਰਨ ਅਜਿਹੇ ਵੀ ਹਨ, ਜਿਨ੍ਹਾਂ ਤੋਂ ਬਹੁਤ ਘੱਟ ਲੋਕ ਜਾਣੂ ਹਨ। ਇਸ ਬੇਹੱਦ ਚਮਕਦੀ ਦੁਨੀਆਂ ਦਾ ਇੱਕ ਕੌੜਾ ਸੱਚ ਇਹ ਵੀ ਹੈ ਕਿ ਇੱਥੇ 'ਵੱਡਿਆਂ ਵੱਲੋਂ ਛੋਟਿਆਂ' ਨੂੰ ਸਦਾ ਹੀ ਅਣਗੌਲਿਆ ਕੀਤਾ ਗਿਆ ਹੈ। ਕਿਸੇ ਦੂਜੇ ਨੂੰ ਨਾਲ ਲੈ ਕੇ ਚੱਲਣ ਦੀ ਪਿਰਤ ਇੱਥੇ ਲਾਗੂ ਨਹੀਂ ਹੁੰਦੀ, ਹਾਂ ਨਾਲ ਦੇ ਨੂੰ ਲਤਾੜ ਕੇ ਲੰਘ ਜਾਣ ਦੀ ਪ੍ਰਵਿਰਤੀ ਜ਼ਰੂਰ ਭਾਰੂ ਹੋ ਚੁੱਕੀ ਹੈ। ਗਲੈਮਰ ਭਰੀ ਦੁਨੀਆਂ ਦੀ ਟੀਸੀ 'ਤੇ ਪਹੁੰਚਣ ਦੀ 'ਹੋੜ' ਤੇ ਬਹੁਤ ਸਾਰੇ ਮਹਾਨ ਫ਼ਨਕਾਰਾਂ ਨੂੰ ਉਨ੍ਹਾਂ ਦੇ ਕਰੀਬੀ ਸਾਥੀਆਂ ਤੋਂ ਦੂਰ ਕਰ ਦਿੱਤਾ ਹੈ ਅਤੇ ਆਪਣੇਪਣ ਦੇ ਅਲਜਬਰੇ ਦਾ 'ਜਵਾਰਭਾਟਾ' ਇੱਥੇ ਕਿਸੇ ਦੇ ਦਿਲ ਵਿਚ ਨਹੀਂ ਉੱਠਦਾ। ਆਪਣਿਆਂ ਹੱਥੋਂ ਜ਼ਲੀਲ ਹੋਣ ਤੋਂ ਬਾਅਦ ਆਪਣੇ ਘਰਾਂ ਅੰਦਰ ਇਕਾਂਤ ਵਿਚ ਸਮਾਂ ਬਿਤਾਉਂਦਿਆਂ ਇਨ੍ਹਾਂ ਨਵੇਂ ਪੂਰ ਦੇ ਕਲਾਕਾਰਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਨ੍ਹਾਂ ਨਾਲ ਕੀ ਭਾਣਾ ਵਿਚ ਬੀਤੇਗਾ ਅਤੇ ਕਲਾਕਾਰੀ ਦੇ ਜਿਸ ਘੋੜੇ ਉੱਪਰ ਇਹ ਲੋਕ ਸਵਾਰ ਹੋ ਚੁੱਕੇ ਹੁੰਦੇ ਹਨ, ਉਨ੍ਹਾਂ ਲਈ ਹੁਣ ਵਾਪਸ ਮੁੜਨਾ ਓਨਾ ਸੁਖਾਲਾ ਨਹੀਂ ਹੁੰਦਾ ਕਿਉਂਕਿ ਇਨ੍ਹਾਂ ਦੇ ਚਾਹੁਣ ਵਾਲਿਆਂ 'ਚ ਇਨ੍ਹਾਂ ਦੀ ਜਗ੍ਹਾ ਇੱਕ ਹੀਰੋ ਦੇ ਤੌਰ 'ਤੇ ਉੱਭਰ ਚੁੱਕੀ ਹੁੰਦੀ ਹੈ।

ਫ਼ਿਲਮ ਇੰਡਸਟਰੀ ਅੰਦਰ ਹੁੰਦੇ ਵੱਡੇ-ਵੱਡੇ ਸਨਮਾਨ ਸਮਾਰੋਹਾਂ ਮੌਕੇ ਹਾਈ-ਫਾਈ ਕਲਾਕਾਰਾਂ ਵੱਲੋਂ ਅਕਸਰ ਆਪ ਤੋਂ ਛੋਟੇ ਕਲਾਕਾਰਾਂ ਨੂੰ ਅੱਖੋਂ-ਪਰੋਖੇ ਕਰਨ ਦਾ ਰੁਝਾਨ ਵੀ ਕਿਤੇ ਨਾ ਕਿਤੇ ਛੋਟੇ ਕਲਾਕਾਰਾਂ ਲਈ ਉਦਾਸੀ ਦਾ ਕਾਰਨ ਹੋ ਨਿੱਬੜਦਾ ਹੈ। ਇਸ ਤੋਂ ਬਾਅਦ ਮਾਨਸਿਕ ਸ਼ੋਸ਼ਣ ਦੀ ਸ਼ੁਰੂ ਹੋਈ ਕਵਾਇਦ ਇਨ੍ਹਾਂ ਛੋਟੇ ਕਲਾਕਾਰਾਂ ਦੇ ਪੈਰ ਇਸ ਅਵੱਲੀ ਮਾਰਕੀਟ ਅੰਦਰ ਨਹੀਂ ਲੱਗਣ ਦੇ ਰਹੀ। ਆਪਣੇ ਹੀ ਪਰਿਵਾਰਾਂ ਦੀਆਂ ਆਸਾਂ 'ਤੇ ਖਰੇ ਨਾ ਉਤਰਨ ਦੀ ਇੱਕ ਚੀਸ ਵੀ ਇਨ੍ਹਾਂ ਕਲਾਕਾਰਾਂ ਦੇ ਕਾਲਜੇ ਉੱਠਦੀ ਰਹਿੰਦੀ ਹੈ ਕਿ ਜਿਸ ਮਕਸਦ ਨੂੰ ਲੈ ਕੇ ਇਨ੍ਹਾਂ ਵੱਲੋਂ ਇਸ ਦੋ ਧਾਰੀ ਤਲਵਾਰ 'ਤੇ ਤੁਰਨ ਦਾ ਨਿਰਣਾ ਕੀਤਾ ਹੁੰਦਾ ਹੈ, ਉਸ ਨੂੰ ਇਹ ਪੂਰਾ ਨਹੀਂ ਕਰ ਪਾਉਂਦੇ। ਵੱਡੀਆਂ ਕੰਪਨੀਆਂ ਨਾਲ ਇਨ੍ਹਾਂ ਕਲਾਕਾਰਾਂ ਵੱਲੋਂ ਕੀਤੇ 'ਸਮਝੌਤੇ' ਇਨ੍ਹਾਂ ਨੂੰ ਇੱਕ ਜ਼ਾਬਤੇ ਦੇ ਵਿਚ ਬੰਨ੍ਹਣ ਤੋਂ ਬਾਅਦ ਕਿਸੇ ਹੋਰ ਪਾਸੇ ਵੱਲ ਜਾਣ ਦੀ ਗੁੰਜਾਇਸ਼ ਨਹੀਂ ਛੱਡਦੇ, ਜਿਸ ਕਰਕੇ ਇਹ ਨੌਜਵਾਨ ਮਾਨਸਿਕ ਰੋਗ ਦਾ ਸ਼ਿਕਾਰ ਹੋ ਕੇ ਕੋਈ ਵੱਡਾ ਕਦਮ ਚੁੱਕਣ ਤੋਂ ਵੀ ਗੁਰੇਜ਼ ਨਹੀਂ ਕਰਦੇ।

ਇਸੇ ਤਰ੍ਹਾਂ ਬੀਤੇ ਸਮੇਂ ਪੰਜਾਬੀ ਗਾਇਕੀ ਅਤੇ ਪਾਲੀਵੁੱਡ ਅੰਦਰ ਵੀ ਕਈ ਨਾਮੀ ਹਸਤੀਆਂ ਨੇ ਕੀਤੇ 'ਸਮਝੌਤਿਆਂ' ਤਹਿਤ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋਣ ਤੋਂ ਬਾਅਦ ਭਾਰੀ ਪ੍ਰੇਸ਼ਾਨੀਆਂ ਨਾਲ ਦੋ-ਚਾਰ ਹੁੰਦਿਆਂ ਇਕਾਂਤ ਵਿਚ ਹੀ ਜ਼ਿੰਦਗੀ ਗੁਜ਼ਾਰਨੀ ਮੁਨਾਸਿਬ ਸਮਝੀ ਅਤੇ ਕਈ ਕਲਾਕਾਰ ਪਰਿਵਾਰਕ 'ਤੇ ਬਾਹਰੀ ਕਾਰਨਾਂ ਕਾਰਨ ਮਾਨਸਿਕ ਰੋਗ ਵਿਚ ਇੰਨੇ ਗ੍ਰੱਸੇ ਗਏ ਕਿ ਉਹ ਪਹਿਲੀ ਜ਼ਿੰਦਗੀ ਜਿਊਣਾ ਹੀ ਭੁੱਲ ਗਏ। ਜੇਕਰ ਪੰਜਾਬੀ ਗਾਇਕੀ ਦੇ ਵਿਹੜੇ ਦੀ ਗੱਲ ਕਰੀਏ, ਤਾਂ ਉਦਾਸ ਗਾਇਕੀ ਦੇ ਸ਼ਾਹ ਅਸਵਾਰ ਧਰਮਪ੍ਰੀਤ ਜਿਸ ਨੇ 'ਟੁੱਟੇ ਦਿੱਲ ਨੀ ਜੁੜਦੇ ਅੜੀਏ ਤੋੜੀ ਨਾ' ਰਾਹੀਂ ਪੰਜਾਬੀ ਗਾਇਕੀ ਅੰਦਰ ਖਲਬਲੀ ਮਚਾ ਦਿੱਤੀ ਸੀ, ਉਹ ਵੀ ਇਨ੍ਹਾਂ ਕਾਰਨਾਂ ਦੀ ਭੇਟ ਚੜ੍ਹ ਕੇ ਆਪਣੇ ਪਰਿਵਾਰ ਤੋਂ ਦੂਰ ਹੋ ਗਿਆ ਅਤੇ ਰਾਜ ਬਰਾੜ ਸਣੇ ਕਈ ਪੰਜਾਬੀ ਮਾਂ ਬੋਲੀ ਦੇ ਨਾਮੀ ਗੀਤਕਾਰ ਵੀ ਇਸ ਰੰਗਲੀ ਦੁਨੀਆਂ ਤੋਂ ਭੰਗ ਦੇ ਭਾਣੇ ਚਲੇ ਗਏ। ਕਾਰਨ ਭਾਵੇਂ ਕੁਝ ਵੀ ਹੋਣ ਪਰ ਇਨ੍ਹਾਂ ਫ਼ਨਕਾਰਾਂ ਦਾ ਚੜ੍ਹਦੀ ਉਮਰੇ ਇਸ ਸੰਸਾਰ ਤੋਂ ਚਲੇ ਜਾਣਾ ਬੇਹੱਦ ਅਫ਼ਸੋਸਨਾਕ ਵਰਤਾਰਾ ਹੈ। ਇਸੇ ਤਰ੍ਹਾਂ ਇੱਕ-ਇੱਕ ਕਰਕੇ ਇਨ੍ਹਾਂ ਨਵੇਂ ਪੂਰ ਦੇ ਅਦਾਕਾਰਾਂ ਦਾ ਸਾਥੋਂ ਵਿਛੜ ਜਾਣਾ ਕਿਤੇ ਨਾ ਕਿਤੇ ਉਸ ਸਥਾਪਤ ਕਲਾ ਜਗਤ ਦੀ ਮੰਡੀ ਦੀ ਸੋਚ 'ਤੇ ਸਵਾਲੀਆ ਨਿਸ਼ਾਨ ਜ਼ਰੂਰ ਹੈ, ਜਿੱਥੇ ਹਰ ਛੋਟਾ-ਵੱਡਾ ਕਲਾਕਾਰ ਆਪਣੀ ਉੱਚਾਈ ਦੇ ਹਿੱਸੇ ਦੇ ਸੁਪਨਿਆਂ ਦੀ ਪਰਵਾਜ਼ ਭਰਨਾ ਜ਼ਰੂਰ ਲੋਚਦਾ ਹੈ ਅਤੇ ਉਸ ਨੂੰ ਇਹ ਹੱਕ ਵੀ ਹੈ ..ਖ਼ੈਰ ਮਾਲਕ ਮਿਹਰ ਕਰੇ ਤੇ ਕੋਈ ਵੀ ਇਨਸਾਨ ਇੰਨਾ ਵੱਡਾ ਕਦਮ ਚੁੱਕਣ ਤੋਂ ਪਹਿਲਾਂ ਆਪਣੇ ਆਲੇ-ਦੁਆਲੇ ਆਪਣੇ 'ਚਾਹੁਣ ਵਾਲਿਆਂ' ਵੱਲ ਝਾਤੀ ਮਾਰ ਕੇ ਜ਼ਰੂਰ ਵੇਖੇ।

## ਨਵਾਂ ਸਾਲ

ਦੋਸਤਾ
ਨਵਾਂ ਸਾਲ ਤਾਂ ਹੁਣ
ਦਿਲ ਅਤੇ ਘਰ
ਦੀਆਂ ਬਰੂਹਾਂ ਉੱਤੇ
ਦਸਤਕ ਦੇਣ ਲਈ
ਤਿਆਰ ਖੜ੍ਹਾ ਹੈ...
ਤੈਨੂੰ ਬੜੀ ਉਡੀਕ ਹੋਵੇਗੀ
ਤੀਬਰਤਾ ਦੇ ਨਾਲ
ਕਿ ਪਿਛਲੇ ਸਾਲ ਵਾਂਗ
ਇਸ ਵਾਰ ਵੀ
ਮੇਰਾ ਤੈਨੂੰ
ਨਵੇਂ ਸਾਲ ਦੀ
ਵਧਾਈ ਵਾਲਾ
ਸਤਰੰਗਾ
ਸੁਨਹਿਰੀ
ਲਿਸ਼ਕਦਾ
ਕਾਰਡ ਮਿਲੇਗਾ
ਜਿਸ ਦੇ ਵਿਚ
ਮੈਂ
ਤੇਰੀਆਂ ਤੇ ਮੇਰੀਆਂ
ਕਿੰਨੀਆਂ ਹੀ ਗੱਲਾਂ ਕਰਾਂਗਾ
ਪਰ ਦੋਸਤਾ
ਇਸ ਵਾਰ
ਪਿਛਲੇ ਸਾਲ ਵਰਗਾ
ਕੁਝ ਨਹੀਂ ਹੋਣਾ
ਇਸ ਸਾਲ ਵਿਚ ਤਾਂ
ਬਹੁਤ ਕੁਝ ਬਦਲ ਗਿਆ
ਬਦਲਦੇ ਮੌਸਮ ਵਾਂਗ
ਤੇਰਾ ਖਿਆਲ ਆਉਂਦਿਆ
ਮੇਰੀਆਂ ਅੱਖਾਂ ਸਾਹਮਣੇ
ਬਹੁਤ ਕੁਝ ਆ ਜਾਂਦਾ
ਜਿਸ ਨੂੰ ਮੈਂ ਨਜ਼ਰ ਅੰਦਾਜ਼
ਨਹੀਂ ਕਰ ਸਕਦਾ
ਜਦੋਂ ਦੇਸ਼ ਦਾ ਅੰਨਦਾਤਾ
ਤੇ ਕੌਮ ਦਾ ਨਿਰਮਾਤਾ
ਆਪਣੇ ਹੱਕਾਂ ਦੇ ਲਈ
ਮਰਨ ਵਰਤ 'ਤੇ ਬੈਠੇ ਹੋਣ
ਉਹ ਵੀ
ਉਹ ਵੀ ਪੋਹ ਦੀਆਂ
ਰਾਤਾਂ ਠੁਰ ਠੁਰ
ਕਰਦੀਆਂ ਰਾਤਾਂ ਨੂੰ
ਉਦੋਂ
ਕਿਵੇਂ ਸੁੱਝ ਸਕਦਾ
ਨਵੇਂ ਸਾਲ ਦਾ ਕਾਰਡ
ਤੈਨੂੰ ਭੇਜਣ ਦਾ ਖਿਆਲ
ਤੂੰ ਫਿਕਰ ਨਾ ਕਰੀ
ਜ਼ਰੂਰ ਬਦਲੇਗਾ
ਇਹ ਮੌਸਮ
ਜਦੋਂ
ਸੱਚ ਜਿੱਤੇਗਾ
ਝੂਠ ਹਾਰੇਗਾ
ਉਸ ਸਾਲ
ਮੈਂ ਤੈਨੂੰ
ਸਤਰੰਗਾ
ਸੁਨਹਿਰੀ
ਲਿਸ਼ਕਦਾ
ਕਾਰਡ ਜ਼ਰੂਰ ਭੇਜਾਂਗਾ
ਇਸ ਸਾਲ ਤਾਂ
ਹੰਝੂਆਂ ਦੇ ਨਾਲ
ਭੇਜਿਆ
ਤੇਰੇ ਨਾਂ
ਮੇਰਾ
ਖ਼ਤ ਹੀ ਸਹੀ...

-ਹਰਦੀਪ ਸਿੰਘ ਭੂਦਨ
(ਧੂਰੀ)



ਪੰਜਾਬ ਮੇਲ USA

## ਨਵੇਂ ਸਾਲ ਵਿਚ

ਨਵਿਆਂ ਸਾਲਾ ਨਵੇਂ ਸਾਲ ਵਿਚ ਖੁਸ਼ੀਆਂ ਨਾਲ ਲਿਆਈਂ।
ਪਿਆਰ-ਮੁਹੱਬਤ ਵਾਲੀ ਵਰਖਾ ਸੱਭਦੇ ਘਰ ਵਰਸਾਈਂ।
ਮਿਲ ਜਾਣ ਹੱਕ ਉਨ੍ਹਾਂ ਨੂੰ ਜੋ ਨੇ ਹੱਕਾਂ ਖਾਤਰ ਲੜਦੇ,
ਮੌਕੇ ਦੀਆਂ ਸਰਕਾਰਾਂ ਦੇ ਇਹ ਗੱਲ ਕੰਨਾਂ ਵਿਚ ਪਾਈਂ।
ਜਾਤਾਂ-ਪਾਤਾਂ ਤੇ ਧਰਮਾਂ ਦੇ ਨਾਂ 'ਤੇ ਹੋਣ ਨਾ ਦੰਗੇ,
ਇੱਕੋ ਰੱਬ ਦੇ ਜੀਅ ਨੇ ਸਾਰੇ, ਸਭਨਾਂ ਨੂੰ ਸਮਝਾਈਂ।
ਭੁੱਖੇ ਪੇਟ ਨਾ ਕੋਈ ਵੀ ਸੌਂਵੇਂ ਸਾਰਿਆਂ ਦਾ ਢਿੱਡ ਭਰਜੇ,
ਦੂਜਿਆਂ ਮੂਹਰੇ ਹੱਥ ਕਿਸੇ ਦਾ ਹੁਣ ਨਾ ਕਿਤੇ ਅਡਾਈਂ।
ਦੁਰਘਟਨਾਵਾਂ ਦੇ ਵਿਚ ਲੋਕੀਂ ਹੁਣ ਤੱਕ ਮਰੇ ਬਥੇਰੇ,
ਆਵਾਜਾਈ ਦੇ ਨਿਯਮਾਂ ਦੀ ਸਭ ਨੂੰ ਗੱਲ ਸਮਝਾਈਂ।
ਕੁਰਸੀਆਂ ਤੇ ਜੋ ਚੋਰ-ਉਚੱਕੇ ਕਾਬਜ ਹੋ ਗਏ ਨੇਤਾ,
ਇੰਝ ਦੇ ਨੇਤਾ ਬੱਕਰੇ ਵਾਂਗੂੰ ਛੇਤੀ ਹੀ ਝਟਕਾਈਂ।
ਹਵਾ, ਪਾਣੀ ਤੇ ਧਰਤੀ ਹੁਣ ਹੋਰ ਨਾ ਹੋਵਣ ਗੰਦੇ,
ਕਰਦੇ ਇੰਝ ਮਨੁੱਖ ਜੋ ਖਾਨੇ ਗੱਲ ਉਨ੍ਹਾਂ ਦੇ ਪਾਈਂ।

-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'
ਯੂਬਾ ਸਿਟੀ, ਕੈਲੀਫੋਰਨੀਆ (ਅਮਰੀਕਾ)
ਫੋਨ: +1-360-448-1989



ਪੰਜਾਬ ਮੇਲ USA

# ਰਾਮ ਭੋਗ ਪੁਰੀਆ; ਕੱਲ੍ਹ ਤੱਕ ਕਾਮੇਡੀਅਨ ਤੇ ਗਾਇਕ, ਅੱਜ ਬਾਲੀਵੁੱਡ ਸੰਗੀਤ ਪੇਸ਼ਕਾਰ ਤੇ ਕੱਲ੍ਹ ਨੂੰ ਬਣਨਗੇ ਫ਼ਿਲਮ ਨਿਰਮਾਤਾ

-ਅੰਮ੍ਰਿਤ ਪਵਾਰ
ਪੰਜਾਬ ਮੇਲ USA

ਸਟੇਜ 'ਤੇ ਸਕਿੱਟਾਂ ਸੁਣਾ ਕੇ ਲੋਕਾਂ ਦਾ ਪਿਆਰ ਰੋਟੀ-ਰੋਜ਼ੀ ਤੋਰਦੇ ਭੋਗਪੁਰ ਦੇ ਰਾਮ ਨੇ ਇਹ ਨਹੀਂ ਸੀ ਸੋਚਿਆ ਕਿ ਉਹ ਇੱਕ ਦਿਨ ਬਾਲੀਵੁੱਡ ਦਾ ਚਹੇਤਾ ਪ੍ਰਮੋਟਰ ਹੋਏਗਾ, ਸਕਸ਼ ਹੋਏਗਾ, ਜਿਸ ਦੇ ਸੁਪਨੇ ਵੀ ਓਹੀ ਤੱਕਦੇ, ਜਿਨ੍ਹਾਂ ਨੂੰ ਪੂਰੇ ਕਰਨ ਦੀ ਆਸ ਹੋਏ। ਰਾਮ ਭੋਗਪੁਰ ਨੇ ਕਾਮੇਡੀ ਕਲਾਕਾਰ ਤੋਂ ਬਾਅਦ ਪੰਜਾਬੀ ਗਾਇਕੀ ਵੀ ਅਪਣਾਈ ਤੇ ਦੋਗਾਣੇ ਵੀ ਲੋਕਾਂ ਨੂੰ ਸੁਣਾਏ, ਟੇਪਾਂ ਤੇ ਸੀ.ਡੀ. ਆਈਆਂ। ਮਾੜਾ-ਮੋਟਾ ਪੰਜਾਬੀ ਵਿਚ ਆਖ ਲਓ, ਨਾਮ ਬਣ ਗਿਆ ਤੇ ਦੂਰਦਰਸ਼ਨ ਜਲੰਧਰ 'ਤੇ ਵੀ ਉਸ ਦੀਆਂ ਮੁਲਾਕਾਤਾਂ ਤੇ ਕਲਾ ਦਾ ਦਿਖਾਵਾ ਹੋਇਆ ਪਰ ਜ਼ਿੰਦਗੀ ਦਾ ਅਸਲੀ ਨਵਾਂ ਮੋੜ ਤਦ ਇਸ ਯਾਤਰਾ ਵਿਚ ਆਇਆ, ਜਦ ਰਾਮ ਭੋਗ ਪੁਰੀਆ ਦੁਨੀਆਂ ਦੀ ਮਹਾਂ ਸ਼ਕਤੀ ਯੂ.ਐੱਸ.ਏ. ਪਹੁੰਚ ਗਿਆ। ਮਿਹਨਤ ਨੂੰ ਸਲਾਮ, ਸਿਦਕ ਤੇ ਸਬਰ ਨੂੰ ਫਲ ਤੇ ਸਥਾਪਿਤ ਹੋਣ ਬਾਅਦ ਰਾਮ ਭੋਗਪੁਰ ਸੰਗੀਤ ਪੇਸ਼ਕਾਰ ਬਣ ਗਏ ਤੇ ਅੱਜ ਟੌਪ ਪੰਜਾਬੀ ਮਿਊਜ਼ਿਕ ਕੰਪਨੀ ਆਰ.ਜੇ. ਬੀਟਸ ਤੇ ਆਰ.ਜੇ. ਭਗਤੀ ਦੇ ਸੀ.ਈ.ਓ. ਹਨ। ਰਾਮ ਭੋਗ ਪੁਰੀਆ ਨੇ ਪੰਮਾ ਮੱਲ੍ਹੀ ਤੋਂ ਫਿਰੋਜ਼ ਖਾਨ, ਸੀਮਾ ਅਨਜਾਣ ਤੱਕ ਨਾਮਵਰ ਤੇ ਨਵੇਂ ਕਲਾਕਾਰਾਂ ਦੇ ਟਰੈਕ ਰਲੀਜ਼ ਕੀਤੇ ਹਨ, ਹਿਮਾਚਲੀ ਸੰਗੀਤ ਵੀ ਰਲੀਜ਼ ਕੀਤਾ ਹੈ। ਰਾਮ ਦੀ ਵੱਡੀ ਪ੍ਰਾਪਤੀ ਕਿ ਹਿੰਦੀ ਫ਼ਿਲਮ ਨਗਰੀ ਦੇ ਟੌਪ ਗਾਇਕ ਉਹ ਰਲੀਜ਼ ਕਰ ਚੁੱਕੇ ਨੇ ਤੇ ਕਰ ਰਹੇ ਹਨ। ਅਨੁਰਾਧਾ ਪੌਡਵਾਲ, ਉਦਿਤ ਨਰਾਇਣ, ਸੁਰੇਸ਼ ਵਾਡੇਕਾਰ, ਸਾਧਨਾ ਸਰਗਮ ਤੋਂ ਜਸਪਿੰਦਰ ਨਰੂਲਾ ਤੱਕ ਚੋਟੀ ਦੇ ਕਲਾਕਾਰਾਂ ਦੇ ਸੰਗੀਤ ਨੰਬਰ ਰਲੀਜ਼ ਕਰ ਕਾਮਯਾਬ ਹੋਣਾ ਰਾਮ ਭੋਗ ਪੁਰੀਆ ਨੂੰ ਸਟਾਰ ਮਿਊਜ਼ਿਕ ਪੇਸ਼ਕਾਰ ਨਿਰਮਾਤਾ ਬਣਾ ਚੁੱਕਾ ਹੈ। ਰਾਮ ਨੇ ਅਮਰੀਕਾ ਵਿਖੇ ਪੰਜਾਬੀ ਤੇ ਫਿਲਮੀ ਕਲਾਕਾਰਾਂ ਦੇ ਸਟੇਜ ਪ੍ਰੋਗਰਾਮਾਂ ਲਈ ਵੀ ਆਪਣਾ ਯੋਗਦਾਨ ਦਿੱਤਾ ਹੈ। ਬਲਵਿੰਦਰ ਸਿੰਘ ਬਾਜਵਾ ਦੀ ਉਹ ਤਰੀਫ ਕਰਦੇ ਨੇ, ਜਿਨ੍ਹਾਂ ਦਾ ਉਨ੍ਹਾਂ ਨੂੰ ਸਦਾ ਅਸ਼ੀਰਵਾਦ ਸਹਿਯੋਗ ਮਿਲਿਆ ਹੈ। ਅਸ਼ਲੀਲ ਗਾਇਕੀ ਤੋਂ ਦੂਰੀ ਉਨ੍ਹਾਂ ਦੀ ਖਾਸ ਪ੍ਰਾਪਤੀ ਹੈ ਤੇ ਸੁਰ ਨੂੰ ਪਹਿਲ ਉਨ੍ਹਾਂ ਦਾ ਵਾਅਦਾ ਹੈ। ਰਾਮ ਭੋਗ ਪੁਰੀਆ ਦੱਸਦੇ ਨੇ ਕਿ ਆਧੁਨਿਕ ਸਮੇਂ ਨਾਲ ਉਹ ਚਲਦੇ ਹੋਏ ਯੂਟਿਊਬ ਤੋਂ ਸੰਗੀਤ ਸਾਈਟਸ ਤੇ ਬਾਕੀ ਸੰਗੀਤਕ ਥਾਵਾਂ 'ਤੇ ਸੰਗੀਤ ਪੇਸ਼ ਕਰਦੇ ਹਨ। ਮਹਿਸੂਸ ਹੁੰਦੀ ਸੰਗੀਤਕ ਕਾਮਯਾਬੀ ਲਈ ਉਹ ਆਪਣੀ ਟੀਮ ਨੂੰ ਸਿਹਰਾ ਦਿੰਦੇ ਹਨ। ਬੰਨੀ ਸ਼ਰਮਾ ਉਨ੍ਹਾਂ ਨਾਲ ਜੁੜ ਚੁੱਕੇ ਨੇ, ਜਿਹੜੇ ਪ੍ਰਾਜੈਕਟ ਡਾਇਰੈਕਟਰ ਹਨ ਤੇ ਟੀ.ਵੀ. 'ਤੇ ਉਨ੍ਹਾਂ ਦਾ ਤਜ਼ਰਬਾ ਹੈ, ਮੁਨੀਸ਼ ਸ਼ਰਮਾ ਕਾਰਜਕਾਰੀ ਨਿਰਮਾਤਾ ਤੇ ਫ਼ਿਲਮ ਮੇਕਰ ਤੇ ਨਿਰਦੇਸ਼ਕ ਹਨ, ਜਦਕਿ ਸਰੋਤੇ ਉਨ੍ਹਾਂ ਦੀ ਟੀਮ ਦੇ ਉਹ ਅਹਿਮ ਮੈਂਬਰ ਹਨ, ਜਿਨ੍ਹਾਂ ਦੀ ਬਦੌਲਤ ਅੱਜ ਉਹ ਗਾਇਕ ਤੇ ਅਦਾਕਾਰ ਤੋਂ ਸੰਗੀਤਕ ਪੇਸ਼ਕਾਰ ਹਨ। ਸ਼ਿਲਪਾ ਸ਼ੈਟੀ ਹੋਵੇ, ਪ੍ਰੇਮ ਚੋਪੜਾ, ਸਭ ਰਾਮ ਦੇ ਸੁਭਾਅ ਤੇ ਕੰਮ ਨੂੰ ਅੱਵਲ ਆਖਦੇ ਹਨ ਤੇ ਮਿਊਜ਼ਿਕ ਇੰਡਸਟਰੀ ਦੇ ਉਹ ਚਰਚਿਤ ਸਟਾਰ ਇੱਕ ਤਰ੍ਹਾਂ ਹਨ।


ਗਾਇਕ ਰਾਮ


ਮਾਡਲ ਰਾਮ

# ਰੈਗਿੰਗ ਨੂੰ ਪੇਸ਼ ਕਰਦੀ ਫ਼ਿਲਮ ਬਲੂ ਵੈਨ

ਰਜਵਿੰਦਰ ਪਾਲ ਸ਼ਰਮਾ
70873-67969
(Punjab Mail USA)



ਬੀਤੀ 28 ਨਵੰਬਰ ਨੂੰ ਓ.ਟੀ.ਟੀ. ਦੇ ਚੌਪਾਲ ਪਲੇਟਫਾਰਮ 'ਤੇ ਰਿਲੀਜ਼ ਹੋਈ ਸਸਪੈਂਸ ਅਤੇ ਰੌਚਕਤਾ ਨਾਲ ਭਰਪੂਰ ਫ਼ਿਲਮ ਬਲੂ ਵੈਨ। ਰਵਿੰਦਰ ਗਰੇਵਾਲ ਅਤੇ ਟੇਢੀ ਪੱਗ ਦੇ ਬੈਨਰ ਹੇਠ ਬਣੀ ਇਸ ਡੇਢ ਘੰਟੇ ਦੀ ਫ਼ਿਲਮ ਨੂੰ ਸਮਨ ਅਤੇ ਪਾਮੌਰ ਵਾਲਾ ਹੁੰਦਲ ਦੁਆਰਾ ਡਾਇਰੈਕਟ ਕਰਕੇ ਮਿਊਜ਼ਿਕ ਲਾਲ ਕਮਲ ਅਤੇ ਪ੍ਰੀਤ ਰੋਮਾਣਾ ਦੁਆਰਾ ਦਿੱਤਾ ਗਿਆ ਹੈ।

ਫ਼ਿਲਮ ਦੀ ਕਹਾਣੀ ਪੰਜਾਬ ਪੁਲਿਸ ਵਿਚ ਤੈਨਾਤ ਐੱਸ.ਐੱਚ.ਓ. ਰਣਵਿਜੇ ਸਿੰਘ ਦੀ ਇੰਟਰਵਿਊ ਨਾਲ ਸ਼ੁਰੂ ਹੁੰਦੀ ਹੈ, ਜਿਸ ਦਾ ਕਿਰਦਾਰ ਪੰਜਾਬੀ ਦੇ ਸਿਰਮੌਰ ਗਾਇਕ ਅਤੇ ਪੰਜਾਬੀ ਅਦਾਕਾਰ ਰਵਿੰਦਰ ਗਰੇਵਾਲ ਨੇ ਨਿਭਾਇਆ ਹੈ। ਰਣਵਿਜੇ ਸਿੰਘ ਨੂੰ ਜਦੋਂ ਇੰਟਰਵਿਊ ਦੌਰਾਨ ਉਸ ਦੁਆਰਾ ਜਾਂਚ ਕੀਤੇ ਗਏ ਸਭ ਤੋਂ ਦਿਲਚਸਪ ਕੇਸ ਬਾਰੇ ਪੁੱਛਿਆ ਜਾਂਦਾ ਹੈ, ਤਾਂ ਉਸ ਨੂੰ ਆਪਣਾ ਪਹਿਲਾ ਕੇਸ ਯਾਦ ਆਉਂਦਾ ਹੈ, ਜਦੋਂ ਉਹ ਨਵਾਂ-ਨਵਾਂ ਮੁੱਲਾਂਪੁਰ ਥਾਣੇ ਜ਼ਿਲ੍ਹਾ ਸੰਗਰੂਰ ਵਿਚ ਤੈਨਾਤ ਹੋਇਆ ਹੁੰਦਾ ਹੈ।

ਮੁੱਲਾਂਪੁਰ ਥਾਣੇ ਵਿਚ ਇੱਕ ਰਾਤ ਨੂੰ ਕਾਲ ਆਉਂਦੀ ਹੈ ਕਿ ਕਿਸੇ ਲੜਕੀ ਦੀ ਲਾਸ਼ ਪ੍ਰਾਪਤ ਹੋਈ ਹੈ। ਜਾਂਚ ਲਈ ਰਣਵਿਜੇ ਸਿੰਘ ਅਤੇ ਉਸ ਦੇ ਸਾਥੀ ਘਟਨਾ ਵਾਲੀ ਜਗ੍ਹਾ 'ਤੇ ਪਹੁੰਚ ਜਾਂਦੇ ਹਨ। ਦੇਖਣ 'ਤੇ ਪਤਾ ਲੱਗਦਾ ਹੈ ਕਿ ਲਾਸ਼ ਇੱਕ ਲੜਕੀ ਸਿਮਰਤ ਦੀ ਹੁੰਦੀ ਹੈ, ਜਿਸਦੇ ਚਿਹਰੇ ਨੂੰ ਤੇਜ਼ਾਬ ਨਾਲ ਸਾੜ ਦਿੱਤਾ ਗਿਆ ਹੁੰਦਾ ਹੈ ਅਤੇ ਉਸ ਦੇ ਸਾਥੀ ਲੜਕੇ ਨੂੰ ਕਿਸੇ ਪੱਥਰ ਨਾਲ ਮਾਰ ਕੇ ਜ਼ਖ਼ਮੀ ਕਰ ਦਿੱਤਾ ਜਾਂਦਾ ਹੈ। ਜਾਂਚ ਅਜੇ ਸ਼ੁਰੂ ਹੀ ਹੋਈ ਹੁੰਦੀ ਹੈ ਕਿ ਲੜਕੀ ਸਿਮਰਤ ਦਾ ਮੰਗੇਤਰ ਜਿਸ ਨਾਲ ਕਿ ਮੰਗਣੀ ਹੋਈ ਹੁੰਦੀ ਹੈ, ਆਪਣਾ ਗੁਨਾਹ ਕਬੂਲ ਕਰ ਲੈਂਦਾ ਹੈ ਅਤੇ ਕੇਸ ਬੰਦ ਹੋ ਜਾਂਦਾ ਹੈ। ਐੱਸ.ਐੱਸ.ਪੀ. ਗੁਰਦੀਪ ਸਿੰਘ ਵੱਲੋਂ ਐੱਸ.ਐੱਚ.ਓ. ਰਣਵਿਜੇ ਸਿੰਘ ਨੂੰ ਥਾਪੀ ਦਿੱਤੀ ਜਾਂਦੀ ਹੈ। ਪੁਲਿਸ ਦੀ ਚਾਰ ਚੁਫੇਰੇ ਪ੍ਰਸ਼ੰਸਾ ਹੁੰਦੀ ਹੈ ਪ੍ਰੰਤੂ ਰਣਵਿਜੇ ਸਿੰਘ ਨੂੰ ਪਤਾ ਹੁੰਦਾ ਹੈ ਕਿ ਅਸੀਂ ਕੁੱਝ ਨਹੀਂ ਕੀਤਾ, ਕਾਤਿਲ ਨੇ ਤਾਂ ਆਪ ਸਰੈਂਡਰ ਕੀਤਾ ਹੈ।




ਸਿਮਰਤ ਦੇ ਕਤਲ ਤੋਂ ਇੱਕ ਮਹੀਨੇ ਬਾਅਦ ਇੱਕ ਸੁਖ ਨਾਂ ਦੀ ਲੜਕੀ ਦੀ ਲਾਸ਼ ਉਸੇ ਤਰ੍ਹਾਂ ਮਿਲਦੀ ਹੈ, ਜਿਵੇਂ ਸਿਮਰਤ ਦੀ ਮਿਲੀ ਸੀ। ਕੇਸ ਦੀ ਜਾਂਚ ਸ਼ੁਰੂ ਹੀ ਹੋਈ ਹੁੰਦੀ ਹੈ ਕਿ ਸੁਖ ਦਾ ਚਾਚਾ ਸੁਖ ਦੇ ਕਤਲ ਲਈ ਆਪਣੇ ਆਪ ਨੂੰ ਪੁਲਿਸ ਸਾਹਮਣੇ ਸਰੰਡਰ ਕਰ ਦਿੰਦਾ ਹੈ। ਸੁਖ ਦੇ ਚਾਚੇ ਦੇ ਸਰੰਡਰ ਕਰਨ ਨਾਲ ਬਾਕੀ ਪੁਲਿਸ ਅਧਿਕਾਰੀਆਂ ਅਤੇ ਮੀਡੀਏ ਦੀ ਨਜ਼ਰ ਵਿਚ ਤਾਂ ਕੇਸ ਬੰਦ ਹੋ ਜਾਂਦਾ ਹੈ ਪ੍ਰੰਤੂ ਰਣਵਿਜੇ ਸਿੰਘ ਇਸ ਦੀ ਜਾਂਚ ਕਰਨਾ ਚਾਹੁੰਦਾ ਹੁੰਦਾ ਹੈ, ਜਿਸ ਕਰਕੇ ਉਸ ਨੂੰ ਆਪਣੇ ਸੀਨੀਅਰ ਅਫਸਰਾਂ ਤੋਂ ਵੀ ਝਾੜ ਪੈਂਦੀ ਹੈ ਪਰੰਤੂ ਉਹ ਕੇਸ ਦੀ ਜਾਂਚ ਲਈ ਦਿਨ-ਰਾਤ ਇੱਕ ਕਰ ਦਿੰਦਾ ਹੈ।

ਫ਼ਿਲਮ ਦੀ ਕਹਾਣੀ ਜਿਵੇਂ-ਜਿਵੇਂ ਚਲਦੀ ਹੈ, ਇਹ ਹੋਰ ਵੀ ਦਿਲਚਸਪ ਬਣਦੀ ਜਾਂਦੀ ਹੈ। ਜਾਂਚ ਦੌਰਾਨ ਜਦੋਂ ਸਿਮਰਤ ਅਤੇ ਸੁਖ ਦੇ ਮੋਬਾਇਲ ਕਾਲ ਦਾ ਰਿਕਾਰਡ ਕਢਵਾਇਆ ਜਾਂਦਾ ਹੈ, ਤਾਂ ਉਨ੍ਹਾਂ ਦੋਵਾਂ ਦੇ ਕਾਲ ਰਿਕਾਰਡ ਵਿਚ ਇੰਦਰ ਨਾਂ ਦੇ ਵਿਅਕਤੀ ਦਾ ਨਾਂ ਹੁੰਦਾ ਹੈ। ਇਹ ਸਭ ਕੁੱਝ ਦੇਖ ਕੇ ਰਣਵਿਜੇ ਸਿੰਘ ਦਾ ਵਿਸ਼ਵਾਸ ਹੋਰ ਪੱਕਾ ਹੋ ਜਾਂਦਾ ਹੈ ਕਿ ਸਿਮਰਤ ਅਤੇ ਸੁਖ ਦੋਵਾਂ ਦੇ ਕਤਲਾਂ ਦਾ ਆਪਸ ਵਿਚ ਕੋਈ ਕੁਨੈਕਸ਼ਨ ਤਾਂ ਹੈ।

ਇੱਕ ਦਿਨ ਅਚਾਨਕ ਇੰਦਰ ਪੁਲਿਸ ਥਾਣੇ ਵਿਚ ਸਿਮਰਤ ਅਤੇ ਸੁਖ ਦੇ ਕਤਲ ਵਿਚ ਆਪਣੇ ਆਪ ਨੂੰ ਪੁਲਿਸ ਹਵਾਲੇ ਕਰ ਦਿੰਦਾ ਹੈ। ਦੋਵਾਂ ਕੇਸ ਦੀ ਜਾਂਚ ਦੌਰਾਨ ਰਣਵਿਜੇ ਸਿੰਘ ਨੂੰ ਆਪਣੇ ਸਟਾਫ਼ ਵਿਚ ਤਾਇਨਾਤ ਜੋਤ ਕੌਰ (ਅਮਨ ਸਿੱਧੂ) 'ਤੇ ਸ਼ੱਕ ਹੁੰਦਾ ਹੈ ਪ੍ਰੰਤੂ ਉਸਦਾ ਸ਼ੱਕ ਯਕੀਨ ਵਿਚ ਉਦੋਂ ਬਦਲਦਾ ਹੈ, ਜਦੋਂ ਇੰਦਰ ਸਾਰੀ ਸੱਚਾਈ ਬਿਆਨ ਕਰਦਾ ਹੈ ਅਤੇ ਦੋਵਾਂ ਕਤਲਾਂ ਵਿਚ ਆਪਣਾ (ਇੰਦਰ) ਅਤੇ ਜੋਤ ਕੌਰ ਦਾ ਗੁਨਾਹ ਕਬੂਲ ਕਰ ਲੈਂਦਾ ਹੈ। ਜੋਤ ਕੌਰ ਗੁਨਾਹ ਕਬੂਲਦੀ ਹੋਈ ਦੱਸਦੀ ਹੈ ਕਿ ਜਿਨ੍ਹਾਂ ਦੀਆਂ ਲਾਸ਼ਾਂ ਮਿਲੀਆਂ, ਉਹ ਮੁਰਦਾਂ ਘਰ ਵਿਚੋਂ ਚੋਰੀ ਕੀਤੀਆਂ ਲਾਸ਼ਾਂ ਸਨ। ਇਸ ਕਰਕੇ ਉਨ੍ਹਾਂ ਲਾਸ਼ਾਂ ਦਾ ਸਿਮਰਤ ਅਤੇ ਸੁਖ ਦੇ ਮਾਤਾ-ਪਿਤਾ ਦੇ ਡੀ.ਐੱਨ.ਏ. ਨਾਲ ਮੇਲ ਨਹੀਂ ਖਾਂਦਾ। ਸੁਖ ਅਤੇ ਸਿਮਰਤ ਨੂੰ ਇੰਦਰ ਅਤੇ ਜੋਤ ਨੇ ਅਗਵਾ ਕੀਤਾ ਹੁੰਦਾ ਹੈ ਕਿਉਂਕਿ ਉਹ ਦੋਵੇਂ (ਸਿਮਰਤ ਅਤੇ ਸੁਖ) ਜੋਤ ਦੀ ਛੋਟੀ ਭੈਣ ਨਵ ਦੀ ਮੌਤ ਲਈ ਜ਼ਿੰਮੇਵਾਰ ਸਨ। ਜੋਤ ਕੌਰ ਨਵ ਬਾਰੇ ਦੱਸਦੀ ਹੈ ਕਿ ਜਦੋਂ ਨਵ ਪਹਿਲੇ ਦਿਨ ਕਾਲਜ ਜਾਂਦੀ ਹੈ, ਤਾਂ ਸਿਮਰਤ ਅਤੇ ਸੁਖ ਸੀਨੀਅਰ ਹੋਣ ਕਰਕੇ ਨਵ ਦੀ ਰੈਗਿੰਗ ਕਰਦੀਆਂ ਹੋਈਆਂ ਉਸ ਦੀ ਵੀਡੀਓ ਬਣਾ ਕੇ ਵਾਇਰਲ ਕਰਦੀਆਂ ਹਨ। ਕਾਲਜ ਵਿਚ ਹੋਈ ਆਪਣੀ ਬਦਨਾਮੀ ਨੂੰ ਨਾ ਸਹਿਣ ਕਰਦਿਆਂ ਨਵ ਖੁਦਕੁਸ਼ੀ ਕਰ ਲੈਂਦੀ ਹੈ। ਬਲੂ ਵੈਨ ਫ਼ਿਲਮ ਵਿਚ ਇੱਕ ਨੀਲੇ ਰੰਗ ਦੀ ਵੈਨ ਹੈ, ਜਿਸ ਨੂੰ ਜੋਤ ਕੌਰ ਅਤੇ ਇੰਦਰ ਲਾਸ਼ਾਂ ਲਿਆਉਣ ਲਈ ਵਰਤਦੇ ਸਨ। ਫ਼ਿਲਮ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਸਸਪੈਂਸ ਬਰਕਰਾਰ ਰਹਿੰਦਾ ਹੈ।

ਰਵਿੰਦਰ ਗਰੇਵਾਲ ਅਤੇ ਅਮਨ ਸਿੱਧੂ ਤੋਂ ਇਲਾਵਾ ਇਸ ਫ਼ਿਲਮ ਵਿਚ ਰਵਿੰਦਰ ਮੰਡ, ਰਾਜ ਧਾਲੀਵਾਲ, ਗੁਰਪ੍ਰੀਤ ਤੋਤੀ, ਬਲਵਿੰਦਰ ਬੇਗੋਵਾਲ ਨੇ ਵਧੀਆ ਅਦਾਕਾਰੀ ਕਰਕੇ ਦਰਸ਼ਕਾਂ ਵਿਚ ਆਪਣੀ ਬਣੀ ਥਾਂ ਨੂੰ ਹੋਰ ਮਜ਼ਬੂਤ ਕੀਤਾ ਹੈ। ਫ਼ਿਲਮ ਰੈਗਿੰਗ ਵਰਗੇ ਗੰਭੀਰ ਮੁੱਦਿਆਂ ਨੂੰ ਉਭਾਰਨ ਦੇ ਨਾਲ-ਨਾਲ ਇਮਾਨਦਾਰ ਅਤੇ ਮਿਹਨਤੀ ਪੁਲਿਸ ਅਧਿਕਾਰੀਆਂ ਨੂੰ ਦਿਖਾਉਣ ਵਿਚ ਵੀ ਕਾਮਯਾਬ ਰਹੀ ਹੈ। ਰਣਵਿਜੇ ਦੀ ਇਮਾਨਦਾਰੀ ਅਤੇ ਅਣਥੱਕ ਮਿਹਨਤ ਦਾ ਹੀ ਨਤੀਜਾ ਹੁੰਦਾ ਹੈ ਕਿ ਸਹੀ ਗੁਨਾਹਗਾਰ ਨੂੰ ਸਜ਼ਾ ਦਵਾ ਕੇ ਨਿਰਦੋਸ਼ਾਂ ਨੂੰ ਬਾਇੱਜ਼ਤ ਬਰੀ ਕੀਤਾ ਜਾਂਦਾ ਹੈ। ਰਵਿੰਦਰ ਗਰੇਵਾਲ ਪਹਿਲਾਂ ਵੀ ਫਿਲਮਾਂ ਵਿਚ ਆ ਚੁੱਕਿਆ ਹੈ ਪ੍ਰੰਤੂ ਐੱਸ.ਐੱਚ.ਓ. ਰਣਵਿਜੇ ਦਾ ਕਿਰਦਾਰ ਪ੍ਰਭਾਵਸ਼ਾਲੀ ਰਿਹਾ ਹੈ। ਜਿਥੇ ਦਰਸ਼ਕਾਂ ਵੱਲੋਂ ਰਵਿੰਦਰ ਗਰੇਵਾਲ ਨੂੰ ਇੱਕ ਵਾਰ ਫ਼ਿਰ ਪੁਲਿਸ ਅਫ਼ਸਰ ਦੇ ਰੂਪ ਵਿਚ ਦੇਖਣ ਦੀ ਖੁਆਇਸ਼ ਹੈ, ਉਥੇ ਭਵਿੱਖ ਵਿਚ ਵੀ ਪੰਜਾਬੀ ਸਿਨੇਮੇ ਤੋਂ ਅਜਿਹੀਆਂ ਸਸਪੈਂਸ ਅਤੇ ਰੌਚਿਕਤਾ ਭਰਪੂਰ ਹੋਰ ਫ਼ਿਲਮਾਂ ਦੀ ਉਡੀਕ ਰਹੇਗੀ।

## ਅੱਜ ਆਇਆ ਨਵਾਂ ਸਾਲ

ਅੱਜ ਆਇਆ ਨਵਾਂ ਸਾਲ,
ਲੋਕੀਂ ਪਾਉਂਦੇ ਨੇ ਧਮਾਲ,
ਸੱਜਣਾ ਨੂੰ ਦੇਣ ਵਧਾਈਆਂ,
ਰਲ ਮਿਲ ਸਾਰਿਆਂ ਨੇ,
'ਕੱਠਿਆਂ ਨੇ ਖੁਸ਼ੀਆਂ ਮਨਾਈਆਂ।

ਨੀਝ ਲਾਈ ਤੱਕਦੇ ਜਿਉਂ ਨਵੀਂ ਬਹੂ ਆਈ ਹੋਵੇ,
ਚੜ੍ਹਿਆ ਹੈ ਚਾਅ ਜਿਉਂ ਕੱਲ੍ਹ ਹੀ ਵਿਆਹੀ ਹੋਵੇ,
ਨੱਚ ਨੱਚ ਨੇ ਮਨਾਉਂਦੇ,
ਭੁੰਜੇ ਅੱਡੀ ਨਹੀਂ ਲਾਉਂਦੇ,
ਦੂਹਰੇ ਹੋ ਲੁੱਡੀਆਂ ਪਾਈਆਂ,
ਰਲ ਮਿਲ ਸਾਰਿਆਂ ਨੇ...।

ਯਾਰ ਸਜਾਕੇ ਮਹਿਫ਼ਿਲ ਬੈਠੇ ਦੁੱਖ ਸੁੱਖ ਭੁੱਲੇ ਸਾਰੇ,
ਪੈਲਾਂ ਪਾਉਂਦੇ ਮੋਰ ਵਾਂਗਰਾਂ ਲੁੱਟਦੇ ਨੇ ਖੂਬ ਨਜ਼ਾਰੇ,
ਡਗਾ ਡਮ ਡਮ ਵੱਜੇ,
ਨੱਚ ਨੱਚ ਨਹੀਂ ਰੱਜੇ,
ਡੀ.ਜੇ. ਪਾਉਂਦਾ ਦੁਹਾਈਆਂ,
ਰਲ ਮਿਲ ਸਾਰਿਆਂ ਨੇ......

ਸ਼ਾਲਾ ਮਿਟੇ ਬਿਖੇੜਾ ਪਾਇਆ ਜ਼ਾਲਿਮਾਂ ਨੇ ਜਿਹੜਾ,
ਰਹੇ ਸ਼ਾਂਤੀ ਦਾ ਵਸੇਰਾ ਨਾਲੇ ਸੁਖੀ ਵਸੇ ਹਰ ਵਿਹੜਾ,
ਜੱਗ ਰੱਖੋ ਠੰਢਾ ਜੇਰਾ,
ਘੁੱਗ ਵਸੇ ਦੇਸ਼ ਮੇਰਾ,
'ਨੂਰਪੁਰੀ' ਨੇ ਦੁਹਰਾਈਆਂ
ਰਲ ਮਿਲ ਸਾਰਿਆਂ ਨੇ...

-ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲ USA

## ਨਵੇਂ ਸਾਲ ਵਿਚ

ਅਲਵਿਦਾ ਤੈਨੂੰ ਖਤਮ ਹੋਣ ਵਾਲੇ ਸਾਲਾ,
ਸਾਰੇ ਖੁਸ਼ ਵਸਣ ਨਵੇਂ ਸਾਲ ਵਿਚ ਸ਼ਾਲਾ!
ਐਵੇਂ ਆਪਸ ਦੇ ਵਿਚ ਲੋਕੀਂ ਲੜਨ ਨਾ,
ਇਕ, ਦੂਜੇ ਦੇ ਰਾਹ 'ਚ ਰੋੜਾ ਬਣਨ ਨਾ।
ਨਸ਼ਿਆਂ ਤੋਂ ਦੂਰ ਰਹਿਣ ਸਭ ਦੇ ਪੁੱਤ, ਧੀਆਂ,
ਸਭ ਦੇ ਘਰਾਂ 'ਚ ਆਣ ਖੇੜੇ ਤੇ ਖੁਸ਼ੀਆਂ।
ਕੋਈ ਜਾਵੇ ਨਾ ਰੋਟੀ ਲਈ ਬਦੇਸ਼ ਵਿਚ,
ਸਭ ਨੂੰ ਰੁਜ਼ਗਾਰ ਮਿਲੇ ਆਪਣੇ ਦੇਸ਼ ਵਿਚ।
ਸਭ ਕੁੜੀਆਂ ਪੜ੍ਹਨ ਜਾਣ ਬੇਖੌਫ਼ ਹੋ ਕੇ,
ਰਾਹ 'ਚ ਉਨ੍ਹਾਂ ਨੂੰ ਕੋਈ ਦਰਿੰਦਾ ਨਾ ਰੋਕੇ।
ਦੋ ਵੇਲੇ ਦੀ ਰੋਟੀ ਹਰ ਕਿਸੇ ਨੂੰ ਮਿਲੇ,
ਬਾਜ਼ਾਰਾਂ 'ਚ ਕੋਈ ਭਿਖਾਰੀ ਨਾ ਦਿਸੇ।
ਫੁੱਟ-ਪਾਥਾਂ 'ਤੇ ਕੋਈ ਰਾਤਾਂ ਨਾ ਕੱਟੇ,
ਪਾਵੇ ਨਾ ਕੋਈ ਫਟੇ, ਪੁਰਾਣੇ ਕੱਪੜੇ।
ਜ਼ਾਤਾਂ-ਪਾਤਾਂ ਦੀ ਕੋਈ ਗੱਲ ਕਰੇ ਨਾ,
ਧਰਮਾਂ ਦੇ ਨਾਂ 'ਤੇ ਕੋਈ ਝਗੜੇ, ਲੜੇ ਨਾ।

-ਮਹਿੰਦਰ ਸਿੰਘ ਮਾਨ, ਨਵਾਂ ਸ਼ਹਿਰ
ਫੋਨ : 99158-03554



ਪੰਜਾਬ ਮੇਲ USA

## ਗੁਰੂ ਗੋਬਿੰਦ ਆਗਮਨ 'ਤੇ

1. ਕੈਸਾ ਦਿਨ ਚੜ੍ਹਿਆ ਦਿਲ ਖੂਬ ਖਿੜਿਆ, ਐਪਰ ਸ਼ਬਦ ਜ਼ਬਾਨ 'ਤੇ ਕਿਵੇਂ ਆਵੇ?
ਮੇਰੀ ਨਿੱਕੀ ਅੰਞਾਣੀ ਜਿਹੀ ਕਲਮ ਕੋਲੋਂ, ਖੁਸ਼ੀ ਭਾਰ ਨਾ ਚੁੱਕਿਆ ਮੂਲ ਜਾਵੇ।
ਥੋੜੀ ਮਿਹਰ ਕਰ ਤੇ ਬਲ ਬਖਸ਼ ਇੰਨਾ, ਤਾਂ ਜੋ ਯਾਦ ਵਿਚ ਤੇਰੀ ਕੋਈ ਗੀਤ ਗਾਵੇ।
ਸਿਰੋਂ ਪੈਰਾਂ ਤੱਕ ਔਗੁਣਾਂ ਨਾਲ ਭਰਿਆ, ਗਾਉਣੇ ਗੁਣ ਗੁਣਵਾਨ ਦੇ ਅੱਜ ਚਾਹਵੇ।

2. ਜਦੋਂ ਹਿੰਦ ਦੀ ਸੋਹਣੀ ਇਸ ਧਰਤ ਉੱਤੇ, ਅਤਿ ਜ਼ੁਲਮ ਨੇ ਸੱਜਣਾ ਚਾਈ ਹੋਈ ਸੀ।
ਸਿੱਖਿਆ ਦਿੱਤੀ ਸੀ ਜੋ ਤੇਰੇ ਵੱਡਿਆਂ ਨੇ, ਉਹ ਤਾਂ ਉੱਕਾ ਹੀ ਦਿਲੋਂ ਭੁਲਾਈ ਹੋਈ ਸੀ।
ਮੁਸਲਿਮ ਜ਼ਾਲਮ ਔਰੰਗੇ ਦੇ ਰਾਜ ਹੇਠਾਂ, ਹਿੰਦੂ ਧਰਮ ਨੇ ਪੱਤ ਗਵਾਈ ਹੋਈ ਸੀ।
ਨਿਆਂ ਹੱਕ ਨਹੀਂ ਸੀ ਲੱਭਦਾ ਲੱਭਿਆਂ ਤੋਂ, ਸਗੋਂ ਜਬਰ ਹਨੇਰੀ ਚੜ੍ਹ ਆਈ ਹੋਈ ਸੀ।

3. ਉਦੋਂ ਵਿਚ ਪਟਨੇ ਜਨਮ ਧਾਰਿਆ ਤੂੰ, ਚੋਜ ਚੋਜ਼ੀਆ ਖੂਬ ਦਿਖਾਣ ਦੇ ਲਈ।
ਭੁੱਲੇ ਭਟਕਿਆਂ ਨੂੰ ਰਾਹੇ ਪਾਣ ਦੇ ਲਈ, ਡੁੱਬਦੀ ਹਿੰਦ ਨੂੰ ਪਾਰ ਲੰਘਾਣ ਦੇ ਲਈ।
ਬਾਜ਼ ਚਿੜੀਆਂ ਕੋਲੋਂ ਤੁੜਵਾਣ ਦੇ ਲਈ, ਸੇਰ ਗਿੱਦੜਾਂ ਤਾਂਈਂ ਬਣਾਣ ਦੇ ਲਈ।
ਜ਼ੋਰ ਜ਼ੁਲਮ ਤਾਂਈ ਖੁੰਜੇ ਲਾਣ ਦੇ ਲਈ, ਨਵਾਂ ਖਾਲਸਾ ਪੰਥ ਸਜਾਣ ਦੇ ਲਈ।

4. ਮਾਤਾ ਗੁਜਰੀ ਦੀ ਕੁੱਖ ਨੂੰ ਭਾਗ ਲੱਗਾ, ਸਾਰੇ ਜੱਗ ਤਾਂਈ ਨੂਰੋ ਨੂਰ ਕੀਤਾ।
ਭੀਖਮ ਗਿਆ ਭਰਮਾਇਆ ਤੋ ਪਰਖਣੇ ਨੂੰ, ਦਿਲ ਓਸ ਦੇ ਉਹਨੂੰ ਮਜਬੂਰ ਕੀਤਾ।
ਆਸਾਂ ਨਾਲ ਉਸ ਕੁਜ਼ੀਆਂ ਦੋ ਲੈ ਕੇ, ਮੁੱਖ ਪਟਨੇ ਵੱਲ ਜ਼ਰੂਰ ਕੀਤਾ।
ਦੋਵਾਂ ਉੱਤੇ ਟਿਕਾਇ ਕੇ ਹੱਥ ਬਾਲੇ, ਤੂੰ ਤਾਂ ਓਸ ਦੇ ਭਰਮ ਨੂੰ ਚੂਰ ਕੀਤਾ ।

5. ਸੁਰਤ ਸੰਭਲੀ ਤਾਂ ਨਾਲ ਹਾਣੀਆਂ ਦੇ, ਖੇਡਾਂ ਸੋਹਣੀਆਂ ਖੂਬ ਦਿਖਾਈਆਂ ਸੀ ਤੂੰ।
ਵਿਚ ਵਿੱਦਿਆ ਖੂਬ ਨਿਪੁੰਨ ਹੋਇਆ, ਜਿਸਦਾ ਅਜ਼ਬ ਹੀ ਕਰਦਾ ਪੜ੍ਹਾਈਆਂ ਸੀ ਤੂੰ।
ਕਿਧਰੇ ਨੀਤੀਆਂ ਨਵੀਆਂ ਹੀ ਜੰਗ ਦੀਆਂ, ਖੋਜ ਖੋਜ਼ੀਆਂ ਆਪ ਚਲਾਈਆਂ ਸੀ ਤੂੰ।
ਦੋ-ਦੋ ਜੁੱਟ ਬਣਾਇ ਕੇ ਸਾਥੀਆਂ ਦੇ, ਨਾਲ ਕਾਨੀਆਂ ਕਰਦਾ ਲੜਾਈਆਂ ਸੀ ਤੂੰ।

6. ਆਨੰਦਪੁਰ ਵਿਚ ਲਾ ਦਰਬਾਰ ਸੋਹਣਾ, ਅਜਬ ਖਾਲਸਾ ਪੰਥ ਤਿਆਰ ਕੀਤਾ।
ਆਪਣੇ ਹੱਕਾਂ ਲਈ ਸਾਨੂੰ ਸੁਚੇਤ ਕੀਤਾ, ਸਾਡੇ ਉੱਤੇ ਤੂੰ ਕੇਹਾ ਉਪਕਾਰ ਕੀਤਾ।
ਇੱਕੋ ਬਾਟੇ ਵਿਚ ਅੰਮ੍ਰਿਤ ਛਕਾ ਸਭਨੂੰ, ਸੋਹਣਾ ਏਕਤਾ ਦਾ ਸੀ ਪ੍ਰਚਾਰ ਕੀਤਾ।
ਸੱਚ ਹੱਕ ਲਈ ਜ਼ੁਲਮ ਖਿਲਾਫ਼ ਲੜਨਾ, ਖੂਬ ਖਾਲਸੇ ਤਾਈਂ ਹੁਸ਼ਿਆਰ ਕੀਤਾ।

7. ਖੁਦ ਪ੍ਰੀਤਮਾ ਤੂੰ ਲੜਦਾ ਰਿਹਾ ਵੀ ਸੀ, ਜ਼ਬਰ-ਜ਼ੁਲਮ ਨੂੰ ਜੜੋਂ ਮਿਟਾ ਗਿਆ ਸੀ।
ਕੌਮ ਲਈ ਤੂੰ ਵਾਰ ਸਰਬੰਸ ਆਪਣਾ, ਜ਼ਿੰਦ ਆਪ ਇਹਦੇ ਲੇਖੇ ਲਾ ਗਿਆ ਸੀ।
ਜੜ੍ਹਾਂ ਵਿਚ ਤੂੰ ਪਾਇਆ ਏ ਖੂਨ ਆਪਣਾ, ਨਾਨਕ ਸਿੱਖੀ ਦਾ ਬੂਟਾ ਲਗਾ ਗਿਆ ਸੀ।
'ਜਾਣੋ ਇੱਕ ਸਭ ਜਾਤ ਮਨੁੱਖ ਦੀ ਨੂੰ,' ਸਭ ਨੂੰ ਏਕਤਾ-ਸਬਕ ਪੜ੍ਹਾ ਗਿਆ ਸੀ।

8. ਕਦੇ ਜਿਹੜਿਆਂ ਹੱਥਾਂ ਚੋਂ ਤੇਗ ਉੱਠੀ, ਉਨ੍ਹਾਂ ਹੱਥਾਂ 'ਚੋਂ ਵੱਜੀ ਰਬਾਬ ਤੇਰੀ।
ਭਗਤੀ ਅਪਰ-ਅਪਾਰ ਦਸ਼ਮੇਸ਼ ਤੇਰੀ, ਸ਼ਕਤੀ ਆਵੇ ਨਾ ਵਿਚ ਹਿਸਾਬ ਤੇਰੀ।
ਗ੍ਰੰਥ-ਪੰਥ ਨੂੰ ਆਪਣਾ ਗੁਰੂ ਦੱਸੇਂ, ਬਾਣੀ-ਬਾਣੇ ਦੀ ਸ਼ੋਭਾ ਸ਼ਬਾਬ ਤੇਰੀ।
ਸੂਲਾਂ ਰਾਹੀਂ ਮੁਰੀਦਾਂ ਦਾ ਹਾਲ ਦੱਸੇ, ਮਿੱਤਰ ਪਿਆਰੇ ਨੂੰ ਬਾਣੀ ਗੁਲਾਬ ਤੇਰੀ।

9. ਲੋੜ ਹਿੰਦ ਨੂੰ ਫੇਰ ਗੋਬਿੰਦ ਦੀ ਹੈ, ਮੁਲਕ ਢਾਹ ਬੈਠਾ ਅੱਜ ਫੇਰ ਢੇਰੀ।
ਰੱਜੇ ਫਾਹੀਆਂ ਦੇ ਅਤੇ ਗੁਲਾਮੀਆਂ ਦੇ, ਆ ਕੇ ਕੱਟ ਜਾਏ ਦਾਤਿਆ ਤੇਗ ਤੇਰੀ।
ਮੈਂ ਨਿਤਾਣਾ ਹਾਂ ਕਰ ਕੁਝ ਸਕਦਾ ਨਹੀਂ, ਲਗਨ ਕਰਨ ਦੀ ਡੂੰਘੀ ਪਰ ਬੜੀ ਮੇਰੀ।
ਬੱਸ ਨਿਗਾਹ ਸਵੱਲੀ ਦੀ ਲੋੜ ਇੱਕੋ, ਮੇਰੇ ਪ੍ਰੀਤਮਾ ਕਾਸ ਤੋਂ ਲਾਈ ਦੇਰੀ?

10. ਤੇਰੀ ਯਾਦ ਵਿਚ ਡੁੱਲਦੇ ਹੰਝੂਆਂ ਨੂੰ, ਮਾਲਾ ਵੱਖਰੀ ਵਿਚ ਪਰੋ ਦਾਤਾ।
ਜੋਤ ਜਗੇ ਜਿਹੜੀ ਨੂਰ ਦਏ ਮੈਨੂੰ, ਜ਼ਰਾ ਸਾਹਮਣੇ ਨੈਣਾਂ ਦੇ ਹੋ ਦਾਤਾ।
ਦਾਗ਼ ਦਿਲ 'ਤੇ ਜੋ ਪਾਏ ਔਗੁਣਾਂ ਨੇ, ਪਾ ਕੇ ਝਾਤ ਦੇ ਸਾਰੇ ਓਹ ਧੋ ਦਾਤਾ।
ਸ਼ਕਤੀ "ਤੇਗ" ਦੀ ਤੇਰੀ ਅਣਮੋਲ ਜਿਹੜੀ, ਨਿੱਕੀ "ਕਲਮ" ਦੇ ਵਿਚ ਸਮੋ ਦਾਤਾ।

11. ਮਿਹਰ ਜ਼ਰਾ ਕੁ ਕਰ ਫਿਰ ਕਸਮ ਤੇਰੀ, ਸਦਾ ਤੇਰੇ ਹੀ ਗੁਣ ਬੱਸ ਗਾਵਾਂਗਾ ਮੈਂ।
ਬਦੀਆਂ ਅਤੇ ਬੁਰਾਈਆਂ ਨੂੰ ਦੂਰ ਕਰਸਾਂ, 'ਚੰਗ' ਨਵਾਂ ਹੀ ਕੋਈ ਅਪਣਾਵਾਂਗਾ ਮੈਂ ।
ਭਾਈਚਾਰਾ,ਪਿਆਰ ਤੇ ਏਕਤਾ ਦਾ,ਝੰਡਾ ਜੱਗ ਵਿੱਚ ਮਾਹੀਆ ਝੁਲਾਵਾਂਗਾ ਮੈਂ ।
ਮੇਰੇ ਦਾਤਿਆ, ਚੋਜ਼ੀਆ,ਪ੍ਰੀਤਮਾ ਵੇ, ਸੱਚੇ-ਨਾਮ ਦੇ ਪੂਰਨੇ ਪਾਵਾਂਗਾ ਮੈਂ ।

-ਜਸਵਿੰਦਰ ਸਿੰਘ ਰੁਪਾਲ, ਲੁਧਿਆਣਾ
98147-15796



ਪੰਜਾਬ ਮੇਲ USA

## ਲੱਭੋ ਅਕਾਲੀ ਫੂਲਾ

ਕਿਤਿਉਂ ਲਿਆਵੋ ਲੱਭ ਕੇ, ਹੁਣ ਅਕਾਲੀ ਫੂਲਾ,
ਜਿਸ ਦਾ ਹਰ ਇੱਕ ਫੈਸਲਾ, ਸੀ ਬਾ ਅਸੂਲਾ।

ਬੜ੍ਹਕ ਜਿਸ ਦੀ ਸੁਣ ਕੇ, ਰਣਜੀਤ ਸੀ ਡਰਿਆ,
ਰਾਜਾ ਬਣ ਵੀ ਨਾ ਕਰ ਸਕਿਆ, ਉਹ ਹੁਕਮ ਅਦੂਲਾ।

ਨਹੀਂ ਪਰਵਾਹ ਹੁਣ ਗੁਰੂ ਦੀ, ਨਾ ਮਰਯਾਦਾ ਦੀ,
ਜਥੇਦਾਰ ਬਚਾਉਂਦੇ ਫਿਰਦੇ, ਸਿਰਫ ਆਪਣਾ ਚੂਲ੍ਹਾ।

ਊਜਾਂ ਇੱਕ ਦੂਜੇ 'ਤੇ ਲਾਂਵਦੇ, ਸਭ ਦਿਨ ਤੇ ਰਾਤੀਂ,
ਸੱਚਾ ਬਣ ਬਣ ਦੱਸਦਾ, ਹਰ ਝੂਠਾ ਝਠੂਲਾ।

ਅਕਾਲ ਤਖਤ ਦੇ ਫਤਵੇ, ਹੋ ਗਏ ਹਾਸੋਹੀਣੇ,
ਸਿੱਖੀ ਉੱਤੇ ਨਿੱਤ ਹੋ ਰਿਹਾ, ਹਾਸਾ ਮਸ਼ਕੂਲਾ।

ਕੌਣ ਕਿਸ ਨੂੰ ਇਨਸਾਫ ਦਊ, ਸਮਝ ਨ੍ਹੀਂ ਆਉਂਦੀ,
ਦਾਗ਼ਦਾਰ ਹਰ ਦਾਮਨ ਹੈ, ਬੱਸ ਭਟਕਿਆ ਭੂਲਾ।

ਧੌਂਸਾਂ ਸਭ ਦਿਖਲਾਂਵਦੇ, ਨਿੱਤ ਹੀ ਵਧ ਚੜ੍ਹਕੇ,
ਹਰ ਇਕ ਦੂਜੇ 'ਤੇ ਹੋ ਰਿਹਾ, ਹੈ ਅੱਗ ਬਗੂਲਾ।

ਨਜ਼ਰ ਇਨ੍ਹਾਂ ਨੂੰ ਆਂਵਦੀ, ਨਹੀਂ ਹੁੰਦੀ ਹੇਠੀ,
ਆਪਣੀ ਆਪਣੀ ਪੁਗਾ ਰਿਹਾ, ਹਰ ਹਠੀ ਹਠੂਲਾ।

ਕਿਤਿਉਂ ਲਿਆਵੋ ਲੱਭ ਕੇ, ਹੁਣ ਅਕਾਲੀ ਫੂਲਾ,
ਜਿਸ ਦਾ ਹਰ ਇੱਕ ਫੈਸਲਾ, ਸੀ ਬਾ ਅਸੂਲਾ।

-ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.



ਪੰਜਾਬ ਮੇਲ USA

## ਵਕਤ ਦਾ ਪਹੀਆ

ਦਿਨ ਤੇ ਸਾਲ -ਮਹੀਨੇ, ਮੁੱਕੀ ਜਾਂਦੇ ਆ
ਇਹ ਝੰਗ ਝਮੇਲਾ ਤੇਰਾ, ਸੋਹਣਿਆ ਮੁੱਕਣਾ ਨਹੀਂ
ਜ਼ਿੰਦਗੀ ਵਾਲੀ ਗੱਡੀ ਇੱਕ ਦਿਨ ਰੁੱਕ ਜਾਣੀ
ਸਮੇਂ ਦਾ ਪਹੀਆ ਮਿੱਤਰਾ, ਕਦੇ ਵੀ ਰੁੱਕਣਾ ਨਹੀਂ

ਇਸ ਮਾਇਆ ਦੇ ਪਿੱਛੇ, ਭੱਜੀ ਫਿਰਦਾ ਏਂ
ਫੁੱਲ ਸਪੀਡ 'ਤੇ ਗੱਡੀ, ਦੱਬੀ ਫਿਰਦਾ ਏਂ
ਸਾਹਾਂ ਵਾਲੀ ਡੋਰ ਤਾਂ, ਇੱਕ ਦਿਨ ਟੁੱਟਣੀ ਏ
ਤੇਰੀ ਤਮਾ ਦਾ ਧਾਗਾ, ਮਿੱਤਰਾ ਟੁੱਟਣਾ ਨਹੀਂ
ਜ਼ਿੰਦਗੀ ਵਾਲੀ ਗੱਡੀ, ਇੱਕ ਦਿਨ ਰੁਕ ਜਾਣੀ
ਵਕਤ ਦਾ ਪਹੀਆ ਮਿੱਤਰਾ, ਕਦੇ ਵੀ ਰੁਕਣਾ ਨਹੀਂ

ਕਿਹੜੇ ਕੰਮ ਤੂੰ ਆਇਆ, ਕਿੱਥੇ ਜਾਣਾ ਏ
ਅਮਲਾਂ ਵਾਲਾ ਖੱਤਾ, ਕਦ ਤੂੰ ਵਾਹੁਣਾ ਏ
ਸਾਹਾਂ ਵਾਲਾ ਘੜਾ ਇਹ ਚੋਈ ਜਾਂਦਾ ਏ
ਇਹ ਨਾ ਸੋਚੀਂ ਰੁੱਖ ਜਿਸਮ ਦਾ ਸੁੱਕਣਾ ਨਹੀਂ
ਜ਼ਿੰਦਗੀ ਵਾਲੀ ਗੱਡੀ ਇੱਕ ਦਿਨ ਰੁੱਕ ਜਾਣੀ
ਸਮੇਂ ਦਾ ਪਹੀਆ ਮਿੱਤਰਾ, ਕਦੇ ਵੀ ਰੁਕਣਾ ਨਹੀਂ

ਜਦ ਤੱਕ ਜੇਬਾਂ ਭਰੀਆਂ, ਮੇਲਾ ਭਰਿਆ ਰਹੂ
ਹਰ ਕੋਈ ਆ ਕੇ ਤੇਰੇ ਸਿਰ 'ਤੇ, ਚੜ੍ਹਿਆ ਰਹੂ
ਜਦ ਇਹ ਪਿੰਜਰ ਮੰਜੇ ਉੱਤੇ ਪੈ ਜਾਣਾ
ਡਾਣਸੀਵਾਲੀਆ ਹਾਲ ਕਿਸੇ ਨੇ ਪੁੱਛਣਾ ਨਹੀਂ
ਜ਼ਿੰਦਗੀ ਵਾਲੀ ਗੱਡੀ ਇੱਕ ਦਿਨ ਰੁੱਕ ਜਾਣੀ
ਵਕਤ ਦਾ ਪਹੀਆ ਮਿੱਤਰਾ, ਕਦੇ ਵੀ ਰੁਕਣਾ ਨਹੀਂ

ਕੁਲਵੀਰ ਸਿੰਘ ਡਾਨਸੀਵਾਲ, ਸਰ੍ਹੀ,
ਬੀ.ਸੀ. ਕੈਨੇਡਾ
778-863-2472



ਪੰਜਾਬ ਮੇਲ USA

## 'ਨਵੇਂ ਸਾਲ ਹਰ ਘਰ ਖੁਸ਼ੀਆਂ ਆਉਣ''

ਸਾਲ ਪੁਰਾਣਾ ਲੰਘਿਆ ਖੁਸ਼ੀਆਂ ਗਮੀਆਂ ਨਾਲ
ਕਈਆਂ ਕੋਲ ਕਰੋੜਾਂ ਕਈ ਜੂਝੇ ਕਮੀਆਂ ਨਾਲ
ਮੇਰੀ ਹੈ ਅਰਦਾਸ ਸਾਰੇ ਸੁਖ ਪਾਉਣ ਮਾਲਕਾ।
ਨਵੇਂ ਸਾਲ ਵਿਚ ਹਰ ਘਰ ਖੁਸ਼ੀਆਂ ਆਉਣ ਮਾਲਕਾ।

ਦੇਸ਼ 'ਚ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮਿਲੇ
ਹਰ ਵਰਗ ਨੂੰ ਹਰ ਥਾਂ 'ਤੇ ਸਤਿਕਾਰ ਮਿਲੇ
ਇੱਕ ਦੂਜੇ ਨੂੰ ਹੱਸਕੇ ਲੋਕ ਬੁਲਾਉਣ ਮਾਲਕਾ।
ਨਵੇਂ ਸਾਲ ਵਿਚ... ... ... ...।

ਸਭ ਲਈ ਰੋਟੀ, ਕੱਪੜਾ ਅਤੇ ਮਕਾਨ ਹੋਵੇ
ਭੁੱਖਾ ਨਾ ਕੋਈ ਦੁਨੀਆਂ 'ਤੇ ਇਨਸਾਨ ਸੌਵੇ
ਸਭ ਦੇ ਕਾਰਜ ਰਾਸ ਹਮੇਸ਼ਾ ਹੋਣ ਮਾਲਕਾ।
ਨਵੇਂ ਸਾਲ ਵਿਚ... ... ... ...।

ਸਭ ਮਾਵਾਂ ਦੀਆਂ ਧੀਆਂ ਤੇ ਪੁੱਤ ਵਸਦੇ ਰਹਿਣ
ਘਰਾਂ 'ਚ ਪੈਣ ਨਾ ਫੁੱਟਾਂ ਚੇਹਰੇ ਹਸਦੇ ਰਹਿਣ
ਮਾਪਿਆਂ ਦੀ ਪੁੱਤ ਪਿਆਰੇ ਸੇਵ ਕਮਾਉਣ ਮਾਲਕਾ।
ਨਵੇਂ ਸਾਲ ਵਿਚ... ... ... ...।

ਮਜ਼ਦੂਰ ਕਿਸਾਨਾਂ ਦੀ ਵੀ ਚੜ੍ਹਦੀ ਕਲਾ ਹੋਵੇ
"ਮਲਕੀਤ" ਦੀ ਇਹ ਅਰਦਾਸ ਸਰਬੱਤ ਦਾ ਭਲਾ ਹੋਵੇ
ਮਾਲਕਾ।
ਰਲਕੇ ਸਾਰੇ ਨਵਾਂ ਇਹ ਸਾਲ ਮਨਾਉਣ ਮਾਲਕਾ।
ਨਵੇਂ ਸਾਲ ਵਿਚ... ... ... ...।

ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 94174-90943



ਪੰਜਾਬ ਮੇਲ USA


RE/MAX
RE/MAX
Outstanding Agents
Outstanding Results®
DRE Lic. # 01215931 (Broker)
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com